# ਵਰਿਆਮ

੪੧ਵਾਂ ਸਾਲ

ਮਾਰਚ-੨੦੧੬

ਸਿੱਖੀ ਬਾਗ ਖਿਜਾਂ ਜਦ ਛੁਹਿਆ, ਭਾਵਿਚ ਪਤ੍ਰ ਬਿਨ ਸਾਇਆ। ਰੂਪ ਬਸੰਤ ਦਾ ਧਾਰ ਕੇ, ਬਾਬਾ ਦਿਨ ਬਸੰਤ ਦੇ ਆਇਆ॥

ਜੰਗ-ਏ-ਆਜ਼ਾਦੀ ਦੇ ਮੋਢੀ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੂਸਰੀ ਪ੍ਰਕਾਸ਼-ਸ਼ਤਾਬਦੀ ਸਮਾਰੋਹ

Sri Satguru Ram Singh Ji
Pioneer of
Indian Freedom Struggle
Bicentennial
Birth Celebration



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੂਸਰੀ ਪ੍ਰਕਾਸ਼-ਸ਼ਤਾਬਦੀ ਸਮਾਰੋਹ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਹੇਠ ਸ੍ਰੀ ਭੈਣੀ ਸਾਹਿਬ ਵਿਖੇ 12 ਫ਼ਰਵਰੀ 2016 ਨੂੰ ਮਨਾਇਆ ਗਿਆ ਮੰਚ ਤੇ ਸੁਸ਼ੋਭਿਤ ਸ੍ਰੀ ਸਤਿਗੁਰੂ ਜੀ ਅਤੇ ਪਤਵੰਤੇ ਗੁਣੀਜਨ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਗੁਰਬਾਣੀ ... ਹਜ਼ੂਰੀ ਵਿੱਚ ਹੋਏ ਅਨੰਦ...

Namdhari Elibrary NamdhariElibrary@gmail.com

25/-

P.O. Regd. No. PB/JL-016/2015-2017 **WARIAM** Ladowali Road, Jalandhar -144001
Regd. RNI No. 26453/75
**March :2016**


# Reliable Performance




**Consistence Performers, Suited to all market needs with high yield, quality & disease resistant.**

**NAMDHARI SEEDS PVT. LTD.**

Bidadi 562 109 Bangalore • Tel.: 98454 71271/72, 98453 81817/ 98453 10057
Liaison Office : Tel.: 080 28602167/ 69 • Fax : 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*


ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

Namdhari Elibrary NamdhariElibrary@gmail.com



ਵਰਿਆਮ ਪਰਿਵਾਰ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਰਿਆਮ ਦਾ ਵਿਸ਼ੇਸ਼ ਅੰਕ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੂੰ ਭੇਂਟ ਕਰਦੇ ਹੋਏ ਵਰਿਆਮ ਜੀ ਦੀਆਂ ਸਪੁੱਤਰੀਆਂ ਸੱਤਵੰਤ ਕੌਰ ਫਲੌਰਾ, ਡਾ. ਰਾਜਵੰਤ ਅਤੇ ਦੋਹਤਰਾ ਅਕਸ ਸੰਗੂ



ਪ੍ਰਸਿੱਧ ਲੇਖਕ ਅਤੇ ਇਤਿਹਾਸਕਾਰ ਸੰਤ ਤਾਰਾ ਸਿੰਘ ਅਨਜਾਣ ਸਤਿਜੁਗ ਦਾ ਸ਼ਤਾਬਦੀ ਕਲੈਂਡਰ ਸ੍ਰੀ ਸਤਿਗੁਰੂ ਜੀ ਨੂੰ ਭੇਂਟ ਕਰਦੇ ਹੋਏ ਸ੍ਰੀ ਭੈਣੀ ਸਾਹਿਬ



ਸੰਤ ਆਸਾ ਸਿੰਘ ਦਿੱਲੀ ਉਸਤਾਦ ਅਮਜਦ ਅਲੀ ਖਾਨ ਜੀ ਨੂੰ ਗੁਰੂ ਧਾਰਨ ਕਰਦੇ ਹੋਏ




Namdhari Elibrary NamdhariElibrary@gmail.com

# ਵਰਿਆਮ

ਮਾਰਚ - ੨੦੧੬

ਜਿਲਦ-੪੧

ਅੰਕ- ੫



ਸੰਪਾਦਕ

**ਜਗਦੀਸ਼ ਸਿੰਘ 'ਵਰਿਆਮ'**

ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ

ਮੋਬ.- 98143-18720

**ਮੈਨੇਜਰ : ਡਾ. ਰਾਜਵੰਤ**

ਮੋਬਾਇਲ : 98786-16996

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੫-੦੦ |
| ਸਲਾਨਾ ਚੰਦਾ | ੨੫੦-੦੦ |
| ਪੰਜ ਸਾਲ ਲਈ | ੧੦੦੦-੦੦ |
| ਜੀਵਨ ਮੈਂਬਰ | ੨੫੦੦-੦੦ |
| ਵਿਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਹਵਾਈ ਡਾਕ ਰਾਹੀਂ | (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ

ਹੀ ਭੇਜੇ ਜਾਣ

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ- ਸੱਚ ਨਿਆਇ ਲਈ ਸੰਘਰਸ਼ ....................੨

ਫੱਗਣ ਖੇਡਾਂਗੇ ਹੋਲੀ ....................੪

—ਜਗਦੀਸ਼ ਸਿੰਘ

ਸ਼੍ਰੋਮਣੀ ਜਥੇਦਾਰ ਸੇਵਾ ਸਿੰਘ ਜੀ ਦਿੱਲੀ ....................੭

—ਜਗਦੀਸ਼ ਸਿੰਘ

ਕੂਕਾ ਲਹਿਰ ਦੇ ਅਮਰ ਨਾਇਕ : ....................੧੨

—ਸੁਵਰਨ ਸਿੰਘ ਵਿਰਕ

ਸਭਹਨ ਕੇ ਸਿਰਮੌਰ ....................੨੧

—ਤਾਰਾ ਸਿੰਘ ਅਨਜਾਣ

ਮਸੀਹਾ ....................੨੪

—ਲਖਵਿੰਦਰ ਸਿੰਘ ਬਾਜਵਾ

ਸੇਠ ਤ੍ਰਿਲੋਕ ਸਿੰਘ ਜੀ ਚਾਵਲਾ ....................੨੬

ਨੋਬਲ ਪ੍ਰਾਈਜ਼ ਦਵਾਉਣ ਵਾਲੀਆਂ ਦਵਾਈਆਂ ....................੨੭

—ਡਾ. ਹਰਸ਼ਿੰਦਰ ਕੌਰ, ਐਮ. ਡੀ.

ਪ੍ਰਗਟੇ ਗੋਪਾਲ ਲਾਲ ਸਤਿਗੁਰੂ ਰਾਮ ਸਿੰਘ ....................੨੭

—ਕਵੀਸ਼ਰ ਗੁਰਸੇਵਕ ਸਿੰਘ

ਆਓ ਕੁਝ ਸਬਕ ਸਿੱਖੀਏ ....................੩੧

—ਜਰਨੈਲ ਸਿੰਘ ਬੱਧਣ

ਬੀਤੇ ਦੀਆਂ ਯਾਦਾਂ ....................੩੨

—ਮਹਿੰਦਰ ਸਿੰਘ ਧੰਜਲ

ਚੌਥਾ : ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ....................੩੪

—ਹਰਪਾਲ ਸਿੰਘ ਸੇਵਕ

ਲਾਲਾ ਧਨੀ ਰਾਮ ਚਾਤ੍ਰਿਕ ਨੂੰ ਯਾਦ ਕਰਦਿਆਂ ....................੩੬

—ਭੁਪਿੰਦਰ ਉਸਤਾਦ

ਸੁਦਾਰਨੀ ਬਖਸ਼ੀਸ਼ ਕੌਰ ....................੪੨

—ਬਲਦੇਵ ਮਾਧੋਪੁਰੀ

ਜੀਵਨ ਸੰਗਰਾਮ ....................੪੪



**WARIAM** Current A/C No.

071300 5500 288 342

RTGS/NEFT IFS CODE : PUNB0071300

Punjab National Bank Central Town Jal. City

ਈ-ਮੇਲ ਪਤਾ :

jagdishsinghwariam@gmail.com

dr.rajwant@gmail.com





NamdhariElibrary NamdhariElibrary@gmail.com

# ਸੱਚ ਨਿਆਇ ਲਈ ਸੰਘਰਸ਼



ਮਾਰਚ ਦਾ ਮਹੀਨਾ ਭਾਰਤੀ ਪਰੰਪਰਾ ਅਤੇ ਪੌਰਾਣਿਕ ਹਵਾਲਿਆਂ ਅਨੁਸਾਰ ਹੋਲਕਾ-ਦਹਨ ਦੇ ਤਿਉਹਾਰ ਨੂੰ ਆਪਣੇ ਆਪ ਵਿਚ ਸੁਮੋਈ ਬੈਠਾ ਹੈ। ਇਸ ਮਹੀਨੇ ਿਵਚ ਹੋਲੀ ਦਾ ਤਿਉਹਾਰ ਆਉਂਦਾ ਹੈ, ਜਿਸ ਨੂੰ ਖਾਲਸ ਹੋਲੇ ਦੇ ਰੂਪ ਵਿਚ ਮਨਾਉਂਦਾ ਹੈ, ਪੂਰਨਮਾਸ਼ੀ ਦਾ ਦਿਨ ਹੁੰਦਾ ਹੈ।

ਹੋਲੀ, ਇਹ ਆਮ ਪਤਾ ਹੀ ਹੈ ਕਿ ਪ੍ਰਹਿਲਾਦ ਭਗਤ ਪ੍ਰਤੀ ਆਸਥਾ ਪੇਸ਼ ਕਰਦੀ ਹੈ ਤੇ ਪ੍ਰਹਿਲਾਦ ਭਗਤ ਆਪਣੀ ਪੂਜਾ ਕਰਵਾਉਣ ਵਾਲੇ ਰਾਜੇ ਹਰਨਾਕਸ਼ ਦੀ ਹਉਮੈ ਨੂੰ ਪੱਠੇ ਨਹੀ ਪਾਉਂਦਾ। ਬੇਸ਼ਕ ਹਰਨਾਕਸ਼ ਪ੍ਰਹਿਲਾਦ ਦਾ ਪਿਤਾ ਹੈ, ਪਰ ਜਦੋਂ ਉਹ ਆਪਣੇ ਆਪ ਨੂੰ ਰੱਬ ਸਮਝ ਬੈਠਦਾ ਹੈ। ਤਾਂ ਉਸਦੇ ਹੀ ਖਿਲਾਫ ਸੱਚ ਨਿਆਇ ਲਈ ਸੰਘਰਸ਼ ਬਾਹਰੋਂ ਨਹੀਂ ਘਰੋਂ ਹੀ ਸ਼ੁਰੂ ਹੋ ਜਾਂਦਾ ਹੈ ਉਸ ਦੇ ਪੁੱਤਰ ਰਾਹੀਂ। ਉਹ ਉਸ ਨੂੰ ਕਈ ਤਰ੍ਹਾਂ ਦੇ ਡਰ ਖੌਫ਼ ਵਿਖਾਉਂਦਾ ਹੈ, ਤਸੀਹੇ ਦਿੰਦਾ ਹੈ ਕਿ ਉਹ ਬੱਚਾ ਡਰ ਜਾਏ ਅਤੇ ਉਸਦੀ ਈਨ ਮੰਨੇ, ਪਰ ਪ੍ਰਹਿਲਾਦ ਉਸ ਵਿਰੁਧ ਖੜ੍ਹਾ ਰਹਿੰਦਾ ਹੈ। ਗੁਰੂ ਬਾਣੀ ਧਾਰਿਮਕ ਪੱਖ ਤੋ ਪੇਸ਼ ਕਰਦਿਆਂ ਲਿਖਦੀ ਹੈ ਕਿ

'ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦ ਤਰਾਇਆ'

ਭਾਵੇਂ ਉਸ ਸਮੇਂ ਲੋਕਾਂ ਨੂੰ ਵੀ ਸਮਝ ਆ ਗਈ ਹੋਵੇਗੀ ਪਰ ਦੁਸ਼ਟਾਂ ਦਾ ਖਾਤਮਾ ਨਹੀਂ ਹੋਇਆ। ਦੁਸ਼ਟਾਂ ਦੀ ਸਜਣਾਂ ਨਾਲ ਕਦੀ ਨਾ ਬਣੀ। ਕਿਉਂਕਿ ਇਕ ਪਾਸੇ ਸੱਚ ਰਿਹਾ, ਨਿਆਇ ਰਿਹਾ ਲੋਕਾਂ ਨੂੰ ਸੁਖੀ ਰੁਖਣ ਦੀ ਭਾਵਨਾ ਰਹੀ, ਚੰਗੇ ਕਰਮਾਂ ਵੱਲੋਂ ਲਾਉਣ ਲਈ ਪ੍ਰੇਰੱਣਾ ਰਹੀ ਤੇ ਇਕ ਦੂਜੇ ਦਾ ਦੁੱਖ ਦਰਦ ਵੰਡਾਉਣ ਵਿਚ ਸਹਾਇਤਾ ਬਣੀ ਰਹੀ। ਜਿਹੜੇ ਰਾਜੇ ਮਹਾਰਾਜੇ ਇਸ ਭਾਵਨਾ ਨਾਲ ਲੋਕਾਂ ਵਿਚ ਵਿਚਰਦੇ ਰਹੇ। ਉਹਨਾਂ ਲੋਕ ਭਲਾਈ ਨੂੰ ਮੁਖ ਰੱਖਣਾ ਹੈ ਉਹਨਾਂ ਨੂੰ ਧਰਮੀ ਰਾਜੇ ਕਿਹਾ ਗਿਆ।

ਦੇਸ਼ ਦੀ ਆਜ਼ਾਦੀ ਤੋਂ ਪਹਿਲਾ ਦਾ ਸੰਘਰਸ਼ ਵੀ ਸਵੈਰਾਜ ਦਾ ਸੰਘਰਸ਼ ਸੀ। ਧਰਮ ਦੇ ਰਾਜ ਦੀ ਗੱਲ ਸੀ। ਰਾਮ-ਰਾਜ ਲਿਆਉਣ ਦਾ ਵਿਚਾਰ ਸੀ ਕਿਉਂਕਿ ਤ੍ਰੇਤੇ ਵਿਚ ਹੋਏ ਭਗਵਾਨ ਦੇ ਰਾਮ ਦੇ ਰਾਜ ਨੂੰ ਆਦਰਸ਼ ਮੰਨਦਿਆਂ ਹੀ ਗੋਸਵਾਮੀ ਤੁਲਸੀ ਦਾਸ ਨੇ ਸ੍ਰੀ ਰਾਮ ਚਰਿਤ੍ਰ ਮਾਨਸ ਵਿਚ ਲਿਖਿਆ ਹੈ :

ਰਾਮ ਰਾਜ ਬੈਠੇ ਤ੍ਰਿਲੋਕਾ,
ਹਰਸ਼ਿਤ ਗਏ ਭਏ ਸਭ ਸੋਕਾ।

ਕੁਦਰਤੀ ਇਸ ਤਰ੍ਹਾਂ ਦੀ ਖੁਸ਼ੀ ਹੁੰਦੀ ਹੈ ਪਰ ਜਦੋਂ ਲੰਮਾ ਸਮਾਂ ਧਰਮਾਂ ਦੇ ਨਾਂ ਤੇ ਆਪਸ ਵਿਚ ਲੜਾਕੇ ਆਪਣੀਆਂ ਰੋਟੀਆਂ ਸੇਕਣ ਦਾ ਨਿਸ਼ਾਨਾ ਹੋਵੇ, ਅੱਗ ਲੈਣ ਆਲੀ ਘਰ ਵਾਲੀ ਬਣ ਬੈਠੀ ਹੋਵੇ ਤਾਂ ਉਸ ਵਿਰੁਧ ਵੀ ਅਣਖੀ ਦੇਸ਼ ਭਗਤਾਂ ਦੀ ਸੋਚ ਸਾਹਮਣੇ ਆਉਂਦੀ ਹੀ ਹੈ। ਇਹ ਸੋਚ ਸਾਹਮਣੇ ਆਈ ਸਤਿਗੁਰੂ ਰਾਮ ਸਿੰਘ ਦੀ। ਬੇਸ਼ਕ ਭਾਰਤ ਦੇ ਬਾਕੀ ਪ੍ਰਾਂਤਾਂ ਵਿਚ ਵੀ ਆਜ਼ਾਦੀ ਲਈ ਅੱਗ ਸੁਲਗਦੀ ਹੋਵੇਗੀ, ਰਾਜੇ ਮਹਾਰਾਜੇ, ਨਵਾਬ ਹੋਸ਼ ਬੰਦੇ, ਵਿਦਵਾਨ ਅੰਗਰੇਜ਼ ਰਾਜ ਤੋਂ ਸੁਖੀ ਨਾ ਹੁੰਦੇ ਹੋਣਗੇ ਅਤੇ ਕੋਈ ਨਾ ਕੋਈ ਵਿਉਂਤ ਬੰਦੀ ਕਰਦੇ ਵੀ ਹੋਣਗੇ ਕਿ ਕਿਵੇਂ ਇਹਨਾਂ


Namdhari Elibrary NamdhariElibrary@gmail.com

ਵਿਦੇਸ਼ੀ ਹਾਕਮਾਂ ਤੋਂ ਛੁਟਕਾਰਾ ਪਾਇਆ ਜਾਏ।

ਸਤਿਗੁਰੂ ਰਾਮ ਸਿੰਘ ਨੇ ਇਕ ਨਵੀਂ ਸੋਚ ਦਿੱਤੀ ਕਿ ਜ਼ਰੂਰੀ ਨਹੀਂ ਘਾਤਿਕ ਹਥਿਆਰ ਵਰਤਕੇ ਹੀ ਲੜਾਈ ਕੀਤੀ ਜਾਏ। ਇਹਨਾਂ ਹਥਿਆਰਾਂ ਤੋਂ ਵਧ ਘਾਤਕ ਹੈ ਨਾ ਮਿਲਵਰਤਨ, ਬਾਈਕਾਟ ਤੇ ਸੁਦੇਸ਼ੀ। ਉਹਨਾਂ ਦਾ ਇਹ ਅੰਦੋਲਨ ਬੜਾ ਜਾਗਰੂਕ ਰਿਹਾ। ਪੰਜਾਬ ਵਿਚ ਇਸ ਦੀਆਂ ਜੜ੍ਹਾਂ ਲਗੀਆਂ। ਥੋੜ੍ਹੇ ਸਮੇਂ ਵਿਚ ਇਹ ਵੱਧ ਪ੍ਰਭਾਵ ਨਾਲ ਬਾਹਰ ਫੈਲਦਾ ਨਜ਼ਰ ਆਇਆ। ਕੇਵਲ ਰਾਜਨੀਤਿਕ ਪੱਖੋਂ ਅਜ਼ਾਦੀ ਲਈ ਹੀ ਇਹ ਅੰਦੋਲਨ ਨੱਹੀਂ ਸੀ ਸਗੋਂ ਮਨੁਖ ਅੰਦਰ ਆ ਚੁਕੀਆਂ ਬੁਰਾਈਆਂ ਨੂੰ ਖਤਮ ਕਰਨ ਲਈ ਵੀ ਉਸ ਨੂੰ ਵੀ ਚੁਣਿਆ ਗਿਆ। ਔਰਤਾਂ ਨੂੰ ਬਣਦੇ ਹੱਕ ਦੇਣ ਦਾ ਹੁਕਮ ਕੀਤਾ ਅਤੇ ਅੰਤਰ ਜ਼ਾਤੀ ਦਾਜ ਦਹੇਜ ਰਹਿਤ ਸਮੂਹਿਕ ਵਿਆਹਾਂ ਦੀ ਮਰਿਆਦਾ ਆਨੰਦ ਕਾਰਜ ਦੇ ਨਾਂ ਨਾਲ ਤੋਰੀ ਗਈ। ਆਪ ਨੇ ਪੰਜਾਬ ਤੋਂ ਬਾਹਰ ਸੁਹਿਰਦ ਸੰਬੰਧ ਬਨਾਉਣ ਲਈ ਅਤੇ ਅੰਗਰੇਜ਼ ਰਾਜ ਦੇ ਖਿਲਾਫ਼ ਉਹਨਾਂ ਦੀ ਭਾਵਨਾ ਨੂੰ ਵਧਾਉਣ ਲਈ ਬਨਾਰਸ, ਜੰਮੂ-ਕਸ਼ਮੀਰ, ਅਫ਼ਗਾਨਿਸਤਾਨ ਤੋਂ ਰੂਸ ਤੱਕ ਆਪਣੇ ਸੂਬੇ ਅਤੇ ਹੋਰ ਪ੍ਰਮੁਖ ਆਗੂ ਭੇਜੇ। ਜਿਸ ਨਾਲ ਉਹ ਇਸ ਅੰਗ੍ਰੇਜ਼ ਵਿਰੋਧੀ ਤਾਕਤ ਪ੍ਰਤੀ ਚੰਗੀ ਸੋਚ ਬਨਾਉਣ ਲਗੇ।

ਸਤਿਗੁਰੂ ਜੀ ਨੂੰ 1872 ਈਸਵੀ ਵਿਚ ਯਾਂਗੋ ਮਾਇਆਂਮਾਰ (ਰੰਗੂਨ-ਬਰਮਾ) ਵਿਖੇ ਨਜ਼ਰਬੰਦ ਕਰ ਦਿਤਾ ਗਿਆ। ਉਥੇ ਨਜ਼ਰ- ਬੰਦੀ ਦੇ ਸਮੇਂ ਵਿਚ ਵੀ ਆਪ ਚਿੰਤਨ ਕਰਦੇ ਰਹੇ। ਜਦੋਂ ਉਹਨਾਂ ਨੂੰ ਇਸ ਗੱਲ ਦਾ ਪਤਾ ਲਗਾ ਕਿ ਅੰਗ੍ਰੇਜ਼ਾਂ ਨੇ ਨਾਮਧਾਰੀ ਲਹਿਰ ਨੂੰ ਦਬਾਉਣ ਲਈ ਹਰ ਤਰ੍ਹਾਂ ਦੀ ਸਖ਼ਤੀ ਕੀਤੀ। ਨਾਮਧਾਰੀ ਸਿਖਾਂ ਦੇ ਇੱਕਠੇ ਹੋਣ ਤੇ ਅਤੇ ਸ੍ਰੀ ਭੈਣੀ ਸਾਹਿਬ ਜਾਣ ਤੇ ਵੀ ਪਾਬੰਦੀ ਲਾਈ। ਭੈਣੀ ਸਾਹਿਬ ਪੁਲਿਸ ਚੌਕੀ ਬਿਠਾਈ ਤਾਂ ਸਤਿਗੁਰੂ ਰਾਮ ਸਿੰਘ ਨੇ ਆਪਣੇ ਸਿਖਾਂ ਦੇ ਹੌਸਲੇ ਬੁਲੰਦ ਰਖਣ ਲਈ, ਰੰਗੂਨ ਤੋਂ ਉਹਨਾਂ ਨੂੰ ਹੁਕਮਨਾਮੇ ਭੇਜਣ ਦਾ ਰਾਹ ਕਢਿਆ। ਉਹ ਉਥੇ ਬੈਠੇ ਵੀ ਸਰਕਾਰ ਵਿਰੁਧ ਸੰਘਰਸ਼ ਨੂੰ ਤੇਜ ਕਰਨ ਵਿਚ ਲਗੇ ਰਹੇ ਜੋ ਪ੍ਰਭਾਵਸ਼ਾਲੀ ਰਿਹਾ।

ਹਿੰਦੁਸਤਾਨ ਵਿਚ ਰਹਿੰਦਿਆਂ ਉਹਨਾਂ ਨੇ ਥਾਂ-ਪੁਰ-ਥਾਂ ਮੇਲੇ ਕੀਤੇ। ਉਹਨਾਂ ਨੇ ਵਿਸ਼ੇਸ਼ ਤੌਰ ਤੇ ਪੰਜ ਹੋਲੇਂ ਮਹੱਲੇ ਕੀਤੇ। ਇਹਨਾਂ ਹੋਲੇ ਮਹਲਿਆਂ ਵਿਚ ਉਹਨਾਂ ਨੇ ਆਪਣਾ ਸੰਗਠਨ ਪੇਸ਼ ਕੀਤਾ, ਆਪਣਾ ਅਨੁਸ਼ਾਸਨ ਪੇਸ਼ ਕੀਤਾ ਅਤੇ ਆਪਣੇ ਪੈਰੋਕਾਰਾਂ ਨੂੰ ਮਾਣ ਮਰਿਆਦਾ ਵਿਚ ਰਹਿਣ ਦੀ ਜਾਚ ਦੱਸੀ। ਇਹ ਸਾਰਾ ਕੁਝ ਦਸਦਾ ਸੀ ਕਿ ਉਹ ਵਿਦੇਸ਼ੀ ਹਾਕਮਾਂ ਵਿਰੁਧ ਸੱਚ-ਨਿਆਇ ਲਈ ਸਦਾ ਆਪਣਾ ਝੰਡਾ ਉੱਚਾ ਰੱਖਣਗੇ।

ਮਾਰਚ 2016 ਦੇ ਵਰਿਆਮ ਦਾ ਸਰਵਰਕ 200 ਸਾਲਾ ਸਮਾਗਮ ਆਰੰਭ ਹੋਣ ਦਾ ਸਰਵਰਕ ਹੈ। ਭੈਣੀ ਸਾਹਿਬ ਵਿਖੇ 12 ਫਰਵਰੀ 2016 ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛਤਰ ਛਾਇਆ ਹੇਠ 200 ਸਾਲਾ ਪ੍ਰਕਾਸ਼ ਸ਼ਤਾਬਦੀ ਸਮਾਗਮਾਂ ਦਾ ਆਗਾਜ਼ ਵੱਖ-ਵੱਖ ਸੰਪਰਦਾਵਾਂ, ਧਾਰਮਿਕ ਅਦਾਰਿਆਂ ਤੇ ਰਾਜਨੀਤਕ ਪਾਰਟੀਆਂ ਦੇ ਆਗੂਆਂ ਤੇ ਵਿਦਵਾਨਾਂ ਦੇ ਵਿਚਾਰਾਂ ਨਾਲ ਕਰਦਾ ਹੈ ਅਤੇ ਸੱਚ ਅਤੇ ਲੜਾਈ ਬਾਰੇ ਜਾਗਰੂਕ ਕਰਦਾ ਹੈ।

13 ਫਰਵਰੀ ਦਾ ਲੁਧਿਆਣੇ ਦਾ ਸੰਗੀਤ ਸਮਾਰੋਹ ਸੰਗੀਤਕ ਪੱਖ ਦੀ ਵੰਨਗੀ ਹੈ।

*-ਤਾਰਾ ਸਿੰਘ ਅਨਜਾਣ*

*092123-18100*


Namdhari Elibrary NamdhariElibrary@gmail.com



# ਫੱਗਣ ਖੇਡਾਂਗੇ ਹੋਲੀ

—ਜਗਦੀਸ਼ ਸਿੰਘ

ਹੋਲੀ ਦਾ ਤਿਉਹਾਰ ਭਾਰਤ ਵਿਚ ਖੁਸ਼ੀਆਂ ਤੇ ਚਾਵਾਂ ਮਲਹਾਰਾਂ ਦੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਭਾਵੇਂ ਮੱਧ ਭਾਰਤ ਦੇ ਪ੍ਰਾਂਤਾਂ ਵਿਚ ਤਾਂ ਇਹ ਆਪਣੇ ਜੋਬਨ ਤੇ ਹੁੰਦਾ ਹੈ, ਪਰ ਪੰਜਾਬ ਵਿਚ ਵੀ ਇਸ ਦਾ ਆਪਣਾ ਮਹੱਤਵ ਹੈ। ਫੱਗਣ ਦੀ ਪੂਰਨਮਾਸ਼ੀ ਨੂੰ ਆਉਣ ਵਾਲਾ ਇਹ ਤਿਉਹਾਰ ਪੂਰਾ ਹਫਤਾ ਮਨਾਇਆ ਜਾਂਦਾ ਹੈ। ਅਤੇ ਇਸੇ ਕਰਕੇ ਫੱਗਣ (ਜਾਂ ਫਾਗ) ਅਤੇ ਹੋਲੀ ਇਕਮਿਕ ਹੋ ਗਏ ਹਨ। ਰੁੱਤਾਂ ਦੀ ਸਿਰਤਾਜ ਬਸੰਤ ਰੁੱਤ ਵੀ ਇਸ ਸਮੇਂ ਜੋਬਨ ਤੇ ਹੁੰਦੀ ਹੈ। ਧਰਤੀ ਮਨਮੋਹਣਾ ਰੂਪ ਵਟਾਉਂਦੀ ਹੈ। ਪੰਜਾਬੀ ਲੋਕ ਗੀਤ ਵਿਚ ਇਸ ਮਹੀਨੇ ਬਾਰੇ ਕਿਹਾ ਹੈ—

ਫੱਗਣ ਮਹੀਨੇ ਮੀਂਹ ਪੈ ਜਾਂਦਾ,
ਲਗਦਾ ਕਰੀਰੀਂ ਬਾਟਾ।
ਸਰ੍ਹੋਂ ਨੂੰ ਤਾਂ ਫੁੱਲ ਲੱਗ ਜਾਂਦੇ,
ਛੋਲਿਆਂ ਨੂੰ ਪਵੇ ਪਟਾਕਾ।
ਸ਼ੌਕ ਨਾਲ ਜੱਟ ਪਾਉਂਦੇ ਗਿੱਧਾ,
ਰੱਬ ਸਭਨਾਂ ਦਾ ਰਾਖਾ,
ਬਸੰਤੀ ਫੁੱਲਾ ਵੇ, ਆ ਕੇ ਦੇ ਜਾ ਝਾਕਾ।

ਪੰਜਾਬੀ ਦਾ ਇਕ ਹੋਰ ਲੋਕ ਗੀਤ ਸਰ੍ਹੋਂ ਦੇ ਭਰੇ ਬੀਜੇ ਖੇਤਾਂ ਅਤੇ ਹੋਲੀ ਦਾ ਜ਼ਿਕਰ ਇੰਜ ਕਰਦਾ ਹੈ—

ਫੱਗਣ ਦੇ ਮਹੀਨੇ ਸੁਰ੍ਹੋਂ ਖੇਤੀ ਫੱਲੀ ਏ।
ਹੋਲੀ ਦੀ ਬਹਾਰ ਵੀ ਤਾਂ ਧਰਤੀ ਤੇ ਫੁਲੀ ਏ।

ਫੱਗਣ ਮਹੀਨਾ ਹੋਲੀ ਤੇ ਰੰਗ ਲਿਆਉਂਦਾ ਹੈ ਤੇ ਜਿਨ੍ਹਾਂ ਦੇ ਪਿਆਰੇ ਘਰ ਹੁੰਦੇ ਹਨ ਉਹ ਮਨਾਉਂਦੇ ਹਨ—

ਫੱਗਣ ਮਹੀਨੇ ਵੇ ਲਾਲ, ਹੋਲੀ ਰੰਗ ਲਿਆਈ,
ਜਿਨ੍ਹਾਂ ਘਰ ਲਾਲ ਆਏ ਰੱਜ ਕੇ ਮਨਾਈ।
ਅਤੇ
ਫੱਗਣ ਖੇਡਾਂਗੇ ਹੋਲੀ, ਚੰਨਾ ਘਰੇ ਵੇ ਰਹੀਂ।
ਰੁੱਖਾ ਸੁੱਖਾ ਖਾ ਕੇ ਲਾਲ, ਘਰੇ ਵੇ ਰਹੀਂ।

ਦਸਮ ਗ੍ਰੰਥ ਵਿਚ ਸ੍ਰੀ ਕ੍ਰਿਸ਼ਨ ਜੀ ਦੁਆਰਾ ਹੋਲੀ ਖੇਡਣ ਦਾ ਜ਼ਿਕਰ ਕਰਕੇ ਹੋਏ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ ਕਿ ਮਾਘ ਪਿਛੋਂ ਫੱਗਣ ਵਿਚ ਹੋਲੀ ਆਉਣ ਤੇ ਕਿਵੇਂ ਕ੍ਰਿਸ਼ਨ ਜੀ ਗੋਪੀਆਂ ਨਾਲ ਹੋਲੀ ਖੇਡਦੇ, ਗੀਤ ਗਾਉਂਦੇ ਅਤੇ ਧਮਾਰ ਤਾਲ ਤੇ ਨਾਚ ਕਰਦੇ ਹਨ—

ਮਾਘ ਬਤੀਤਿ ਭਏ ਰੁਤ ਫਾਗੁਨ,
ਆਇ ਗਈ ਸਭ ਖੇਲਤ ਹੋਰੀ,
ਗਾਵਤ ਗੀਤ ਬਜਾਵਤ ਤਾਲ,
ਕਹੈ ਮੁਖ ਤੇ ਭਰੂਆ ਮਿਲ ਜੋਰੀ,
ਡਾਰਤ ਹੈ ਅਲਿਤਾ ਬਨਿਤਾ,
ਛਟਿਕਾ ਸੰਗ ਮਾਰਤ ਬੈਸਨ ਥੋਰੀ,
ਖੇਲਤ ਸਾਮ ਧਮਾਰ ਅਨੂਪ,
ਮਹਾ ਮਿਲਿ ਸੁੰਦਰਿ ਸਾਂਵਲ ਗੋਰੀ।

ਇਹ ਹੋਲੀ ਦਾ ਤਿਉਹਾਰ ਜੁਗਾਂ ਤੋਂ ਖੁਸ਼ੀਆਂ ਖੇੜਿਆਂ ਹਾਸਿਆਂ ਤੇ ਠੱਠੇ ਮਖੌਲਾਂ ਦੇ ਤਿਉਹਾਰ ਵਜੋਂ ਚਲਿਆ ਆ ਰਿਹਾ ਹੈ, ਜਿਸ ਦਿਨ ਲੋਕ ਨਸਲ ਜ਼ਾਤ ਦੇ ਭਿੰਨ ਭੇਦ ਭੁੱਲ ਕੇ ਇਕਮਿਕ ਹੋ ਖੁਸ਼ੀਆਂ ਮਨਾਉਂਦੇ ਹਨ। ਸਿਖ ਗੁਰੂ ਸਾਹਿਬਾਨ ਨੇ ਇਸ ਤਿਉਹਾਰ ਨੂੰ ਭਾਵੇਂ ਅਧਿਆਤਮਕ ਰੰਗ ਦਿਤਾ, ਪਰ ਇਹ ਪ੍ਰਤੀਕ ਖੁਸ਼ੀਆਂ ਅਨੰਦ ਅਤੇ ਮੰਗਲਾਚਾਰ ਦਾ ਹੀ ਰਿਹਾ। ਗੁਰੂ ਅਰਜਨ ਦੇਵ ਵੀ ਬਸੰਤ ਰਾਗ ਵਿਚ ਲਿਖਦੇ ਹਨ—

ਗੁਰੁ ਸੇਵਉ ਕਰਿ ਨਮਸਕਾਰ॥
ਆਜੁ ਹਮਾਰੈ ਮੰਗਲਚਾਰ॥

ਆਜੁ ਹਮਾਰੈ ਮਹਾ ਅਨੰਦ॥
ਚਿੰਤ ਲਥੀ ਭੇਟੇ ਗੋਬਿੰਦ॥੧॥

ਆਜੁ ਹਮਾਰੈ ਗ੍ਰਿਹਿ ਬਸੰਤ॥
ਗੁਨ ਗਾਏ ਪ੍ਰਭ ਤੁਮ ਬੇਅੰਤ ॥੧॥ ਰਹਾਉ



Namdhari Elibrary NamdhariElibrary@gmail.com

ਆਜੁ ਹਮਾਰੈ ਬਨੇ ਫਾਗ॥
ਪ੍ਰਭ ਸੰਗੀ ਮਿਲਿ ਖੇਲਨ ਲਾਗ॥

ਹੋਲੀ ਕੀਨੀ ਸੰਤ ਸੇਵ॥
ਰੰਗੁ ਲਾਗਾ ਅਤਿ ਲਾਲ ਦੇਵ॥੨॥

ਮਨੁ ਤਨੁ ਮਉਲਿਓ ਅਤਿ ਅਨੂਪ॥
ਸੂਕੈ ਨਾਹੀ ਛਾਵ ਧੂਪ॥

ਸਗਲੀ ਰੁਤੀ ਹਰਿਆ ਹੋਇ॥
ਸਦ ਬਸੰਤ ਗੁਰ ਮਿਲੇ ਦੇਵ॥੩॥

ਬਿਰਖੁ ਜਮਿਓ ਹੈ ਪਾਰ ਜਾਤ॥
ਫੂਲ ਲਗੇ ਫਲ ਰਤਨ ਭਾਂਤਿ॥

ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ॥
ਜਨ ਨਾਨਕ ਹਰਿ ਹਰਿ ਧਿਆਇ॥੪॥

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਵਿਚ ਵੀ ਹੋਲੀ ਤੇ ਤਿਉਹਾਰ ਤੇ ਸੰਗਤਾਂ ਕੇਸਰ, ਕਸਤੂਰੀ ਤੇ ਗੁਲਾਬ ਛਿੜਕ ਕੇ ਮਨਾਉਂਦੀਆਂ ਸਨ, ਜਿਸ ਵਿਚ ਸਤਿਗੁਰੂ ਜੀ ਆਪ ਵੀ ਹਿੱਸਾ ਲੈਂਦੇ। ਭਾਈ ਨੰਦ ਲਾਲ ਜੀ ਦੀ ਫ਼ਾਰਸੀ ਦੀ ਇਕ ਗਜ਼ਲ ਹੈ—

'ਗੁਲੇ ਹੋਲੀ ਬਬਾਗ਼ੇ ਦਹਰਬੂ ਕਰਦ'

ਜਿਸ ਦਾ ਭਾਵ ਹੈ ਹੋਲੀ ਦਾ ਫੁੱਲ ਖਿੜਿਆ, ਸੁਗੰਧੀ ਨਾਲ ਸਾਰਾ ਬਾਗ ਮਹਿਕ ਪਿਆ। ਮੂੰਹ (ਪ੍ਰੀਤਮ ਦਾ) ਕਲੀ ਵਾਂਗ ਖਿੜ ਗਿਆ, ਗੁਲਾਬ, ਅੰਬਰ ਕਸਤੂਰੀ ਅਤੇ ਅਬੀਰ ਸਾਰੇ ਪਾਸੇ ਮੀਂਹ ਵਾਂਗ ਵਸਣ ਲਗ ਪਏ। ਕੇਸਰ ਨਾਲ ਭਰੀ ਹੋਈ ਸੋਹਣੀ ਪਿਚਕਾਰੀ ਨੇ ਸਭ ਦੇ ਚਿੱਟੇ ਕਪੜਿਆਂ ਨੂੰ ਸੋਹਣਾ ਰੰਗ ਚੜ੍ਹਾ ਦਿਤਾ। ਸਤਿਗੁਰੂ ਨੇ ਆਪਣੇ ਹੱਥਾਂ ਨਾਲ ਗੁਲਾਲ ਉਡਾ ਕੇ ਧਰਤੀ ਤੇ ਆਕਾਸ਼ ਨੂੰ ਵੀ ਰੰਗ ਦਿਤਾ। ਉਹਨਾਂ ਦੀ ਕਿਰਪਾ ਨਾਲ ਦੋਵੇਂ ਲੋਕ ਰੰਗੇ ਗਏ ਹਨ, ਜਦੋਂ ਉਸ ਦਸਮੇਸ਼ ਪਿਆਰੇ ਨੇ ਰੰਗਿਆ ਹੋਇਆ ਚੋਲਾ ਪਾਇਆ ਤਾਂ ਜਿਸ ਨੇ ਉਹਨਾਂ ਦਾ ਦਰਸ਼ਨ ਕੀਤਾ ਸਾਰੀ ਉਮਰ ਦੀਆਂ ਆਸਾ ਪੂਰਨ ਕਰ ਲਈਆਂ। ਸਾਧ ਸੰਗਤ ਦੀ ਧੂੜੀ ਤੋਂ ਕੁਰਬਾਨ ਜਾਵਾਂ, ਇਹ ਹੀ ਮੇਰਾ ਦਿਲ ਚਾਹੁੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਕੌਮੀ ਤਿਉਹਾਰ ਨੂੰ ਕੇਵਲ ਅਨੰਦ ਹੁਲਾਸ ਦਾ ਹੀ ਤਿਉਹਾਰ ਨਾ ਰਹਿਣ ਦਿਤਾ ਸਗੋਂ ਸਮੇਂ ਦੀ ਲੋੜ ਅਨੁਸਾਰ ਰੰਗ ਖੇਡਣ ਦੇ ਨਾਲ ਨਾਲ ਜੰਗੀ ਸ਼ਸਤਰਾਂ ਦੇ ਅਭਿਆਸ ਦਾ ਦਿਨ ਅਤੇ ਯੁੱਧ ਨੀਤੀਆਂ ਦੇ ਦਾਅ ਪੇਚਾਂ ਅਤੇ ਮਸਨੂਈ ਜੰਗ ਦੇ ਕਰਤਵਾਂ ਦਾ ਦਿਨ ਵੀ ਨਿਯਤ ਕਰ ਦਿਤਾ ਅਤੇ ਖਾਲਸੇ ਦੇ ਬਾਕੀ ਚੀਜ਼ਾਂ ਦੇ ਪੁਲਿੰਗ ਵਾਚੀ ਨਾਮਕਰਨਾਂ ਜਿਵੇਂ ਬਰਛੀ ਤੋਂ ਬਰਛਾ, ਤੇਗ ਤੋਂ ਤੇਗਾ, ਦਾੜ੍ਹੀ ਤੋਂ ਦਾੜ੍ਹਾ ਵਾਂਗ ਹੋਲੀ ਦਾ ਹੋਲਾ ਬਣਾ ਦਿਤਾ।

ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿਚ ਹੋਲਾ ਨਾਮ ਇਂਜ ਹੈ:-

"ਬਰਛਾ ਢਾਲ ਕਟਾਰਾ, ਤੇਗਾ,
ਕੜਛਾ ਦੇਗਾ ਗੋਲਾ ਹੈ।
ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਕੌਨਾ ਟੋਲਾ ਹੈ।
ਸੁਭਟ ਸੁਚਾਲਾ ਅਰੁ ਲਖ ਬਾਹਾਂ,
ਕਲਗਾ ਸਿੰਘ ਸੁਚੋਲਾ ਹੈ।
ਅਪਰ ਮੁਛਹਿਰਾ ਦਾੜ੍ਹਾ, ਜੈਸੇ ਤੈਸੇ ਬੋਲਾ ਹੋਲਾ ਹੈ।"

ਦਸ਼ਮੇਸ਼ ਜੀ ਨੇ ਚੇਤ ਵਦੀ ਸੰਮਤ 1757 ਨੂੰ ਹੋਲੇ ਦੇ ਨਾਲ ਮਹੱਲਾ ਖੇਡਣ ਦੀ ਰੀਤ ਤੋਰੀ। ਮਹੱਲਾ ਬਾਰੇ ਭਾਈ ਕਾਹਨ ਸਿੰਘ ਜੀ ਨਾਭਾ ਮਹਾਨ ਕੋਸ਼ ਵਿਚ ਲਿਖਦੇ ਹਨ:-

"ਮਹੱਲਾ: ਸੰਗਯਾ ਜਿਸ ਥਾਂ ਨੂੰ ਫਤਹਿ ਕਰਕੇ ਜਾ ਉਤਰੀਏ, ਹਲੂਲ ਦੀ ਥਾਂ ਅਥਵਾ ਦੌੜਨ ਦਾ ਅਸਥਾਨ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਯੁੱਧ ਵਿਦਿਆ ਵਿਚ ਨਿਪੁੰਨ ਕਰਨ ਲਈ ਚੇਤ ਵਦੀ ਇਕ ਨੂੰ ਮਸਨੂਈ ਜੰਗ ਦੇ ਅਭਿਆਸ ਦਾ ਦਿਨ ਠਹਿਰਾਇਆ। ਇਸ ਦਿਨ ਇਕ ਥਾਂ ਹਮਲੇ ਲਈ ਨੀਯਤ ਕਰਕੇ ਦੋ ਦਲ ਬਣਾਏ ਜਾਂਦੇ ਸਨ। ਜਿਨ੍ਹਾਂ ਦੇ ਸਰਦਾਰ ਚੁਣਵੇਂ ਸਿੰਘ ਹੋਇਆ ਕਰਦੇ ਸਨ। ਜੋ ਇਕ ਦਲ ਦਾ ਵਾਰ ਰੋਕ ਕੇ ਚਤੁਰਾਈ ਨਾਲ ਖਾਸ ਥਾਂ ਪੁਰ ਕਬਜ਼ਾ ਕਰ ਲੈਂਦਾ, ਉਹ ਜਿਤਿਆ ਸਮਝਿਆ ਜਾਂਦਾ ..."


Namdhari Elibrary NamdhariElibrary@gmail.com

ਅਨੰਦਪੁਰ ਸਾਹਿਬ ਵਿਚ ਹੁਣ ਵੀ ਹੋਲੇ ਮਹੱਲੇ ਦਾ ਤਿਉਹਾਰ ਬਹੁਤ ਧੂਮਧਾਮ ਅਤੇ ਸਜ ਧਜ ਨਾਲ ਮਨਾਇਆ ਜਾਂਦਾ ਹੈ।

ਨਾਮਧਾਰੀ ਸਮਾਜ ਵਿਚ ਵੀ ਹੋਲੇ ਦੀ ਬਹੁਤ ਮਹੱਤਤਾ ਹੈ। ਨਾਮਧਾਰੀ ਹੋਲੇ ਮਹੱਲੇ ਇਕ ਥਾਂ ਹੋਣੇ ਜ਼ਰੂਰੀ ਨਹੀਂ, ਸਗੋਂ ਹਰ ਸਾਲ ਕਦੇ ਕਿਤੇ ਕਦੇ ਕਿਤੇ ਹੁੰਦੇ ਹਨ। ਭਾਵੇਂ ਕਈ ਥਾਈਂ ਇਕ ਤੋਂ ਵਧ ਵਾਰ ਲਗਾਤਾਰ ਵੀ ਹੋ ਜਾਂਦੇ ਹਨ। ਪਰ ਇਕ ਥਾਂ ਕਰਨ ਦਾ ਜ਼ਰੂਰੀ ਨਿਯਮ ਨਹੀਂ ਹੈ। ਇਸ ਹੋਲੇ ਦੇ ਨਾਲ ਨਾਲ ਹੁਣ ਗੁਰੂ ਬਾਲਕ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਦਾ ਜਨਮ ਦਿਨ ਜੋੜ ਕੇ ਮੇਲੇ ਨੂੰ ਤ੍ਰਿਬੈਨੀ ਸਮਾਰੋਹ ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਸ ਵਿਚ ਸਮੂਹਕ ਅਨੰਦ ਕਾਰਜ, ਸੰਗੀਤ ਸੰਮੇਲਨਾਂ, ਕਵੀ ਦਰਬਾਰਾਂ ਅਤੇ ਗੁਰਬਾਣੀ ਕੀਰਤਨ ਦੇ ਪ੍ਰੋਗਰਾਮਾਂ ਨੇ ਹੋਰ ਰੌਚਕ ਬਣਾ ਦਿਤਾ ਹੈ।

ਗੁਰੂ ਰਾਮ ਸਿੰਘ ਦੇ ਸੰਨ 1872 ਈ: ਵਿਚ ਪ੍ਰਦੇਸ ਜਾਣ ਕਰਕੇ ਨਾਮਧਾਰੀ ਬ੍ਰਿਹੋਂ ਸਾਹਿਤ ਦਾ ਜਨਮ ਹੋਇਆ। ਉਹਨਾਂ ਦੇ ਵਿਛੋੜੇ ਵਿਚ ਸ਼ਬਦ ਗੀਤ ਕਵਿਤਾਵਾਂ ਬਹੁਤ ਹੀ ਵਿਰਾਗ-ਮਈ ਹਾਲਤ ਵਿਚ ਪੜ੍ਹੀਆਂ ਜਾਂਦੀਆਂ ਰਹੀਆਂ ਹਨ। ਵਿਛੋੜੇ ਅਤੇ ਬਸੰਤ-ਹੋਲੀ ਦੇ ਮੇਲ ਨੂੰ ਗੁਰਬਾਣੀ ਵਿਚ ਵੀ ਅੰਕਤ ਕੀਤਾ ਹੈ

ਨਾਨਕ ਤਿਨਾ ਬਸੰਤੁ ਹੈ, ਜਿਨ ਘਰਿ ਵਸਿਆ ਕੰਤੁ
ਜਿਨ ਕੇ ਕੰਤ ਦਿਸਾਪੁਰੀ, ਸੇ ਅਹਿਨਿਸਿ ਫਿਰਹਿ ਜਲੰਤ
(ਮ: 2 ਸੂਹੀ ਕੀ ਵਾਰ)

ਪੰਜਾਬੀ ਦੇ ਲੋਕ ਗੀਤਾਂ ਦੀ ਮੁਟਿਆਰ ਇਹਨਾਂ ਹੀ ਭਾਵਾਂ ਨੂੰ ਪ੍ਰਗਟ ਕਰਦੀ ਹੈ:

ਫੱਗਣ ਦੇ ਮਹੀਨੇ ਨੀ ਮਾਂ ਆਈ ਰੰਗਾਂ ਵਾਲੀ ਹੋਲੀ
ਕੀ ਕਰਾਂ ਕੇਸਰ ਨੀ ਮਾਂ ਸੁੱਕੀ ਮੇਰੀ ਚੋਲੀ
ਤੁਧ ਬਿਨ ਛਾਵੇ ਰੱਬ ਜੀ, ਮੇਰਾ ਭੌਰ ਨਿਮਾਣਾ
ਨੀ ਮਾਏ ਨੱਢਾ ਨਾਦਾਨ, ਕਦੋਂ ਹੋਵੇਗਾ ਸਿਆਣਾ।

ਕ੍ਰਿਸ਼ਨ ਦੀਵਾਨੀ ਮੀਰਾਂ ਨੇ ਜਿਥੇ ਕਿਹਾ ਕਿ- "ਫਾਗੁਨ ਕੇ ਦਿਨ ਚਾਰ ਰੇ, ਹੋਰੀ ਖੇਲ ਮਨਾ ਰੇ", ਉਥੇ ਪੀਆ ਦੇ ਵਿਛੋੜੇ ਵਿਚ ਵਿਆਕੁਲਤਾ ਨੂੰ ਕਈਆਂ ਭਜਨਾਂ ਵਿਚ ਅੰਕਤ ਕਰਦੀ ਹੈ, ਜਿਵੇਂ:-

ਹੋਰੀ ਪੀਆ ਬਿਨ ਲਾਗਾਂ ਰੀ ਖਾਰੀ।
ਸੂਨੋਂ ਗਾਂਵ ਦੇਸ ਸਭ ਸੂਨੋਂ, ਸੂਨੀ ਸੇਜ ਅਟਾਰੀ।
ਸੂਨੀਂ ਬਿਰਹਨ ਪਿਬ ਬਿਨ ਡੋਲੇਂ ਤੱਜ ਗਿਆ ਪੀਵ ਪਿਆਰੀ।
ਬਿਰਹਾ ਦੁਖ ਭਾਰੀ।
ਦੇਸ ਬਿਦੇਸਾ ਨਾ ਜਾਵਾਂ,
ਮ੍ਹਾਰੋ ਅਣੇਸਾ ਭਾਰੀ।
ਗਣਤਾਂ ਗਣਤਾਂ ਘਿਸ ਗਯਾਂ ਰੇਖਾਂ,
ਆਂਗਰਿਯਾਂ ਰੀ ਸਾਰੀ।
ਆਯਾ ਣਾ ਰੀ ਮੁਰਾਰੀ।
ਬਾਜਓ ਝਾਂਜ ਮ੍ਰਦੰਗ ਮੁਰਲੀਆਂ
ਬਾਜਿਆਂ ਕਰ ਇਕਤਾਰੀ।
ਆਯਾ ਬਸੰਤ ਪੀਆ ਘਰ ਨਾਹੀਂ,
ਮ੍ਹਾਰੀ ਪੀੜਾ ਭਾਰੀ।
ਸਯਾਮ ਕਯਾਂਰੀ ਬਿਸਾਰੀ।
ਠਾਂਡੀ ਅਰਜ ਕਰਾਂ ਗਿਰਧਾਰੀ, ਰਾਖਯਾਂ ਲਾਜ ਹਮਾਰੀ।
ਮੀਰਾ ਕੇ ਪ੍ਰਭੂ ਮਿਲ ਜਯੋ ਮਾਧੋ,
ਜਨਮ ਜਨਮ ਰੀ ਕਵਾਂਰੀ।
ਮਣੇ ਲਾਗੀ ਸਰਨ ਤਾਰੀ।

ਨਾਮਧਾਰੀ ਕਵੀ ਨਿਹਾਲ ਸਿੰਘ ਏਸੇ ਵੇਗ ਵਿਚ ਗੁਰੂ ਰਾਮ ਸਿੰਘ ਨੂੰ ਅਰਜੋਈ ਕਰਦਾ ਹੈ—

ਫੱਗਣ ਫ਼ੇਰ ਕਦੀਂ ਆਵੀਂ, ਮੁਖ ਆਪਣਾ ਦਿਖਾਵੀਂ,
ਰਤਾ ਚੈਨ ਨਹੀਂ ਆਵੇ ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ, ਜੈਸੇ ਜਿਗਰ ਵਿਚ ਫੋੜਾ,
ਦਿਨ ਰਾਤ ਇਹੋ ਝੋਰਾ, ਕੋਈ ਗੱਲ ਨਹੀਂ ਭਾਂਵਦੀ।
ਹੋਈ ਹਾਲ ਤੋਂ ਬਿਹਾਲ, ਖੁਲ੍ਹੇ ਗੱਲ ਵਿਚ ਵਾਲ,
ਫਿਰ ਥੱਕੀ ਢੂੰਡ ਭਾਲ, ਨੈਣੀ ਨੀਂਦ ਨਹੀਂ ਆਂਵਦੀ।
ਨਿਹਾਲ ਸਿੰਘ ਔਗਣਹਾਰ, ਆਇਆ ਤੇਰੇ ਦਰਬਾਰ।
ਗੁਰੂ ਭੁੱਲ ਚੁਕ ਬਖਸ਼ ਸੰਗਤ ਸੀਸ ਹੈ ਨਿਵਾਂਵਦੀ।


Namdhari Elibrary NamdhariElibrary@gmail.com

# ਸ਼੍ਰੋਮਣੀ ਜਥੇਦਾਰ ਸੇਵਾ ਸਿੰਘ ਜੀ ਦਿੱਲੀ



ਨਾਮਧਾਰੀ ਪੰਥ ਦੇ ਸ਼੍ਰੋਮਣੀ ਜਥੇਦਾਰ ਸੇਵਾ ਸਿੰਘ ਜੀ ਸਪੁਤਰ ਸੰਤ ਬੂੜ ਸਿੰਘ ਜੀ ਪਿੰਡ ਫਤੂਹੀ ਚੱਕ (ਗੁਰਦਾਸਪੁਰ) 88 ਸਾਲ ਦੀ ਆਯੂ ਭੋਗ ਕੇ ਇਕ ਫਰਵਰੀ 2016 ਈ. ਨੂੰ ਆਪਣੀ ਸਸਾਰਿਕ ਯਾਤਰਾ ਪੂਰੀ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਚ ਜਾ ਬਿਰਾਜੇ ਹਨ।

ਜਥੇਦਾਰ ਜੀ ਵਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਜਥੇਦਾਰ ਵਜੋਂ ਆਪਣੀ ਪਹਿਚਾਣ ਬਣਾਈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਪ ਜੀ ਤੇ ਅਪਾਰ ਕ੍ਰਿਪਾ ਰਹੀ ਅਤੇ ਕੌਮਾਂਤਰੀ ਪੱਧਰ ਤੇ ਆਪਣੇ ਗੁਣਾ ਦਾ ਪ੍ਰਭਾਵ ਪਾਉਣ ਦਾ ਮੌਕਾ ਮਿਲਿਆ। ਆਪਜੀ ਕਿਸੇ ਵੀ ਵਿਸ਼ੇ ਤੇ ਪੌਰਾਣਿਕ ਇਤਿਹਾਸ ਅਤੇ ਗੁਰਬਾਣੀ ਦੀ ਸਰਲ ਵਿਆਖਿਆ ਨਾਲ ਸੰਗਤ ਅਤੇ ਸਰੋਤਿਆਂ ਉਤੇ ਆਪਣੀ ਅਮਿੱਟ ਛਾਪ ਛਡਦੇ ਸਨ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ 2013 ਈ: ਦੇ ਹੋਲੇ ਮਹੱਲੇ ਸਮੇਂ ਉਹਨਾਂ ਨੂੰ ਸ੍ਰੋਮਣੀ ਜਥੇਦਾਰ ਵਜੋਂ ਸਨਮਾਨਿਤ ਕਰਨ ਦੀ ਅਪਾਰ ਕ੍ਰਿਪਾ ਕੀਤੀ। ਜਥੇਦਾਰ ਸੇਵਾ ਸਿੰਘ ਜੀ ਨਮਿਤ ਮੇਲਾ 10 ਫਰਵਰੀ 2016 ਦਿਨ ਬੁੱਧਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜੂਰੀ ਵਿਚ ਦਿੱਲੀ ਵਿਖੇ ਮਨਾਇਆ ਗਿਆ।

ਵਰਿਆਮ ਪਰੀਵਾਰ ਨਾਲ ਜਿਥੇ ਸ੍ਰੋਮਣੀ ਜਥੇਦਾਰ ਸੇਵਾ ਸਿੰਘ ਜੀ ਦਾ ਵਿਸ਼ੇਸ਼ ਨਿੱਜੀ ਸਨੇਹ ਤੇ ਲਗਾਵ ਰਿਹਾ ਹੈ ਅਕਸਰ ਆਪ ਜੀ ਸਾਡੇ ਪਿਤਾ ਜੀ ਸਵ ਜਥੇਦਾਰ ਸੰਤ ਨੱਥਾ ਸਿੰਘ ਜੀ ਨੂੰ ਯਾਦ ਕਰਦੇ ਰਹਿੰਦੇ ਸਨ।

ਵਰਿਆਮ ਵਲੋਂ ਜਿਥੇ ਸ਼੍ਰੋਮਣੀ ਜਥੇਦਾਰ ਸੇਵਾ ਸਿੰਘ ਜੀ ਪ੍ਰਤੀ ਨਮਨ ਅਕੀਦਤ ਅਰਪਣ ਹੈ ਉਥੇ ਹੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਚ ਅਰਦਾਸ ਹੈ ਕਿ ਵਿਛੜੀ ਹੋਈ ਰੂਹ ਨੂੰ ਆਪਣੇ ਚਰਨਾਂ ਚ ਨਿਵਾਸ ਬਖਸ਼ਣ। ਸ਼ਰਧਾਂਜਲੀ ਵਜੋਂ ਸੰਤ ਜਗਦੀਸ਼ ਸਿੰਘ ਵਰਿਆਮ ਵਲੋਂ ਸ਼੍ਰੋਮਣੀ ਜਥੇਦਾਰ ਸੇਵਾ ਸਿੰਘ ਜੀ ਨਾਲ ਉਹਨਾਂ ਦੀ ਜੀਵਨ ਝਾਤ ਬਾਰੇ ਲਿਖਤ ਪਾਠਕਾਂ ਅਤੇ ਜਥੇਦਾਰ ਜੀ ਦੇ ਸਨੇਹੀਆਂ ਹਿੱਤ ਪੁਨਰ ਪ੍ਰਸਤੁਤ ਕਰ ਰਹੇ ਹਾਂ।

ਜਲੰਧਰ ਦੇ ਸੰਤ ਬਹਾਦਰ ਸਿੰਘ ਨੇ ਇਕ ਵਾਰ ਕਿਹਾ ਸੀ ਕਿ " ਮਰੇ ਹੋਏ ਤੇ ਸਭ ਤੋਂ ਵਧੀਆ ਦੀਵਾਨ ਦਿੱਲੀ ਵਾਲਾ ਜਥੇਦਾਰ ਸੇਵਾ ਸਿੰਘ ਲਾਉਂਦਾ ਏ" ਤਾਂ ਮੈਨੂੰ ਹੈਰਾਨੀ ਹੋਈ। ਦਿੱਲੀ ਵਿਚਲੇ ਜਥੇਦਾਰ ਨੂੰ ਮੈਂ ਜਾਣਦਾ ਸਾਂ। ਇਹਨਾਂ 'ਚੋਂ ਸਭ ਤੋਂ ਪਹਿਲਾਂ ਮੈਂ ਜਥੇਦਾਰ ਦਰਸ਼ਨ ਸਿੰਘ ਦਾ ਦੀਵਾਨ ਸੁਣਿਆ ਸੀ। ਕੱਦ ਕਾਠ, ਸ਼ਕਲ-ਸੂਰਤ ਵਲੋਂ ਮਨਮੋਹਣੀ ਸ਼ਖਸੀਅਤ ਦੀ ਭਰਵੀਂ ਆਵਾਜ਼ ਅਤੇ ਗੱਲਬਾਤ ਦਾ ਸਲੀਕਾ ਅਤੇ ਸਪੱਸ਼ਟਤਾ ਸਭ ਕੁਝ ਪ੍ਰਭਾਵਤ ਕਰਦਾ ਸੀ। ਨਾਮਧਾਰੀਆਂ ਵਿੱਚ ਜਥੇਦਾਰ ਉਸ ਨੂੰ ਕਹਿੰਦੇ ਹਨ ਜੋ ਵਿਆਖਿਆਨ ਕਰ ਸਕਦਾ ਹੋਵੇ, ਇਤਿਹਾਸ ਸੁਣਾ ਸਕਦਾ ਹੋਵੇ ਤੇ ਨਾਲ ਹੀ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹ ਤੇ ਗਾ ਸਕਦਾ ਹੋਵੇ। ਜਿਸ ਵਿਚ ਇਹ ਤਿੰਨੇ ਗੁਣ ਹੋਣ ਅਤੇ ਜਿੰਨੀ ਮਿਕਦਾਰ ਵਿਚ ਹੋਣ ਉਨੀਂ ਹੀ ਪ੍ਰਵਾਨਗੀ ਸੰਗਤਾਂ ਵਲੋਂ ਮਿਲਦੀ ਹੈ। ਜਥੇਦਾਰ ਦਰਸ਼ਨ ਸਿੰਘ ਦੇ ਜਥੇ ਵਿਚ ਇਕ ਸੁਰੀਲੀ ਆਵਾਜ਼ ਵਾਲਾ ਵਿਅਕਤੀ ਸੀ ਜਿਸਨੂੰ ਗਿਆਨੀ ਜੀ ਆਖਦੇ ਸਨ। ਇਹ ਗਿਆਨੀ ਗੁਰਬਖਸ਼ ਸਿੰਘ ਜੀ ਬਾਦ ਵਿਚ ਆਜ਼ਾਦਾਨਾ ਤੌਰ ਤੇ ਮਸ਼ਹੂਰ ਜਥੇਦਾਰ



ਸਥਾਪਤ ਹੋ ਗਏ। ਕਦੇ ਗਿਆਨੀ ਜੀ ਦੇ ਦੀਵਾਨ ਦੀਆਂ ਬਹੁਤ ਧੁੰਮਾਂ ਸਨ। ਗਿਆਨੀ ਹੋਰਾਂ ਕੋਲ ਰਾਗਦਾਰੀ ਵਰਗੀ ਸਿਫਤ ਵੀ ਸੀ ਤੇ ਹੱਲੇ ਦੇ ਦੀਵਾਨ ਵਿਚ ਉਹ ਵੀ ਵਾਹਵਾ ਠੱਠ ਬੰਨਦੇ ਸਨ, ਪਰ ਜਥੇਦਾਰ ਸੇਵਾ ਸਿੰਘ ਦਾ ਨਾਂਅ ਮੈਂ ਨਹੀਂ ਸੀ ਸੁਣਿਆ। ਇਹ ਕਿਵੇਂ ਹੋ ਸਕਦਾ ਸੀ ਕਿ ਕੋਈ ਮਸ਼ਹੂਰ ਜਥੇਦਾਰ ਹੋਵੇ ਤੇ ਮੈਂ ਸੁਣਿਆ ਨਾ ਹੋਵੇ। ਪਰ ਗੱਲ ਸੱਚ ਸੀ ਕਿ ਜਥੇਦਾਰ ਸੇਵਾ ਸਿੰਘ ਦਿੱਲੀ ਦੇ ਪ੍ਰਮੁੱਖ ਕੀਰਤਨੀ ਜਥੇਦਾਰ ਵਜੋਂ ਮਸ਼ਹੂਰ ਹੋ ਰਹੇ ਸਨ। ਜਦੋਂ ਮੈਨੂੰ ਜਥੇਦਾਰ ਸੇਵਾ ਸਿੰਘ ਨੂੰ ਸੁਨਣ ਦਾ ਅਵਸਰ ਮਿਲਿਆ ਤਾਂ ਸੰਤ ਬਹਾਦਰ ਸਿੰਘ ਦੇ ਕਥਨ ਦੀ ਸੱਚਮੁੱਚ ਪੁਸ਼ਟੀ ਹੋ ਗਈ। ਤੇ ਅਵਸਰ ਵੀ ਸੱਚ ਮੁੱਚ ਹੀ ਕਿਸੇ ਵਿਛੜੀ ਜੀਵ ਆਤਮਾ ਦੇ ਭੋਗ ਦਾ ਹੀ ਸੀ। ਜਥੇਦਾਰ ਸੇਵਾ ਸਿੰਘ ਦੀ ਵੱਖਰਤਾ ਉਹਨਾਂ ਦੇ ਕਥਨ ਵਿਚ ਸੀ। ਨਾਮਧਾਰੀ ਜਥੇਦਾਰਾਂ ਦੀ ਆਮ ਸ਼ੈਲੀ ਨਾਲੋਂ ਨਵੇਕਲੇ ਅੰਦਾਜ਼ ਵਿਚ ਉਹ ਗੱਲ ਕਰ ਰਹੇ ਸਨ। ਬੇਸ਼ੱਕ



ਜਗਦੀਸ਼ ਸਿੰਘ



Namdhari Elibrary NamdhariElibrary@gmail.com



ਹਾਰਮੋਨੀਅਮ ਵਾਜਾ ਉਹਨਾਂ ਕੋਲ ਸੀ। ਪਰ ਉਹ ਨਿਸ਼ਚਿਤ ਰੌਂਜ ਵਿਚ ਸੁਰਾਂ ਨਾਲ ਖੇਡਕੇ ਅਤੇ ਜ਼ਰਾ ਵੀ ਲੋੜ ਤੋਂ ਵੱਧ ਵਾਜਾ ਨਾ ਵਜਾਉਂਦੇ। ਉਹਨਾਂ ਦਾ ਜਾਦੂ ਵਿਖਿਆਨ ਵਿਚ ਸੀ। ਆਵਾਜ਼ ਭਰਵੀਂ ਮਰਦਾਵੀਂ, ਸਪੱਸ਼ਟ ਸ਼ਬਦ ਅਤੇ ਬਗੈਰ ਰੁਕਾਵਟ ਦੇ ਇਕੋ ਜਿਹੀ ਪਿੱਚ ਵਿਚ ਬੋਲਣਾ। ਸਪੱਸ਼ਟਤਾ ਵੱਡਾ ਗੁਣ ਸੀ। ਸੂਖਮਤਾ ਸ਼ੁੱਧ ਉਚਾਰਨ ਵਿੱਚ ਵੀ ਅਤੇ ਵਿਚਾਰਾਂ ਵਿਚ ਵੀ। ਗੁਰਬਾਣੀ ਆਦਿ ਅਤੇ ਦਸਮ ਗ੍ਰੰਥ ਦੀ ਉਹਨਾਂ ਦੇ ਮੂੰਹੋਂ ਜ਼ਬਾਨੀ ਇਵੇਂ ਨਿਕਲ ਰਹੀ ਸੀ ਜਿਵੇਂ ਕੋਈ ਪਰਬੀਨ ਅਖੰਡ ਪਾਠੀ ਬੀੜ ਤੋਂ ਪਾਠ ਕਰ ਰਿਹਾ ਹੋਵੇ ਉੱਚੇ ਉਚਾਰਨ ਨਾਲ। ਅਖੰਡ ਪਾਠੀ ਤਾਂ ਪੜ੍ਹਦਾ ਹੀ ਹੈ। ਸੇਵਾ ਸਿੰਘ ਨਿਸ਼ਾਨੇ ਤੇ ਇਵੇਂ ਮਾਰ ਕਰ ਰਹੇ ਸਨ ਜਿਵੇਂ ਕੋਈ ਸੈਨਕ ਮਸ਼ੀਨ ਚੋਂ ਗੋਲੀਆਂ ਚਲਾ ਰਿਹਾ ਹੋਵੇ, ਕਿਤੇ ਪ੍ਰਮਾਣ ਦੇਣ ਲਗਿਆਂ ਜ਼ਰਾ ਵੀ ਅਟਕਾਓ ਨਹੀਂ ਸੀ। ਜਿਵੇਂ ਸਭ ਕੁਝ ਆਪ-ਮੁਹਾਰਾ ਨਿਕਲ ਰਿਹਾ ਹੋਵੇ। ਜਿਵੇਂ ਝਰਨੇ ਚੋਂ ਪਾਣੀ ਨਿਕਲਦਾ ਹੀ ਆਵੇ ਨਿਕਲਦਾ ਹੀ ਆਵੇ। ਉਸ ਤੋਂ ਅੱਗੇ ਇਕ ਗੱਲ ਹੋਰ ਵਿਸ਼ੇਸ਼ ਸੀ ਕਿ ਇਕ ਇਕ ਨੁਕਤੇ ਉੱਤੇ ਉਹ ਪ੍ਰਮਾਣਾਂ ਦੀ ਝੜੀ ਲਾ ਰਹੇ ਸਨ। ਵਿਚ ਵਿਚ ਉਹ ਧਾਰਨਾ ਪੜ੍ਹਕੇ ਗਾਉਂਦੇ ਅਤੇ ਢੋਲਕ, ਛੈਣਿਆਂ ਵਾਲਾ ਜਥਾ ਨਾਲ ਪੜ੍ਹਦਾ ਅਤੇ ਫੇਰ ਛੇਤੀ ਸਮਾਪਤ ਕਰ ਦਿੰਦੇ ਤੇ ਵਖਿਆਨ ਜਾਰੀ ਹੋ ਜਾਂਦਾ।

ਬਾਦ ਵਿਚ ਹੋਰ ਸਮਾਗਮਾਂ ਤੇ ਵੀ ਜਥੇਦਾਰ ਜੀ ਨੂੰ ਸੁਣਿਆ। ਖੁਸ਼ੀ ਦੇ ਮੌਕਿਆਂ ਤੇ ਵੀ ਗੁਰਪੁਰਬਾਂ ਤੇ ਵੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਦੀਵਾਨਾਂ ਵਿਚ ਵੀ। ਵਿਚਾਰ ਪ੍ਰਵਾਹ ਨਿਰੰਤਰ ਹੀ ਵਗਦਾ ਰਿਹਾ।

ਸੰਤ ਬਹਾਦਰ ਸਿੰਘ ਨੇ ਜਥੇਦਾਰ ਸੇਵਾ ਸਿੰਘ ਨੂੰ ਜਦੋਂ ਸੁਣਿਆ ਉਦੋਂ ਕਿਸੇ ਵਿਛੜੇ ਪ੍ਰਾਣੀ ਦਾ ਭੋਗ ਹੀ ਸੀ। ਨਾਮਧਾਰੀਆਂ ਵਿਚ ਵਿਆਹ ਸ਼ਾਦੀਆਂ ਦੇ ਸਮਾਗਮ ਵਿਵਰਜਿਤ ਹਨ। ਬੱਚਿਆਂ ਦੇ ਜਨਮ ਤੇ ਖੁਸ਼ੀ ਦੀ ਮਨਾਹੀ ਨਹੀਂ ਪਰ ਆਮ ਤੌਰ ਤੇ ਵੱਡੇ ਸਮਾਗਮ ਘੱਟ ਹੁੰਦੇ ਹਨ ਅਤੇ ਲੈ ਦੇਕੇ ਮਰਿਆਂ ਦੇ ਭੋਗਾਂ ਦੇ ਇਕੱਠ ਹੀ ਹਨ। ਜਦੋਂ ਹਾਜ਼ਰੀ ਵੀ ਜ਼ਿਆਦਾ ਹੁੰਦੀ ਹੈ ਤੇ ਸਬੰਧਤ ਪ੍ਰਬੰਧਕ ਵੀ ਸਾਰਾ ਜ਼ੋਰ ਪਾਠ ਕੀਰਤਨ ਲੰਗਰ ਆਦਿ ਤੇ ਲਾ ਦਿੰਦੇ ਹਨ। ਇਸ ਵਾਸਤੇ ਸੰਤ ਬਹਾਦਰ ਸਿੰਘ ਦੀ ਸੂਚਨਾ ਦਾ ਆਧਾਰ ਹੀ ਇਹ ਭੋਗ ਸਨ। ਪਰ ਮੈਂ ਬਾਦ ਵਿਚ ਜਥੇਦਾਰ ਜੀ ਨਾਲ ਬਾਹਰ ਵੀ ਵਿਚਰਿਆ ਹਾਂ। ਉਹ ਹਰ ਮੌਕੇ ਤੇ ਹਰ ਮਜ਼ਮੂਨ ਤੇ ਬਗੈਰ ਤਿਆਰੀ ਦੇ ਭਰਪੂਰ ਤਿਆਰੀ ਨਾਲ ਬੋਲ ਸਕਦੇ ਹਨ। ਕੁਝ ਕੁਝ ਯਾਦਗਾਰੀ ਮੌਕੇ ਅਜੇ ਵੀ ਜ਼ਿਹਨ ਵਿਚ ਹਨ।

ਸ਼ਾਮ ਦਾ ਟਿਕਾਅ ਵਾਲਾ ਸਮਾਂ ਲੁਧਿਆਣੇ ਉਦੋਂ ਨਿਟਵੀਅਰ ਵਾਲੇ ਸੰਤ ਸਰਦਾਰਾ ਸਿੰਘ ਪਰਿਵਾਰ ਵਲੋਂ ਸਮਾਗਮ। ਸ. ਜਗਮੋਹਨ ਸਿੰਘ, ਸੂਬਾ ਹਰਭਜਨ ਸਿੰਘ ਅਤੇ ਸ. ਬਖਸ਼ੀਸ਼ ਸਿੰਘ ਹੋਰਾਂ ਦੇ ਆਪਣੇ ਵਿਵਹਾਰ ਅਤੇ ਅਸਰ ਰਸੂਖ ਕਾਰਨ, ਲੁਧਿਆਣੇ ਸ਼ਹਿਰ ਦਾ ਵਪਾਰੀ ਤਬਕਾ, ਡਾਕਟਰ ਬਿਰਾਦਰੀ, ਅਫਸਰ, ਜੰਤਾ, ਮਜ਼ਦੂਰ, ਵਰਕਰ, ਸਭ ਧਾਰਮਕ ਸ਼੍ਰੇਣੀਆਂ ਦੇ ਪ੍ਰਮੁੱਖ ਲੋਕਾਂ ਅਤੇ ਨਾਮਧਾਰੀ ਸੰਗਤਾਂ ਦਾ ਬੇਪਨਾਹ ਇਕੱਠ ਸੀ। ਜਥੇਦਾਰ ਸੇਵਾ ਸਿੰਘ ਦਾ ਕਥਨ ਚਲ ਰਿਹਾ ਸੀ। ਸਭ ਭੁਲੇ ਹੋਏ ਸਨ ਕਿ ਇਸ ਦਿਸਦੇ ਸੰਸਾਰ ਤੇ ਵਿਚਰ ਰਹੇ ਹਨ। ਇਵੇਂ ਲਗ ਰਿਹਾ ਸੀ ਜਿਵੇਂ ਕਿਸੇ ਅਦਭੁਤ ਸੰਸਾਰ ਕਿਸੇ ਸਵਰਗ ਲੋਕ ਵਿਚ ਸਜੇ ਦੈਵੀ ਦਰਬਾਰ ਵਿਚ ਹੀ ਹੋਣ। ਜਿਵੇਂ ਕਿਸੇ ਨੇ ਜਾਦੂ ਧੂੜ ਦਿੱਤਾ ਹੋਵੇ। ਮੈਸਮਰਾਈਜ਼ ਕਰ ਦਿੱਤਾ ਹੋਵੇ।

ਸੰਤ ਗਿਆਨ ਸਿੰਘ ਵੀਰੋਕੇ ਨਾਮਧਾਰੀ ਸਮਾਜ ਦੇ ਨਿਰਸੰਦੇਹ ਬਹੁਤ ਮਹਾਨ ਸੰਤ ਵਿਚਾਰਕ ਗਿਆਨਵਾਨ ਸੰਗੀਤਕਾਰ ਪਾਠੀ ਅਤੇ ਉਚ ਦੁਮਾਲੜੇ ਜਥੇਦਾਰ ਹੋਏ ਹਨ। ਉਹਨਾਂ ਦੀ ਯਾਦ ਵਿਚ ਪਰਿਵਾਰ ਵਲੋਂ ਆਪਣੇ ਪਿੰਡ ਬਹਾਦਰ ਸੈਨ ਨੇੜੇ ਬਟਾਲਾ ਵਿਚ ਮੇਲਾ ਕੀਤਾ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਵੀ ਸਮੇਤ ਸੰਗਤ ਦੇ ਦਰਸ਼ਨ ਦਿੱਤੇ। ਸੰਗਤਾਂ ਦੀ ਗਿਣਤੀ ਦਾ ਪਾਰਾਵਾਰ ਨਹੀਂ ਸੀ। ਪਹਿਲੀ ਸ਼ਾਮ ਨੂੰ ਰਾਤ ਦੇ ਟਿਕਾਅ ਵਿਚ ਹੋਰ ਦੀਵਾਨਾਂ ਬਾਦ ਜਥੇਦਾਰ ਸੇਵਾ ਸਿੰਘ ਜੀ ਦਾ ਦੀਵਾਨ ਸਜਿਆ। ਜਥੇਦਾਰ ਸੇਵਾ ਸਿੰਘ ਜੀ ਦੇ ਵਿਖਿਆਨ ਦਾ ਅਕਰਸ਼ਨ ਸੀ ਕਿ ਬਹਾਦਰ ਸੈਨ ਅਤੇ ਆਲੇ ਦੁਆਲੇ ਦੀ ਕੁਲ ਆਬਾਦੀ ਦੀਵਾਨ ਅਸਥਾਨ ਵੱਲ ਧਾਈ ਕਰਕੇ ਆ ਰਹੀ ਸੀ। ਜਥੇਦਾਰ ਗਿਆਨ ਸਿੰਘ ਹੋਰਾਂ ਦੀ ਸ਼ਖਸੀਅਤ ਬਾਰੇ, ਉਹਨਾਂ ਦੀ ਉੱਚਤਾ ਬਾਰੇ ਜੋ ਮੌਲਿਕ ਵਿਚਾਰ


Namdhari Elibrary NamdhariElibrary@gmail.com



ਜਥੇਦਾਰ ਸੇਵਾ ਸਿੰਘ ਨੇ ਰੱਖੇ, ਉਹ ਸੁਣ ਕੇ ਸਾਡੇ ਵਰਗੇ ਵੀ ਹੈਰਾਨ ਹੋ ਗਏ, ਜਿਨ੍ਹਾਂ ਨੇ ਜਥੇਦਾਰ ਗਿਆਨ ਸਿੰਘ ਬਾਰੇ ਐਡੀਸ਼ਨ ਵੀ ਕੱਢੇ ਸਨ। ਅੱਜ ਤੱਕ ਉਸ ਇਲਾਕੇ ਦੇ ਲੋਕ ਉਸ ਯਾਦਗਾਰੀ ਰਾਤ ਨੂੰ ਯਾਦ ਕਰ ਕਰਕੇ ਪੁਛਦੇ ਹਨ। ਉਦੋਂ ਵਾਲੇ ਸੰਤ ਫੇਰ ਕਦੋਂ ਆਉਣਗੇ ?

ਬਿਰਤਾਂਤ ਜਿੰਨਾ ਮਰਜ਼ੀ ਲੰਬਾ ਕਰ ਲਈਏ ਹਰ ਦੀਵਾਨ ਦੀ ਹਰ ਵਖਿਆਨ ਦੀ ਆਪਣੀ ਮਹੱਤਤਾ ਹੈ। ਮੈਨੂੰ ਅਵਸਰ ਮਿਲਿਆ ਹੈ ਜਥੇਦਾਰ ਸੇਵਾ ਸਿੰਘ ਜੀ ਦੇ ਵਖਿਆਨ ਦੇਸ਼ ਵਿਚ ਵੀ ਅਤੇ ਬਦੇਸ਼ ਵਿਚ ਵੀ ਸੁਣਨ ਦਾ। ਅਫਰੀਕਾ ਇੰਗਲੈਂਡ ਅਤੇ ਅਮਰੀਕਾ ਵਿਚ ਵੀ। ਉਹਨਾਂ ਦੇ ਦੀਵਾਨ ਨਾਮਧਾਰੀ ਸਮਾਗਮਾਂ ਤੇ ਵੀ ਸੁਣੇ, ਸਿੰਘ ਸਭਾਵਾਂ ਦੇ ਗੁਰਦੁਆਰਿਆਂ ਵਿਚ ਵੀ, ਸਟੇਜ ਸੰਚਾਲਕ ਦੇ ਰੂਪ ਵਿਚ ਵੀ ਹਰ ਥਾਂ ਹੀ ਉਹਨਾਂ ਦੀ ਪ੍ਰਤਿਭਾ ਦੀ ਮੋਹਰ ਛਾਪ ਹੀ ਵੇਖੀ ਹੈ। ਉਹਨਾਂ ਦੇ ਬੋਲਦਿਆਂ ਕਿਸੇ ਦਾ ਧਿਆਨ ਦੂਸਰੇ ਪਾਸ ਨਹੀਂ ਜਾ ਸਕਦਾ। ਉਹਨਾਂ ਦੀਆਂ ਕੈਸਟਾਂ ਵੀ ਦਿੱਲੀ ਦੀ ਨਾਮਧਾਰੀ ਸੰਗਤ ਨੇ ਕੱਢੀਆਂ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਆਪ ਹਜ਼ੂਰੀ ਅਰਦਾਸੀਏ ਵੀ ਹਨ। ਉਹਨਾਂ ਦੀ ਸ਼ਖਸੀਅਤ ਵਿੱਚੋਂ ਸਾਧਨਾ ਦੀ ਕਮਾਈ ਝਲਕਦੀ ਹੈ। ਉੱਚਾ ਲੰਮਾ ਪਤਲਾ ਸਾਧਿਆ ਹੋਇਆ ਸਰੀਰ ਤੁਰਨ ਫਿਰਨ ਵਿਚ ਫੁਰਤੀਲਾਪਣ। ਹਵਾਈ ਜਹਾਜ਼ ਵਿਚ ਇਕ ਛੋਟਾ ਜਿਹਾ ਹੱਥ ਵਿਚ ਫੜਨ ਵਾਲਾ ਅਟੈਚੀ ਕੇਸ ਹੀ ਲੈ ਕੇ ਜਾਣਗੇ। ਜੋ ਅੰਦਰ ਹੀ ਰੱਖ ਲਿਆ ਜਾਵੇ ਤੇ ਉਤਰਨ ਲਗੇ ਆਪੇ ਚੁੱਕ ਕੇ ਸਭ ਤੋਂ ਅਗੇ। ਨਾ ਭਾਰੀ ਭਰਕਮ ਟਰੰਕ-ਸੂਟਕੇਸ ਲਿਜਾਣੇ ਨਾ ਲਗੇਜ ਬੈਲਟਾਂ ਤੇ ਉਡੀਕ ਕਰਨੀ ਤੇ ਨਾ ਸਮਾਨ ਗਵਾਚਣ ਦਾ ਝੋਰਾ। ਸੰਗੀਆਂ ਸਾਥੀਆਂ ਨਾਲ ਸੋਹਣੀ ਮਿੱਠੀ ਗੱਲਬਾਤ, ਮਿਲਵਰਤਨ ਅਤੇ ਹਸਮੁਖਤਾ ਵਾਲਾ ਵਰਤਾਓ। ਖਾਮੋਸ਼ ਕਟਾਖਸ਼, ਲਤੀਫ-ਬਿਆਨੀ ਜਥੇਦਾਰ ਸੇਵਾ ਸਿੰਘ ਜੀ ਦੇ ਅਨੇਕ ਗੁਣਾਂ ਦਾ ਹਿੱਸਾ ਹਨ। ਜਿਥੇ ਵੀ ਥਾਂ ਮਿਲੀ ਡੇਰਾ ਕਰ ਸਕਣ ਦੀ ਯੋਗਤਾ ਪਰ ਸਾਧ ਸੰਗਤ ਉਹਨਾਂ ਨੂੰ ਹੱਥਾਂ ਤੇ ਚੁੱਕੀ ਰੱਖਦੀ ਹੈ। ਜਥੇਦਾਰ ਸੇਵਾ ਸਿੰਘ ਆਪਣੀ ਹੱਥੀਂ ਕਿਰਤ ਕਰਦੇ ਹਨ। ਵੱਡਾ ਪਰਿਵਾਰ ਵੀ ਬਿਲਕੁਲ ਸਹੀ ਰੂਪ ਵਿਚ ਸੰਤੁਸ਼ਟ ਹੈ। ਆਪ ਦੇ ਹੱਥੀਂ ਬਣਾਈਆਂ ਜਾਂ ਦੇਖ ਰੇਖ ਵਿਚ ਬਣੀਆਂ ਕੋਠੀਆਂ ਆਪ ਦੀ ਸੂਝ ਬੂਝ ਅਤੇ ਕਾਰੀਗਰੀ ਦੀ ਮੁਹਾਰਤ ਦਾ ਕਮਾਲ ਹਨ। ਭਾਵੇਂ ਆਪ ਨੂੰ ਕਿਸੇ ਹੋਰ ਕੰਮ ਦੀ ਲੋੜ ਨਹੀਂ ਪ੍ਰਚਾਰ ਦੀਵਾਨਾਂ ਤੋਂ ਹੀ ਵਿਹਲ ਨਹੀਂ ਪਰ ਆਪ ਨੇ ਇਕ ਨੰਬਰ ਤੇ ਕਿਰਤ ਵਿਹਾਰ ਨੂੰ ਹੀ ਰਖਿਆ ਹੈ। ਭਾਸ਼ਣ ਉੱਚ ਪੱਧਰ ਦੇ ਹੁੰਦੇ ਹਨ। ਸੁਨਣ ਵਾਲੇ ਨੂੰ ਆਚਾਰੀਆ ਰਜਨੀਸ਼ ਜਾਂ ਮਸਕੀਨ ਜੀ ਦਾ ਭੁਲੇਖਾ ਵੀ ਪੈ ਸਕਦਾ ਹੈ। ਜੇ ਜਥਾ ਨਾਲ ਨਾ ਹੋਵੇ ਤਾਂ ਵਿਖਿਆਨ ਹੀ ਪ੍ਰਭਾਵ ਸਿਰਜਦਾ ਹੈ। ਕੀਰਤਨੀ ਜਥਾ ਨਾਲ ਹੋਵੇ ਤਾਂ ਕੁਝ ਹੋਰ ਰੰਗ ਹੋ ਜਾਂਦਾ ਹੈ। ਆਸਾ ਦੀ ਵਾਰ ਦਾ ਕੀਰਤਨ ਵੀ ਕਰ ਲੈਂਦੇ ਹਨ। ਨਾਮਧਾਰੀਆਂ ਦੇ ਸਿਰਮੌਰ ਜਥੇਦਾਰ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਨੇ ਇਕ ਸਮੇਂ ਲੇਖਕ ਨੂੰ ਦਸਿਆ ਕਿ ਇਸ ਵੇਲੇ ਜਥੇਦਾਰ ਸੇਵਾ ਸਿੰਘ ਦਿੱਲੀ ਵਾਲੇ ਸਾਡੇ ਸਾਰਿਆਂ ਤੋਂ ਉਪਰ ਹਨ। ਇਹ ਪੰਡਿਤ ਜੀ ਦੀ ਵਡਿਆਈ ਉਦਾਰਤਾ ਅਤੇ ਨਿਰਮਾਣਤਾ ਹੈ ਪਰ ਜਥੇਦਾਰ ਸੇਵਾ ਸਿੰਘ ਜੀ ਵੀ ਆਪਣੇ ਸਮਕਾਲੀ ਵਿਦਵਾਨਾਂ ਪ੍ਰਚਾਰਕਾਂ ਅਤੇ ਜਥੇਦਾਰਾਂ ਦਾ ਬਹੁਤ ਆਦਰ ਮਾਣ ਕਰਦੇ ਹਨ। ਆਪ ਬਹੁਤ ਅੱਛੀ ਢੋਲਕ ਵਜਾ ਸਕਦੇ ਹਨ ਅਤੇ ਲੋੜ ਪੈਣ ਤੇ ਆਪਣੇ ਸਾਥੀ ਜਥੇਦਾਰਾਂ ਨਾਲ ਜਾਂ ਆਮ ਸ਼ਬਦ ਪੜ੍ਹਨ ਵਾਲਿਆਂ ਨਾਲ ਢੋਲਕ ਵਜਾਉਣ ਦੀ ਸੇਵਾ ਕਰਨ ਤੋਂ ਵੀ ਝਿਜਕਦੇ ਨਹੀਂ। ਉੱਚੇ ਲੰਮੇ ਪਤਲੇ ਖੂਬਸੂਰਤ ਦਿੱਖ ਵਾਲੇ ਬਹੁਤ ਫਬਵੇਂ ਬਸਤਰਾਂ ਵਾਲੇ ਸੇਵਾ ਸਿੰਘ ਜੀ ਸੂਰਤ ਸੀਰਤ ਅਤੇ ਗੁਣਾਂ ਵਲੋਂ ਸਭ ਨੂੰ ਮੋਹੰਦੇ ਹਨ। ਆਪਣੇ ਸਤਿਗੁਰੂ ਦੇਵ, ਸਤਿਗੁਰੂ ਜਗਜੀਤ ਸਿੰਘ ਜੀ ਤੇ ਅਥਾਹ ਸ਼ਰਧਾ ਰਖਦੇ ਹਨ ਅਤੇ ਉਹਨਾਂ ਦੇ ਪਿਆਰ ਦੇ ਬੋਹਲਾਂ ਦੇ ਬੋਹਲ ਪ੍ਰਾਪਤ ਕਰਦੇ ਹਨ।

ਜਥੇਦਾਰ ਸੇਵਾ ਸਿੰਘ ਨੇ ਨਾ ਆਪਣਾ ਆਪ ਜਤਾਇਆ ਹੈ ਨਾ ਵੱਧ ਚੜ੍ਹ ਕੇ ਗੱਲ ਕੀਤੀ ਹੈ ਨਾ (ਇਸ਼ਾਰੇ ਨਾਲ ਵੀ) ਕੋਈ ਮਾਇਆ ਜਾਂ ਹੋਰ ਚੀਜ਼ ਦੀ ਖਾਹਸ਼ ਰੱਖੀ ਹੈ। ਘਰ ਸੁਖ ਵਸਿਆ ਬਾਹਰ ਸੁਖ ਪਾਇਆ" ਅਤੇ " ਸਤਿਗੁਰੂ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ" ਵਾਲੀ ਅਵਸਥਾ ਹੈ। ਜੇ ਘਰ ਜਾਵੋ ਤਾਂ ਆਮ ਤੌਰ ਤੇ ਗ੍ਰੰਥਾਂ ਦੇ ਅਧਿਐਨ ਵਿਚ ਵਿਅਸਤ ਨਜ਼ਰੀਂ ਆਉਣਗੇ। ਲੱਖ ਖੁਸ਼ੀਆਂ ਪਾਤਸ਼ਾਹੀਆਂ ਵਿਚ ਵਿਚਰਦੇ ਅਤੇ ਖੁਸ਼ੀਆਂ ਵੰਡਦੇ ਨਜ਼ਰ ਆਉਂਦੇ ਹਨ।

ਮੈਂ ਕੁਝ ਜਾਨਣ ਬੁਝਣ ਦੀ ਗਰਜ਼ ਨਾਲ ਆਪ ਦੇ ਨਿਵਾਸ ਅਸਥਾਨ ਤੇ ਗਿਆ ਤਾਂ ਆਪ ਆਪਣੇ ਮਕਾਨ ਦੀ ਤੀਜੀ ਮੰਜ਼ਿਲ ਤੇ ਰਾਜ ਮਿਸਤਰੀਆਂ ਤੋਂ ਕੰਮ ਕਰਵਾ ਰਹੇ ਹਨ। ਸਾਰੇ ਕੱਪੜੇ ਰੇਤ ਸੀਮੇਂਟ ਮਿੱਟੀ ਦੀ ਧੂੜ ਨਾਲ ਭਰੇ ਹੋਏ। ਵਕਤ ਸਿਰ


Namdhari Elibrary NamdhariElibrary@gmail.com

ਕਾਰੀਗਰਾਂ ਨੂੰ ਛੁੱਟੀ ਕਰਵਾ ਕੇ ਥੱਲੇ ਆਏ। ਆਪਣੀ ਬੈਠਕ ਵਿਚ ਬੈਠੇ ਤਾਂ ਮੈਂ ਕੁਝ ਗੱਲਾਂ ਪੁੱਛੀਆਂ। ਸੰਤਾਂ ਨੇ ਉਹ ਦੱਸਦਿਆਂ ਨਿਸੰਗਤਾਂ ਕਾਇਮ ਰੱਖੀ। ਬਹੁਤਾ ਇਹ ਹੀ ਸੀ। " ਮੈਨੂੰ ਆਹ ਵੀ ਨਹੀਂ ਆਉਂਦਾ ਤੇ ਆਹ ਵੀ ਨਹੀ।" ਜਾਣਕਾਰੀ ਦੇ ਕੁਝ ਅੰਸ਼ ਹਾਜ਼ਰ ਹਨ?

**? ...ਪਿਤਾ ? ਮਾਤਾ ? ਪਿੰਡ ਤੇ ਮੁਢਲੇ ਸਮਾਚਾਰ**

—ਪਿਤਾ ਸੰਤ ਬੂੜ ਸਿੰਘ ਸੋਧੀ ਸਨ। ਲੰਗਰ ਵਿਚ ਸੇਵਾ ਕਰਦੇ ਸਨ। ਮਾਤਾ ਦਾ ਨਾਮ ਪ੍ਰਤਾਪ ਕੌਰ ਹੈ ਪਿਛਲਾ ਪਿੰਡ ਫਤੂਹੀ ਚੱਕ, ਤਹਿਸੀਲ ਸ਼ਕਰਗੜ੍ਹ, ਜ਼ਿਲ੍ਹਾ ਗੁਰਦਾਸਪੁਰ, ਸ਼ਕਰਗੜ੍ਹ ਤਹਿਸੀਲ ਅੱਜਕਲ੍ਹ ਪਾਕਿਸਤਾਨ ਵਿਚ ਹੈ) ਜਨਮ ਸੰਨ ੧੯੨੮, ੧੪-੧੫ ਅਗਸਤ ਬਣਦਾ ਹੈ। ਭਾਦਰੋਂ ਦੇ ਮਹੀਨੇ ਵਿਚ। ੧੬ ਸੋਲਾਂ ਦੀ ਉਮਰ ਵਿਚ ੧੯੪੪ ਵਿਚ ਰਾਵਲ ਪਿੰਡੀ ਕੰਮ ਸਿਖਣ ਚਲਾ ਗਿਆ। ਉਥੇ ਹੀ ਜਥੇਦਾਰ ਨੱਥਾ ਸਿੰਘ (ਸੰਪਾਦਕ ਦੇ ਪਿਤਾ ਜੀ) ਹੁੰਦੇ ਸਨ ਜੋ ਬਹੁਤ ਸਰਗਰਮ ਸਨ। ਦੀਵਾਨ ਲਾਉਂਦੇ ਸਨ ਹੋਰ ਵੀ ਮਹੌਲ ਕੀਰਤਨ ਅਤੇ ਧਾਰਮਿਕ ਸਮਾਗਮਾਂ ਦਾ ਸੀ। ਉਥੇ ਢੋਲਕੀ ਵਜਾਉਣ ਦਾ ਸ਼ੌਕ ਸੀ। ਕਦੇ ਕਦੇ ਸ਼ਬਦ ਵੀ ਪੜ੍ਹ ਲੈਣਾ। ਪਾਕਿਸਤਾਨ ਬਣਨ ਬਾਦ ਸਰਸੇ ਤਹਿਸੀਲ ਵਿਚ ਰਾਣੀਆਂ ਕਸਬੇ 'ਚ ਆ ਗਏ। ਇਥੇ ਆਸਾ ਦੀ ਵਾਰ ਲੈਣ ਦਾ ਸ਼ੌਕ ਜਾਗ ਪਿਆ, ਬਗੈਰ ਵਾਜੇ ਤੋਂ ਹੀ। ਵਾਜਾ ਸੰਤ ਪਿਆਰਾ ਸਿੰਘ ਬਾਜਵਾ ਕੋਲੋਂ ਲਿਆ। ਆਪ ਹੀ ਸੁਰਾਂ ਨੱਪ ਨੁੱਪ ਕੇ ਆਪ ਹੀ ਗਾ ਵਜਾ ਲੈਣਾ। ਸਕੂਲ ਦੀ ਪੜ੍ਹਾਈ ਨਹੀਂ। ਘਰ ਹੀ ੳ ਅ ਪੜ੍ਹਿਆ। ਘਰ ਵਿਚ ਸੰਤਾਂ ਦੀ ਆਵਾਜਾਈ ਬਹੁਤ ਸੀ। ੧੯੫੭ ਵਿਚ ਸਰਸੇ ਕੰਮ ਕਰਦਾ ਸਾਂ। ਢੋਲਕ ਵਜਾਂਦਾ ਸਾਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰ ਵੀ ਸਾਡਾ ਜਥਾ ਆਸਾ ਦੀ ਵਾਰ ਕੀਰਤਨ ਕਰਦਾ ਹੁੰਦਾ ਸੀ। ਕੋਈ ਸ਼ਬਦ ਕਿਸੇ ਨੇ ਪੜ੍ਹਨਾ ਕੋਈ ਛੱਕਾ ਕਿਸੇ ਨੇ ਲਾਉਣਾ। ਇਕ ਛੱਕਾ ਹੈ " ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ......।" ਮੈਂ ਇਸ ਤੋਂ ਪਹਿਲਾਂ ਸ਼ਬਦ ਪੜ੍ਹਿਆ " ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ।" ਇਹ ਗੱਲ ਰਾਣੀਆਂ ਦੀ ਹੈ। ਸਤਿਗੁਰੂ ਜੀ ਦੀ ਨਜ਼ਰ ਮੇਰੇ ਤੇ ਪਈ। ਭੋਗ ਤੋਂ ਬਾਦ ਮੁਸਕਰਾ ਕੇ ਮੈਨੂੰ ਕਹਿਣ ਲੱਗੇ ਕਾਕਾ ਤੂੰ ਤੇ ਸ਼ਬਦ ਪੜ੍ਹ ਲੈਨੇ। ਸ਼ਬਦ ਯਾਦ ਕਰ ਕੇ ਪੜ੍ਹਿਆ ਕਰ। ਸਤਿਗੁਰਾਂ ਦੀ ਉਸ ਨਜ਼ਰ ਨੇ ਮੈਨੂੰ ਨਵਾਂ ਉਭਾਰ ਦਿੱਤਾ। ਮੈਂ ਇਕ ਇਕ ਦਿਨ ਵਿੱਚ ਪੰਜ ਪੰਜ ਸ਼ਬਦ ਯਾਦ ਕਰ ਲੈਣੇ। ਇਹਨਾਂ ਸਤਿਗੁਰਾਂ (ਸਤਿਗੁਰੂ ਜਗਜੀਤ ਸਿੰਘ ਜੀ) ਦੇ ਗੱਦੀ ਤੇ ਬੈਠਣ ਬਾਦ ਵੀ ਵਾਰ ਲਾਉਣੀ। ਮੈਂ ੧੯੬੪ ਵਿਚ ਦਿੱਲੀ ਆ ਗਿਆ। ਇਥੇ ਗਿਆਨੀ ਗੁਰਬਖਸ਼ ਸਿੰਘ ਜੀ ਹੋਰਾਂ ਨਾਲ ਦੀਵਾਨਾਂ ਤੇ ਜਾਣਾ। ਉਹਨਾਂ ਥੋੜ੍ਹਾ ਟਾਈਮ ਦੇ ਦੇਣਾ। ਮੈਂ ੧੯੭੫ ਵਿਚ ਵਿਆਖਿਆ ਸ਼ੁਰੂ ਕੀਤੀ। ਤੇ ਫੇਰ ਵਿਆਖਿਆ ਚਾਲੂ ਹੋ ਗਈ।

**ਤੁਸੀਂ ਇਸ ਵਿਆਖਿਆ ਲਈ ਅਭਿਆਸ ਜਾਂ ਤਿਆਰੀ ਕਰਦੇ ਹੋ?—**

ਮੈਂ ਰਜਨੀਸ਼, ਮਸਕੀਨ ਤੇ ਹੋਰ ਵਿਆਖਿਆ ਕਾਰਾਂ ਦੀਆਂ ਪੁਸਤਕਾਂ ਪੜ੍ਹੀਆਂ ਹਨ। ਪਰ ਮੈਂ ਕਿਸੇ ਦੀ ਨਕਲ ਨਹੀਂ ਕੀਤੀ। "੧ਓ ਸਤਿਨਾਮੁ" ਰਜਨੀਸ਼ ਹੋਰਾਂ ਦਾ ਸਤਿਗੁਰਾਂ ਮੈਨੂੰ ਦਿੱਤਾ ਸੀ। ਮੈਂ ਸਿੱਧੀ ਸਾਫ ਗੱਲ ਹੀ ਕਰਦਾ ਹਾਂ। ਮੈਂ ਇਸ ਨੂੰ ਲੈਕਚਰ ਨਹੀਂ ਆਖਦਾ। ਭਾਵੇਂ ਤੁਸੀਂ ਲੋਕ ਇਵੇਂ ਕਹਿ ਦਿੰਦੇ ਹੋ।

**? ਤੁਹਾਡੇ ਮਨ ਨੇ ਕਿਹੜੇ ਨਾਮਧਾਰੀ ਜਥੇਦਾਰ ਦਾ ਪ੍ਰਭਾਵ ਜ਼ਿਆਦਾ ਗ੍ਰਹਿਣ ਕੀਤਾ ਹੈ? —**

ਜਥੇਦਾਰ ਗਿਆਨ ਸਿੰਘ ਵੀਰੋਕੇ। ਉਹਨਾਂ ਦੇ ਬਹੁਤ ਦੀਵਾਨ ਸੁਣੇ ਤੇ ਮੈਂ ਬਹੁਤ ਪ੍ਰਭਾਵਤ ਰਿਹਾਂ।

ਨਕੋੜਾ ਹੋਲੇ ਤੇ ਸੰਤ ਟਹਿਲ ਸਿੰਘ ਸੱਦੋਵਾਲੀਏ ਆਏ ਸਨ। ਰਾਣੀਆਂ ਪਿੰਡ ਥੜੇ ਤੇ ਦੀਵਾਨ ਰਖਿਆ ਸੀ। ਜਥੇਦਾਰ ਖਜ਼ਾਨ ਸਿੰਘ ਗਿਲਾਂ ਦਾ ਬੋਲਦਾ ਸੀ। ਮੈਂ ਉਥੇ ਇਕ ਕਬਿਤ ਅਕਾਲ ਉਸਤਤ ਚੋਂ ਪੜ੍ਹਿਆ। —

ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਬੈਰਾਗੀ ਬਨੇ,
ਕਬਹੂੰ ਸਨਿਆਸ ਭੇਸ ਬਨ ਕੈ ਦਿਖਾਵਈ॥
ਕਹੂੰ ਪਉਨਹਾਰੀ ਕਹੂੰ ਬੈਠੇ ਲਾਇ ਤਾਰੀ
ਕਹੂੰ ਲੋਭ ਕੀ ਖੁਮਾਰੀ ਸੌਂ ਅਨੇਕ ਗੁਨ ਗਾਵਈ॥
ਕਹੂੰ ਬ੍ਰਹਮਚਾਰੀ ਕਹੂੰ ਹਾਥ ਪੈ ਲਗਾਵੈ ਬਾਰੀ
ਕਹੂੰ ਡੰਡਧਾਰੀ ਹੋਇਕੈ ਲੋਗਨ ਭ੍ਰਮਾਵਈ।।
ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਨ ਸੋ
ਗਿਆਨ ਕੇ ਬਿਹੀਨ ਕੈਸੇ ਬ੍ਰਹਮ ਲੋਕ ਪਾਵਈ॥

ਦੀਵਾਨ ਬਾਦ ਸੰਤ ਟਹਿਲ ਸਿੰਘ ਸੱਦੋਵਾਲੀਏ ਕਹਿਣ ਲਗੇ। " ਕਾਕਾ ਉਰੇ ਆ। ਤੁਹਾਡਾ ਕਿਹੜਾ ਪਿੰਡ ਐ ? ਕਿਹਦਾ ਪੁੱਤਰ ਏਂ? .........ਉਹ ਪਈ ਥੱਲੇ ਥੱਲੇ .......। ਮੈਂ ਸਤ ਦਿਨ ਇਥੇ ਰਹਿਣੈ। ਤੂੰ ਮੈਥੋਂ ਰੋਜ਼ ਕੁਝ ਨਾ ਕੁਝ ਪੁੱਛਿਆ ਕਰ। ਮੈਨੂੰ ਜਾਪਦੈ ਤੂੰ ਵਕਤਾ ਵਧੀਆ ਬਣੇਂਗਾ। ਪੜ੍ਹਿਆ ਕਰ ਤੇ ਯਾਦ ਕਰਿਆ ਕਰ। ਫੇਰ ਜੱਫੀ 'ਚ ਲੈ ਕੇ ਕਹਿਣ ਲੱਗੇ, ਤੂੰ ਜਥੇਦਾਰ ਬਣੇਂਗਾ। ਦੀਵਾਨ ਵਿਚ ਕਵਿਤਾ ਨਾ ਬੋਲੀਂ। ਗੁਰਬਾਣੀ ਤੇ ਹੀ ਬੋਲਣਾ। ਜੇ ਕਵਿਤਾ ਕਹੇਂਗਾ ਤਾਂ ਯੱਭਲ ਕਵੀ ਦੀ ਨਾ ਕਹੀਂ। ਸੋ ਗੁਰਬਾਣੀ ਦੇ ਪ੍ਰਮਾਣ ਸਟੀਕ ਹੁੰਦੇ ਹਨ। ਹਰ ਮਜ਼ਹਬ ਸੰਪਰਦਾ ਦੇ ਲੋਕ ਪਸੰਦ ਕਰਦੇ ਹਨ। ਦਿੱਲੀ ਵਿਚ ਬਹੁਤ ਆਦਰ ਨਾਲ ਲੋਕ ਸੁਣਦੇ ਆ ਰਹੇ ਹਨ।

**? ਤੁਸੀਂ ਦਸਮ ਗ੍ਰੰਥ ਤੋਂ ਪ੍ਰਮਾਣ ਬਹੁਤ ਸਰਲਤਾ ਅਤੇ**


Namdhari Elibrary NamdhariElibrary@gmail.com



ਅਧਿਕਾਰ ਨਾਲ ਦਿੰਦੇ ਹੋ। ਏਨੀ ਦਸਮ ਦੀ ਬਾਣੀ ਕਿਵੇਂ ਯਾਦ ਹੋਈ।

— ਪਾਕਿਸਤਾਨ ਬਨਣ ਤੋਂ ਪਹਿਲਾਂ ਪਿਤਾ ਜੀ ਦਾ ਸ਼ੌਕ ਸੀ ਮੈਨੂੰ ਅਖੰਡ ਪਾਠੀ ਬਨਾਉਣ ਦਾ। ਬਾਬਾ ਸੇਵਾ ਸਿੰਘ ਸੂਬਾ ਗੁਰਦਾਸਪੁਰ ਹੋਰਾਂ ਨਾਲ ਮੈਂ ਅਖੰਡ ਪਾਠੀ ਰਿਹਾਂ। ੧੯੪੨ ਵਿਚ ਸਵਾ ਲੱਖ ਪਾਠਾਂ 'ਚ ਮੈਂ ਸਰਗਰਮੀ ਨਾਲ ਹਿੱਸਾ ਲਿਆ। ਅਸੀਂ ਹਵਨ ਅਤੇ ਵਰਨੀਆਂ ਕਰਕੇ ਉਥੇ ਦਸਮ ਗੁਰੂ ਜੀ ਦੀਆਂ ਬਾਣੀਆਂ ਅਕਾਲ ਉਸਤਤ ਚੰਡੀ ਦੀ ਵਾਰ ਆਦਿਕ ਪੜ੍ਹਦੇ। ਚਲੰਤ ਜ਼ਬਾਨ ਹੁੰਦੀ ਸੀ ਅਭਿਆਸ ਕਰਦਿਆਂ ਇਹ ਸਾਰੀ ਬਾਣੀ ਕੰਠੋਂ ਯਾਦ ਹੋ ਗਈ। ਸਾਰੀਆਂ/ ਕਬਿੱਤਾਂ ਸਰਲ ਨੇ ਬਗੈਰ ਰੋਕ ਟੋਕ ਦੇ ਪੜ੍ਹ ਜਾਂਦਾ।

ਕਵਿਤਾ ਨੇ ਦੁਨੀਆਂ ਦੇ ਇਤਿਹਾਸ ਨੂੰ ਸ਼ਿੰਗਾਰਿਆ ਹੈ। ਕਵਿਤਾ ਕਿਹੋ ਜਿਹੀ ਹੋਵੇ। ਜਦੋਂ ਗੁਰ ਗੋਬਿੰਦ ਸਿੰਘ ਜੀ ਦੀ ਬਾਣੀ ਦੇ ਨਮੂਨੇ ਪੇਸ਼ ਕਰੀਦੇ ਹਨ ਤਾਂ ਸਾਧ ਸੰਗਤ ਬਹੁਤ ਪਸੰਦ ਕਰਦੀ ਹੈ। ਬਦੇਸ਼ਾਂ ਵਿਚ ਸਾਧ ਸੰਗਤ ਬਹੁਤ ਪਸੰਦ ਕਰਦੀ ਹੈ। ਬਦੇਸ਼ਾਂ ਵਿਚ ਸਾਧ ਸੰਗਤ ਜਦੋਂ ਸੁਣਦੀ ਹੈ ਤਾਂ ਉਹਨਾਂ ਨੂੰ ਇਕ ਨਵਾਂ ਅਨੁਭਵ ਹੁੰਦਾ ਹੈ। ਆਮ ਤੌਰ ਤੇ ਰਾਗੀ ਸਿੰਘ ਜਾਂ ਵਿਆਖਿਆਕਾਰ ਦਸਮ ਗ੍ਰੰਥ ਦੀ ਬਾਣੀ ਨਹੀਂ ਪੜ੍ਹ ਸਕਦੇ ਹੁੰਦੇ।

? ਤੁਸੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਕਟ ਵਰਤੀਆਂ 'ਚ ਕਦੋਂ ਤੇ ਕਿਵੇਂ ਆਏ ?

— ਸੰਨ ੧੯੬੩ ਵਿਚ ਪਿੰਡ ਅਮਰਸਰ ਜ਼ਿਲ੍ਹਾ ਸਰਸਾ ਦੇ ਪਹਿਲੇ ਹੋਲੇ ਤੇ ਗਿਆ। ਸੰਤ ਤਰਸੇਮ ਸਿੰਘ ਨਿੱਜੀ ਸਕੱਤਰ ਨੇ ਕਿਹਾ ਕਿ ਤੁਹਾਡੇ ਦੀਵਾਨ ਵਿਚ ਸਤਿਗੁਰੂ ਜੀ ਦਰਸ਼ਨ ਦੇਣਗੇ ਅਤੇ ਕੀਰਤਨ ਖੁਦ ਸੁਨਣਗੇ। ਮੈਂ ਉਸ ਦਿਨ ਦੀਵਾਨ ਦਾ ਪ੍ਰਕਰਣ ਰਖਿਆ " ਸਤਿਗੁਰ ਪੂਰਾ ਵੈਦ ਹੈ।" ਇਸ ਵਿਚ ਪੂਰਵ ਸਤਿਗੁਰੂਆਂ ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਇਤਿਹਾਸਿਕ ਹਵਾਲਿਆਂ ਨਾਲ ਮੈਂ ਆਪਣਾ ਕਥਨ ਮੁਕੰਮਲ ਕੀਤਾ। ਸਤਿਗੁਰੂ ਜੀ ਉਸ ਦਿਨ ਦੀਵਾਨ ਵਿਚ ਨਹੀਂ ਆਏ। ਪਰ ਉਹਨਾਂ ਸਾਰਾ ਵਖਿਆਨ ਤੰਬੂ ਵਿਚ ਸੁਣਿਆ। ਬਾਦ ਵਿਚ ਮੈਨੂੰ ਕਹਿਣ ਲੱਗੇ ਅਜੇ ਵਡਿਆਂ (ਸਤਿਗੁਰਾਂ) ਦੀ ਗੱਲ ਹੀ ਕਰਿਆ ਕਰੋ।

ਫੇਰ ਮੈਨੂੰ ੧੯੮੪ ਵਿਚ ਮੱਧ ਪਰਦੇਸ਼ ਦੇ ਦੌਰੇ ਤੇ ਲੈ ਗਏ। ਦਿੱਲੀ ਆ ਕੇ ਹੁਕਮ ਹੋਇਆ ਕਿ ਪਾਸਪੋਰਟ ਬਣਵਾ ਛੱਡੋ। ਸੰਨ ੧੯੮੫ ਵਿਚ ਪਹਿਲੀ ਵਾਰ ਵਿਦੇਸ਼ ਵਿਚ ਦਾਰਾਸਲਾਮ ਤਨਜ਼ਾਨੀਆ ਦੇ ਹੋਲੇ ਤੇ ਲੈ ਕੇ ਗਏ। (ਇਸ ਦੌਰੇ ਸਮੇਂ ਲੇਖਕ ਨਾਲ ਹੀ ਸੀ। ਸਤਿਗੁਰਾਂ ਦੇ ਉਥੇ ਪੁੱਜਣ ਤੋਂ ਪਹਿਲਾਂ ਅਤੇ ਪੁੱਜਣ ਸਮੇਂ ਲਗਾਤਾਰ ਦੀਵਾਨਾਂ ਦੀ ਜੋ ਛਹਿਬਰ ਲਾਈ ਉਹ ਅਜੇ ਤੱਕ ਦਿਮਾਗ ਵਿਚ ਤਰੋ-ਤਾਜ਼ਾ ਹੈ।) ਉਸ ਤੋਂ ਬਾਦ ੮ ਦੌਰੇ ਅਫਰੀਕਾ ਦੇ ਹੋਏ ਹਨ, ੬ ਪੱਛਮੀ ਮੁਲਕਾਂ ਦੇ ਯੂਰਪ ਅਤੇ ਅਮਰੀਕਾ ਆਦਿ ਦੇ ੪ ਥਾਈਲੈਂਡ ਦੇਸ ਦੇ। ਬਹੁਤ ਘੁੰਮ ਲਿਐ ਹੁਣ ਬਹੁਤਾ ਜਾਣ ਨੂੰ ਜੀ ਨਹੀਂ ਕਰਦਾ। ਛੁੱਟੀ ਵੀ ਮੰਗਦਾਂ ਸੱਚੇ ਪਾਤਸ਼ਾਹ ਕੋਲੋਂ।

? ਤੁਸੀਂ ਆਪਣਾ ਵਿਹਾਰ ਨਾ ਵੀ ਕਰੋ ਤਾਂ ........ ਘਰ ਆਰਾਮ ਕਰੋ ਜੇ ........?

— ਵਿਹਾਰ ਵੀ ਵੇਖਣਾ ਹੁੰਦੈ। ਸੂਬਾ ਮੇਵਾ ਸਿੰਘ ਸ਼ਾਹਪੁਰ ਨੇਕੀ ਸ਼ਕਰਗੜ੍ਹ ਆਖਦੇ ਹੁੰਦੇ ਸਨ, ਕੀਰਤਨ ਕਰਨ ਵਾਲਿਆਂ ਨੂੰ ਆਪਣਾ ਵਿਹਾਰ ਕਰਨਾ ਚਾਹੀਦਾ ਹੈ। ਕੋਠੇ ਦੇ ਘਾਹ ਨਾਲ ਮੱਝ ਨਹੀਂ ਰੱਜਦੀ। ਵਿਹਾਰ ਘਰ ਬੈਠਣ ਨਹੀਂ ਦਿੰਦਾ। ਆਦਮੀ ਰੁੱਝਾ ਵੀ ਰਹਿੰਦੈ। ਘਰ ਬੈਠਿਆਂ ਰਹਿਣਾ ਤਾਂ ਬੀਮਾਰੀ ਨੂੰ ਸੱਦਾ ਦੇਣਾ ਹੈ। ਕਾਰ ਵਿਹਾਰ ਕਰਕੇ ਸਾਧ ਸੰਗਤ ਦੇ ਦਰਸ਼ਨ ਨਾਲ ਕਥਾ ਕੀਰਤਨ ਵੀ ਚਲਦਾ ਰਹਿੰਦਾ ਹੈ।

? ਪਰਿਵਾਰ ......

— ਘਰੋਂ ਮੇਰਿਓ ਪ੍ਰੀਤਮ ਕੌਰ ਹੈ। ਜਥੇਦਾਰ ਗੁਰਦੀਪ ਸਿੰਘ ਹੋਰਾਂ ਦੀ ਭੈਣ ਹੈ। ਪੰਜ ਸਪੁੱਤਰ ਹਨ ਸੱਤਪਾਲ ਸਿੰਘ, ਜਸਪਾਲ ਸਿੰਘ, ਸਰਨਪਾਲ ਸਿੰਘ, ਨਿਰਮਲ ਸਿੰਘ ਤੇ ਰਾਜਾ-ਰਾਜਿੰਦਰ ਸਿੰਘ। ਇਕ ਸਪੁੱਤਰੀ ਹੈ ਬੀਬੀ ਨਰਿੰਦਰ, ਚਾਹਲਾਂ ਦੇ ਸ. ਸਰਦਾਰ ਸਿੰਘ ਹੋਰਾਂ ਨਾਲ ਵਿਆਹੀ ਹੋਈ ਹੈ। (ਬੀਬੀ ਨਰਿੰਦਰ ਵਿਦਿਅਕ ਜਥੇ ਦੀ ਇਸਤਰੀ ਵਿੰਗ ਦੀ ਉੱਘੀ ਕਾਰਕੁੰਨ ਹੈ।)

ਜਥੇਦਾਰ ਸੇਵਾ ਸਿੰਘ ਹੋਰਾਂ ਕੋਲ ਤਾਂ ਸਮੁੰਦਰ ਵਾਂਗ ਗਿਆਨ ਭੰਡਾਰ ਹੈ। ਸਮੇਂ ਦੇ ਵਸ ਵਿਚ ਅਸਾਂ ਕੁਝ ਕੁ ਚੂਲੀਆਂ ਪ੍ਰਾਪਤ ਕੀਤੀਆਂ ਹਨ।


Namdhari Elibrary NamdhariElibrary@gmail.com



ਕੂਕਾ ਲਹਿਰ ਦੇ ਅਮਰ ਨਾਇਕ :

# ਸੂਰਮੇ ਸੁਭਾਅ ਵਾਲਾ ਜਥੇਦਾਰ ਬੰਤਾ ਸਿੰਘ ਬੂੜੇ ਡੱਲਾ

*—ਸੁਵਰਨ ਸਿੰਘ ਵਿਰਕ*

"ਚੇਤਰ ਚਾਲ ਹੈ ਨਿਆਰੀ ਇਕ ਪੰਥ ਨਾਮਧਾਰੀ,
ਸਿੰਘ ਹੋਇ ਬੇਸ਼ੁਮਾਰੀ, ਫਤੇ ਸਭ ਕੋ ਬੁਲਾਂਵਦੇ।
ਕੰਘਾ ਕੇਸ ਤੇ ਕ੍ਰਿਪਾਨ ਕੱਛ ਕੜਾ ਇਹ ਪਛਾਨ,
ਇਹੋ ਸਿੰਘਾਂ ਦੇ ਨਿਸ਼ਾਨ ਜੋ ਪਹਿਰਾਵਾ ਅੰਗ ਲਾਂਵਦੇ।
ਬੈਠ ਲਾਂਵਦੇ ਦੀਵਾਨ ਸਾਰਾ ਵੇਖਦਾ ਜਹਾਨ,
ਇਕ ਹੋਣ ਮਸਤਾਨੇ ਛੈਣੇ ਢੋਲਕੀ ਵਜਾਂਵਦੇ।
ਨਿਹਾਲ ਸਿੰਘ ਸਾਧ ਸੰਤ ਬੈਠ ਪੜ੍ਹਦੇ ਨੇ ਗ੍ਰੰਥ,
ਇਕ ਉੱਠ ਪਰਭਾਤੇ ਵਾਰ ਆਸਾ ਦੀ ਲਗਾਂਵਦੇ।"

— ਬਾਬਾ ਸਾਹ, ਸੰਤ ਨਿਹਾਲ ਸਿੰਘ ਜੀ

"ਵੱਜੇ ਢੋਲਕ ਛੈਣੇ ਖੜਕਣ,
ਹੱਲੇ ਦੇ ਸ਼ਬਦ ਕਲੇਜੇ ਰੜਕਣ,
ਬੀਬੀਆਂ ਵਾਂਗ ਕਬੂਤਰ ਫਟਕਣ,
ਕਰਦੀਆਂ ਨਿਰਤ ਪੈਰ ਨਹੀਂ ਅਟਕਣ,
ਖੁੱਲ੍ਹੇ ਕੇਸ ਗਲੇ ਵਿਚ ਲਟਕਣ, ਸੋਭਾ ਪਾਂਵਦੇ।"

— ਬਾਰਾਂਮਾਹਭਾਈ ਚੰਦਾ ਸਿੰਘ ਭੱਬਰਾ ਵਾਲੇ

ਕੂਕਾ ਲਹਿਰ ਦੇ ਪੰਜਾਬੀ ਸਾਹਿਤ ਵਿਚ ਉਨੀਵੀਂ ਸਦੀ ਦੇ ਨੌਵੇਂ ਦਹਾਕੇ ਵਿਚ ਰਚੇ ਗਏ, ਇਹਨਾਂ ਦੋਹਾਂ ਬਾਰਾਂ ਮਾਹਿਆਂ ਵਿਚ, ਕੂਕਾ ਜੀਵਨ ਜਾਚ ਅਤੇ ਨਾਮਧਾਰੀ ਸਤਿਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਉਹਨਾਂ ਤੋਂ ਵਰੋਸਾਏ, ਕੂਕੇ ਸਿੰਘਾਂ ਦੇ ਆਪਣੇ ਮੱਤ ਦੇ ਪਰਚਾਰ ਵਾਸਤੇ ਦੇਸ਼ਾਂ ਰਟਨ ਦਾ ਸਜੀਵ ਚਿਤਰਣ ਮਿਲਦਾ ਹੈ। ਬੇਸ਼ਕ ਸਤਿਗੁਰੂ ਰਾਮ ਸਿੰਘ ਜੀ ਤੋਂ ਹੀ ਨਾਮਧਾਰੀ ਪੰਥ ਵਿਚ, ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਨਾਲ ਲੋਕ ਧੁਨਾਂ ਅਤੇ ਸ਼ੈਲੀ ਨੂੰ ਇਕ ਜੁਟ ਕਰਨ ਵਾਲੀ, ਗੁਰਮਤਿ ਸੰਗੀਤਾਂ ਪਰੰਪਰਾ ਦਾ ਵੀ ਉਚਾ ਸਥਾਨ ਹੈ ਪਰ ਲੋਕ ਸਾਜ਼ਾਂ ਛੈਣੇ, ਢੋਲਕੀ, ਖੜਤਾਲਾਂ ਅਤੇ ਬਾਅਦ ਵਿਚ ਆਏ ਹਾਰਮੋਨਿਅਮ ਵਾਜਿਆਂ ਨਾਲ, ਲੱਗਣ ਵਾਲੇ ਹੱਲੇ ਦੇ ਦੀਵਾਨਾਂ ਦਾ ਵੀ ਆਪਣਾ ਮਹੱਤਵ ਹੈ। ਨਾਮਧਾਰੀ ਦੀਵਾਨਾਂ ਵਿਚ ਹੱਲੇ ਦੇ ਦੀਵਾਨ ਆਪਣੀ ਮਿਸਾਲ ਆਪ ਗਿਣੇ ਜਾਂਦੇ ਹਨ। ਪਿਛਲੀ ਸਦੀ ਦਾ ਸਤਿਗੁਰੂ ਪਰਤਾਪ ਸਿੰਘ ਜੀ ਦਾ ਨਾਮਧਾਰੀ ਪੰਥ ਦਾ ਸਮਾਂ ਹੱਲੇ ਦੇ ਦੀਵਾਨ ਲਾਉਣ ਵਾਲੇ ਅਨੇਕਾਂ ਜਥੇਦਾਰਾਂ ਦੇ ਵੱਡੇ ਨਾਵਾਂ ਨਾਲ ਜੁੜਿਆ ਹੋਇਆ ਹੈ। ਉਸ ਸਮੇਂ ਦੀ ਇਕ ਵਿਸ਼ੇਸ਼ਤਾ ਇਹ ਵੀ ਸੀ ਕਿ ਪਿਛਲੀ ਸਦੀ ਦੇ ਪਹਿਲੇ ਦੇ ਅੱਧ ਵਿਚ ਕੌਮੀ ਮੁਕਤੀ ਅੰਦੋਲਨ ਤੇ ਕੌਮੀ ਜ਼ੋਰ ਫੜਨ ਤੇ ਇਸਦੀ ਕਾਟ ਕਰਨ ਲਈ, ਵੱਖ ਵੱਖ ਧਰਮਾਂ ਅਤੇ ਇਕੋ ਧਰਮ ਦੇ ਵੱਖ ਵੱਖ ਫਿਰਕਿਆਂ ਵਿਚ, ਵਿਥਾਂ ਵਧਾਉਣ ਦਾ ਕੰਮ ਵੀ ਸਾਮਰਾਜੀ ਕੂਟ ਨੀਤੀ ਦੇ ਏਜੰਡੇ ਤੇ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਸਿੱਖ ਤਖਤਾਂ ਦੇ ਪੁਜਾਰੀਆਂ ਨੂੰ ਜੋ ਅੰਗਰੇਜ਼ਾਂ ਦੇ ਥਾਪੇ ਸਰਬਰਾਹ ਦੇ ਜ਼ੇਰ ਹੁੰਦੇ ਸਨ, ਨਾਮਧਾਰੀਆਂ ਵਿਰੁੱਧ ਫਤਵੇ ਜਾਰੀ ਕਰਵਾਕੇ ਵਰਤਿਆ। ਸਿੰਘ ਸਭਾ ਸੰਗਠਨਾਂ ਅਤੇ ਚੀਫ ਖਾਲਸਾ ਦੀਵਾਨ ਜਿਹੀਆ ਸਰਕਾਰ ਪ੍ਰਸਨ ਸੰਸਥਾਵਾਂ ਨੇ ਵੀ ਉਨੀਵੀਂ ਸਦੀ ਵਿਚ ਵਿਰਸੇ ਵਿਚ ਮਿਲੇ ਕੂਕਾ ਵਿਰੋਧ ਨੂੰ ਜਾਰੀ ਰੱਖਿਆ। ਇਸ ਲਈ ਪੰਜਾਬ ਦੇ ਕਈ ਇਲਾਕਿਆਂ ਵਿਚ, ਨਾਮਧਾਰੀ ਸਿੰਘਾਂ ਨੂੰ ਆਪਣੇ ਦੀਵਾਨ ਲਾਉਣ ਸਮੇਂ, ਵਿਘਨ ਪਾਉਣ ਵਾਲਿਆਂ ਨਾਲ ਡੰਡਾ ਸੋਟਾ ਵੀ ਕਰਨਾ ਪੈ ਜਾਂਦਾ ਸੀ। ਇਸ ਲਈ ਸਫਲ ਜਥੇਦਾਰ ਉਹੋ ਗਿਣਿਆਂ ਜਾਂਦਾ ਸੀ ਜਿਸ ਦੇ ਜਥੇ ਦੇ ਸ਼ਬਦੀ ਅਤੇ ਸਾਜ਼ੀ ਸਿੰਘ, ਲੋੜ ਪੈਣ ਤੇ ਡੰਗੋਰੀ ਵੀ ਫੇਰ ਸੱਕਦੇ ਸਨ। ਇਹੋ ਜਿਹਾ ਇਕ ਡਾਂਗ ਬਹਾਦਰ ਕੂਕਾ ਪਰਚਾਰਕ ਹੋਇਆ ਹੈ, ਜਥੇਦਾਰ ਬੰਤਾ ਸਿੰਘ ਬੂੜੇ ਡੱਲੀਆ। ਬੂੜਾ ਡੱਲਾ, ਵੰਡ ਤੋਂ ਪਹਿਲਾਂ ਦੇ ਕੋਟ ਨੈਣਾਂ ਥਾਣੇ ਦਾ ਜ਼ਿਲ੍ਹਾ ਗੁਰਦਾਸਪੁਰ ਦਾ ਪਿੰਡ ਸੀ ਜੋ ਬਟਵਾਰੇ ਬਾਦ ਪਾਕਿਸਤਾਨ ਵਿਚ ਚਲਾ ਗਿਆ ਸੀ ਕਿਉਂਕਿ ਇਹ ਵੀ ਗੁਰਦਾਸਪੁਰ ਦੀ ਸੱਕਰਗੜ੍ਹ ਤਹਿਸੀਲ ਦਾ ਪਿੰਡ ਸੀ।

ਸਾਡੇ ਬਹੁਤ ਸਾਰੇ ਹੋਰਨਾਂ ਮਹੱਤਵ ਪੂਰਨ ਨਾਮਧਾਰੀ ਸਿੰਘ ਜਿਉਂ ਜਥੇਦਾਰ ਬੰਤਾ ਸਿੰਘ ਦਾ ਜੀਵਨ ਵੀ ਕੁਝ ਸਮਾਂ ਲੋਕ ਸਿਮਰਤੀ ਵਿਚ ਜਿਉਂਕੇ ਚੇਤਿਆਂ 'ਚੋ ਔਝਲ ਹੋ ਜਾਂਦਾ ਜੇ ਜਥੇਦਾਰ ਸਾਹਿਬ ਦਾ ਇਕ ਚੇਲਾ ਜਿਸ ਨੇ ਅਠਾਰਾਂ ਵਰੇ ਆਪ ਦੀ ਸੰਗਤ ਮਾਣੀ ਸੀ, ਸੰਤ ਅਮਰ ਸਿੰਘ ਨਾਸੀ ਵੇਰੱਕੇ ਵਾਲੇ, ਉਹਨਾਂ ਦੀਆਂ ਕੁਝ ਯਾਦਾਂ ਨੂੰ ਕਾਨੀਬੰਦ ਨਾਂ ਕਰ ਜਾਂਦੇ ਅਤੇ ਸੰਤ ਜੀ ਦੀ ਦੋਹਤੀ ਬੀਬੀ ਅਸਤਿੰਦਰ ਕੌਰ ਅਤੇ ਪਤੀ ਸ੍ਰ. ਹਰਦੇਵ ਸਿੰਘ ਸਪੁੱਤਰ ਸ੍ਰ. ਸੰਤ ਸਿੰਘ ਦਿੱਲੀ, ਇਸ ਨੂੰ ਦੋ ਭਾਗਾ ਵਿਚ ਪਰਕਾਸ਼ਿਤ ਨਾ ਕਰਵਾ ਦਿੰਦੇ। ਪਹਿਲੇ ਭਾਗ ਵਿਚ ਜਥੇਦਾਰ ਬੰਤਾ ਸਿੰਘ ਹੋਰਾਂ ਦੀ ਪੂਰੀ ਤੋਂ ਕੁਝ ਘੱਟ ਜੀਵਨੀ ਹੈ ਅਤੇ ਦੂਜੇ ਵਿਚ ਪਹਿਲਾ ਹਿੱਸਾ ਜਥੇਦਾਰ ਜੀ ਬਾਰੇ ਹੈ ਅਤੇ ਫਿਰ ਸੰਤ ਅਮਰ ਸਿੰਘ ਦਾ ਸਵੈ ਬਿਰਤਾਂਤ ਮੈਂ ਪੁਸਤਕਾਂ ਦੇ ਮੂਲ ਲੇਖਕ ਅਤੇ ਛਪਵਾਉਣ ਵਾਲੇ ਦੰਪਤੀ ਪ੍ਰਤੀ ਕਿਰਤੱਗ ਹਾਂ ਜਿਸ ਕਾਰਨ ਅਜਿਹੇ ਸੂਰਬੀਰ, ਸੰਤ ਸਿਪਾਹੀ, ਕੂਕਾ ਪਰਚਾਰਕ ਬਾਰੇ ਸੰਖੇਪ ਜਾਣਕਾਰੀ ਦੇਣਾ ਸੰਭਵ ਹੋਇਆ ਹੈ।


Namdhari Elibrary NamdhariElibrary@gmail.com

ਜਥੇਦਾਰ ਜੀ ਦੇ ਪਿਤਾ ਸੁਚੇਤ ਸਿੰਘ ਦੇ ਦੋ ਵਿਆਹ ਸਨ। ਪਹਿਲੀ ਪਤਨੀ ਬੀਬੀ ਲੱਛਮੀ ਸੀ। ਇਸ ਵਿਚੋਂ ਆਸਾ ਸਿੰਘ ਅਤੇ ਮੂਲਾ ਸਿੰਘ ਦੋ ਪੁੱਤਰ ਹੋਏ। ਬੀਬੀ ਲੱਛਮੀ ਦੇ ਗੁਜ਼ਰਨ ਬਾਅਦ, ਦੂਜੀ ਸ਼ਾਦੀ ਤੋਂ ਡੇਹਰਾ ਬਾਬਾ ਨਾਨਕ ਦੇ ਲਾਗੇ ਹੀ ਪਿੰਡ ਸਾਧਾਂ ਵਾਲੀ ਦੀ ਬੀਬੀ, ਦੇਵੀ ਨਾਲ ਹੋਈ, ਇਸ ਮਾਤਾ ਵਿਚੋਂ ਤਿੰਨ ਪੁਤਰ ਹੋਏ। ਵਡਾ ਸੰਤਾ ਸਿੰਘ ਸੀ, ਇਹ ਪਹਿਲਵਾਨ ਸੀ। ਇਕ ਸ਼ੇਰ ਪੱਕਾ ਘਿਉ ਰੋਜ ਪੀਦਾ ਅਤੇ ਵੱਡੇ ਜੋੜਾਂ ਦੀਆ ਕੁਸ਼ਤੀਆਂ ਲੜਦਾ ਸੀ। ਇਹ ਮੱਲੋਕੇ (ਸਿਆਲਕੋਟ) ਵਿਚ ਵਿਆਹੇ ਗਏ ਜਿਸ ਪਿੰਡ ਦੇ ਸੂਬਾ ਹਰੀ ਸਿੰਘ ਸਨ। ਬੀਬੀ ਸ਼ਰੀਕੇ ਵਿਚੋਂ ਸੂਬਾ ਜੀ ਦੀ ਭੈਣ ਸੀ। ਸੰਤਾ ਸਿੰਘ ਦਾ ਪਰਿਵਾਰ ਓਟੂ ਹੈਡ ਦੇ ਨੇੜੇ ਪਿੰਡ ਕੋਟਲੇ (ਸਿਰਸਾ-ਹਰਿਆਣਾ) ਵਿਚ ਆਬਾਦ ਹੈ। ਸੰਤਾ ਸਿੰਘ ਤੋਂ ਛੋਟੇ ਸਨ ਸੰਤ ਬੰਤਾ ਸਿੰਘ ਅਤੇ ਇਹਨਾ ਤੋਂ ਛੋਟਾ ਤੇਜਾ ਸਿੰਘ ਛੋਟੀ ਉਮਰ ਵਿਚ ਗੁਜਰ ਗਿਆ। ਸੰਤ ਬੰਤਾ ਸਿੰਘ ਦੀ ਸ਼ਾਦੀ ਚੀਮਾ (ਸਿਆਲਕੋਟ) ਪਿੰਡ ਦੀ ਬੀਬੀ ਤਾਰੋ ਨਾਲ ਹੋਈ। ਇਸ ਵਿਚੋਂ ਇਕੋ ਪੁੱਤਰੀ ਬਾਵੀ ਨਾਮ ਦੀ ਸੀ। ਬੀਬੀ ਬਾਵੀ ਦੀ ਸ਼ਾਦੀ ਚੰਦੋਵਾਲ (ਸਿਆਲਕੋਟ) ਦੇ ਸੰਤ ਗੰਗਾ ਸਿੰਘ ਜੋ ਸਰਦਾਰ ਤੇਜਾ ਸਿੰਘ ਮੈਂਬਰ ਪੰਜਾਬ ਵਿਧਾਨ ਪਰਿਸ਼ਦ ਸਿਰਸਾ ਸ਼ਹਿਰ ਵਿਖੇ ਵੰਡ ਬਾਦ ਰਹਿੰਦੇ ਸਨ ਉਹਨਾਂ ਦੇ ਭਾਈ ਸਨ, ਦੇ ਪੁੱਤਰ ਊਧਮ ਸਿੰਘ ਨਾਲ ਹੋਈ। ਇਹ ਪਰਿਵਾਰ ਵੀ ਸਿਰਸਾ ਵਿਖੇ ਆ ਗਿਆ ਸੀ। ਜਥੇਦਾਰ ਜੀ ਦੇ ਪਿਤਾ, ਸੁਚੇਤ ਸਿੰਘ ਆਲੇ ਦੁਆਲੇ ਦੇ ਦਸ ਦਸ ਕੋਹ ਪਿੰਡਾਂ ਤਕ ਸ਼ਾਹੂਕਾਰਾ ਸੀ। ਪਿਤਾ ਮਰਨ ਬਾਦ ਸੰਤਾ ਸਿੰਘ ਤਾ ਚੀਨ ਚਲਾ ਗਿਆ। ਬੰਤਾ ਸਿੰਘ ਹੋਰੀਂ ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ' ਵਾਲਾ ਸੁਭਾਉ ਵਰਤਣ ਲੱਗ ਪਏ। ਧਨ ਪਦਾਰਥ ਬਹੁਤ ਸੀ। ਦਸ ਬਾਗ ਯਾਰ ਬਾਸ, ਨਿੱਤ ਦਾ ਸ਼ਰਾਬੀ ਟੋਲਾ। ਰਾਤ ਨੂੰ ਹਲਵਾਈ ਦੀ ਦੁਕਾਨ ਤੋ ਦੁੱਧ ਜਲੇਬੀਆ ਸਭ ਨੇ ਛਕਣੀਆ। ਬਾਟੀਆ ਵਿਚ ਪਾ ਪਾ ਕਿਤਿਆ ਅੱਗੇ ਰੱਖ ਦੇਣੀਆ। ਲੋਕਾਂ ਕਹਿਣਾ- "ਬੰਤੂ ਦੀਆਂ ਜਲੇਬੀਆਂ ਤਾਂ ਕੁਤਿਆ ਕੋਲੋ ਨਹੀ ਮੁਕਦੀਆਂ।"

ਦੋ ਮੱਝਾਂ ਤੇ ਦੋ ਬਲਦ ਰੱਖ ਕੇ ਵਾਹੀ ਕਰਦੇ। ਗੁੜ ਘਰ ਦਾ ਹੁੰਦਾ। ਸ਼ਰਾਬ ਦੇ ਘੜੇ ਪਾਈ ਰੱਖਦੇ। ਸੰਤਾਂ ਦੀ ਮਾਤਾ ਦੇਵੀ ਇਸ ਚਾਲੇ ਤੋਂ ਬੜੀ ਤੰਗ ਹੋਈ। ਫੱਗਣ ਦੇ ਮਹੀਨੇ ਵਿਚ ਡੇਹਰਾ ਬਾਬਾ ਨਾਨਕ ਵਿਖੇ, ਚੋਲਾ ਸਾਹਿਬ ਦਾ ਮੇਲਾ ਲੱਗਦਾ ਸੀ। ਉੱਥੇ ਮਾਤਾ ਦੇਵੀ ਵੀ ਪਿੰਡ ਦੀਆ ਹੋਰ ਮਾਈਆਂ ਬੀਬੀਆਂ ਦੇ ਸੰਗ ਨਾਲ ਪੁੱਜੀ। ਰਾਵੀ ਦੇ ਕੰਢੇ ਤੇ ਕੂਕਿਆਂ ਦਾ ਪਰਸਿਧ ਪਿੰਡ ਠੇਠਰਕੇ (ਗੁਰਦਾਸਪੁਰ) ਸੀ। ਇਸ ਪਿੰਡ ਦੇ ਦੋ ਨਾਮਧਾਰੀ ਭਰਾ ਸਨ। ਵੱਡੇ ਖੇਮ ਸਿੰਘ ਜੋ ਢੋਲਕੀ ਛੈਣਿਆਂ ਨਾਲ, ਇਸ ਮੇਲੇ ਤੇ ਕੀਰਤਨ ਕਰ ਰਹੇ ਸਨ। ਉਹਨਾਂ ਤੋ ਛੋਟੇ ਕਰਮ ਸਿੰਘ ਪੈਰਾਂ ਨੂੰ ਘੁੰਗਰੂ ਬੰਨ੍ਹ ਕੇ ਨਿਰਤਕਾਰੀ ਕਰਦੇ ਸਨ। ਕੀਰਤਨ ਦੀ ਸਮਾਪਤੀ ਤੇ ਸੰਤਾਂ ਅੱਗੇ, ਮਾਈ ਦੇਵੀ ਨੇ ਵਿਗੜਦੇ ਜਾ ਰਹੇ ਪੁੱਤਰ ਬੰਤਾ ਸਿੰਘ ਨੂੰ ਕੋਈ ਮੋੜਾ ਪਾਉਣ ਲਈ ਬੇਨਤੀ ਕਰ ਦਿਤੀ। ਬੂੜੇ ਡੱਲੇ ਪਿੰਡ ਵਿਚ ਦਸ ਚੇਤਰ ਨੂੰ ਸਾਰੇ ਪਿੰਡ ਨੇ ਜੱਗ ਕਰਨਾ ਸੀ। ਮਾਈ ਦੀ ਅਰਜ਼ ਤੇ ਸੰਤ ਖੇਮ ਸਿੰਘ ਜੀ ਸ਼ਬਦ ਪੜ੍ਹਦੇ ਢੋਲਕੀ ਵਜਾਉਂਦੇ, ਮਾਈ ਦੇ ਘਰ ਆ ਗਏ ਨੌ ਚੇਤਰ ਦੀ ਸ਼ਾਮ ਨੂੰ ਇਕ ਬੰਨੇ ਨਾਮਧਾਰੀ ਜਥੇ ਦਾ ਭਜਨ ਬਾਣੀ ਦੇ ਨਾਲ ਨਾਲ ਲੰਗਰ ਸਜ ਰਿਹਾ ਸੀ। ਦੂਜੇ ਬੰਨੇ ਹਵੇਲੀ ਵਿਚ ਬੰਤਾ ਸਿੰਘ ਦੇ ਸੰਗੀ ਬੱਕਰੇ ਵੱਢ ਰਹੇ ਸਨ। ਦਾਰੂ ਚੱਲ ਰਿਹਾ ਸੀ। ਬੰਤਾ ਸਿੰਘ ਕੂਕੇ ਘਰ ਸੱਦਣ ਤੇ ਦੁਖੀ ਹੋਕੇ, ਘਰ ਨਾਂ ਆਇਆ। ਸਵੇਰੇ ਪਿੰਡ ਦੇ ਗੁਰਦੁਆਰੇ ਸੰਤਾਂ ਦਾ ਕੀਰਤਨ ਹੋਇਆ, ਨਿਰਤਕਾਰੀ ਹੋਈ। ਸਿੰਘ ਸਭੀਆਂ ਨੇ ਰੌਲਾ ਪਾ ਦਿਤਾ। ਮਾਤਾ ਦੇਵੀ ਦਲੇਰ ਬਣੀ। ਉਸਨੇ ਗਾਹਲਾਂ ਕੱਢਣ ਵਾਲੇ ਜੱਟ ਨੂੰ ਧੱਕਾ ਦੇਕੇ ਪਿਛਾਂਹ ਸੁੱਟ ਦਿਤਾ। ਜਦੋ ਉਸ ਨੇ ਉਠ ਕੇ ਮਾਈ ਨੂੰ ਧੱਕਾ ਮਾਰਨਾ ਚਾਹਿਆ ਤਾ ਬੰਤਾ ਸਿੰਘ ਦੀ ਪਾਰਟੀ ਦੇ ਕਾਦਰ ਬਖਸ਼ ਕਸ਼ਮੀਰੀ ਨੇ ਦੀਵਾਨ ਡੱਕਣ ਵਾਲਿਆਂ ਨੂੰ ਤਕੜੇ ਹੋਕੇ ਵਰਜਿਆ। ਫਿਰ ਸਿਆਣੇ ਲੋਕ ਪੈ ਗਏ। ਸੁਲਾਹ ਹੋ ਗਈ ਕਿ ਰਲ ਕੇ ਜੱਗ ਕਰੀਏ। ਸਿੰਘ ਸਭੀਏ ਗੁਰਦੁਆਰੇ ਦੇ ਅੰਦਰ ਕੀਰਤਨ ਕਰਨ। ਕੂਕੇ ਬਾਹਰ ਕਰਨ। ਜਿਹਦਾ ਜੀ ਚਾਹੇ ਜਿਹਨੂੰ ਸੁਣੇ। ਸੰਤਾਂ ਦੇ ਦੀਵਾਨ ਦਾ ਐਸਾ ਰਸ ਬਣਿਆ ਸਾਰੀ ਸੰਗਤ ਉਹਨਾਂ ਵੱਲ ਆ ਗਈ। ਸੰਤਾਂ ਦਾ ਬਹੁਤ ਪ੍ਰਭਾਵ ਪਿਆ ਸਾਰੇ ਬੂੜੇ ਡੱਲੇ ਤੇ। ਚਾਰ ਦਿਨ ਦੀਵਾਨ ਸੰਤਾਂ ਲਾਏ। ਪੰਜਵੇਂ ਦਿਨ ਤੁਰਨ ਲੱਗੇ ਸੰਤਾ ਨੂੰ ਮਾਤਾ ਨੇ ਕਿਹਾ ਕਿ ਤੁਸਾਂ ਬੰਤੂ ਨੂੰ ਤੇ ਕੁਝ ਕਿਹਾ ਹੀ ਨਹੀਂ। ਉਸ ਤੇ ਅਜ ਵੀ ਦੋ ਬੱਕਰੇ ਵੱਢੇ ਹਨ। ਮਾਈ ਸੰਤਾਂ ਨੂੰ ਲੈਕੇ ਹਵੇਲੀ ਵਿਚ ਗਈ। ਸੰਤ ਜੀ ਨੇ ਕਿਹਾ, ਭਾਈ ਅਸੀ ਤੇ ਮਾਸ ਸ਼ਰਾਬ ਵਾਲੇ ਦੇ ਘਰੋਂ ਅੰਨ ਜਲ ਨਹੀਂ ਵਰਤਦੇ। ਸੋ ਜਾਂ ਸਾਡੀ ਗੱਲ ਮੰਨ ਜਾਂ ਅਸੀਂ ਹੁਣੇ ਨਿਕਲਦੇ ਹਾਂ ਬਿਨਾਂ ਲੰਗਰ ਛਕਿਆਂ।" ਬੰਤਾ ਸਿੰਘ ਨੇ ਕਿਹਾ 'ਜਿਵੇਂ ਮਰਜ਼ੀ ਕਰੋ। ਪਰ ਮਾਤਾ ਬਹੁਤ ਕਰੋਧਵਾਨ ਹੋਈ ਕਿ ਬੰਤੂ ਭੁੱਖੇ ਸਾਧੂਆਂ ਨੂੰ ਘਰੋਂ ਨਾਂ ਕੱਢ। ਸੰਤਾਂ ਦੀ ਗੱਲ ਮੰਨ ਲੈ ਤੇ ਛੱਡ ਦੇ ਇਹ ਨਰਕੀ ਜੀਵਨ। ਅਖੀਰ ਮਾਤਾ ਦੀ ਕਰੋਧੀ ਤੋਂ ਘਬਰਾ ਕੇ, ਬੰਤਾ ਸਿੰਘ ਹੋਰਾਂ ਇਕ ਮੀਲ ਤੋਂ ਸੰਤ ਖੇਮ ਸਿੰਘ ਦੀ ਘੋੜੀ ਦੀ ਵਾਗ ਜਾ ਫੜੀ। ਹੁਕਮ ਮੰਨਿਆ ਭਜਨ ਲੈ ਲਿਆ। ਭਜਨ ਕਰਦਿਆਂ ਕਰਦਿਆਂ ਵਾਪਸ ਘਰ ਆਉਂਦਿਆਂ ਹੀ ਮਨ ਦੀ ਤਾਸੀਰ ਬਦਲ ਗਈ। ਸਾਧੂ ਦੀ ਸੰਗਤ ਆਪਣਾ ਕੰਮ ਕਰ ਗਈ ਸੀ। ਘਰ ਮੁੜਦਿਆਂ ਹਵੇਲੀ ਵਿਚ ਜਾਕੇ ਬੰਤਾ ਸਿੰਘ ਹੋਰਾ ਸ਼ਰਾਬੀ ਟੋਲੇ ਨੂੰ ਰੁਖਸਤ ਕਰ ਦਿਤਾ। ਹੁਣ ਉਹਨਾ ਦਾ ਨਿਤਕਰਮ ਅੰਮ੍ਰਿਤ ਵੇਲੇ ਦਾ ਇਸ਼ਨਾਨ, ਭਜਨ ਕਰਨਾ, ਬਾਣੀ ਪੜ੍ਹਨੀ, ਨਾਮਧਾਰੀ ਸੰਤਾਂ ਵਾਲਾ ਹੋ ਗਿਆ। ਲੋਕ ਵੀ ਹੁਣ ਬੰਤੂ ਬਦਮਾਸ਼ ਦੀ ਥਾਂ ਸੰਤ ਬੰਤਾ ਸਿੰਘ ਕਹਿਣ ਲੱਗ ਪਏ।

ਪਿੰਡੋਂ ਬਾਹਰ ਦੋ ਸੌ ਏਕੜ ਰਕਬੇ ਵਿਚ, ਕਿੱਕਰਾਂ ਦਾ ਜੰਗਲ ਸੀ। ਆਮ ਲੋਕ ਉਧਰ ਨਹੀਂ ਸਨ ਆਉਂਦੇ। ਸੰਤ ਜੀ ਸਾਰਾ ਦਿਨ ਉਥੇ ਬਹਿਕੇ ਸਿਮਰਨ ਕਰਦੇ। ਬੈਲ ਵੇਚ ਦਿਤਾ। ਦੋ ਮੱਝਾਂ ਲਈ ਘਾਹ ਪੱਠਾ ਸ਼ਾਮ ਨੂੰ ਉਸ ਬੇਲੇ ਵਿਚੋਂ ਲੈ ਆਉਂਦੇ। ਹੁਣ ਐਸੀ

ਬਿਰਤੀ ਹੋ ਗਈ ਕਿ ਮੰਜੇ ਤੇ ਸੌਣਾ ਛੱਡ ਕੇ, ਭੁੰਜੇ ਆਰਾਮ ਕਰ ਲਿਆ। ਦਿਨ ਰਾਤ ਬੰਦਗੀ ਕੀਤੀ। ਮਾਤਾ ਨੂੰ ਬੇਨਤੀ ਕਰਕੇ ਉਸਦੇ ਨਾਲ ਪਿੰਡੋਂ ਨਾਨਕੇ ਪਿੰਡ ਸਾਧਾਂ ਵਾਲੀ, ਸੱਤ ਕੋਹ ਪੈਂਡਾ ਕਰਕੇ ਆਏ। ਅਗਲੇ ਦਿਨ ਤੇ ਹਰਾ ਬਾਬਾ ਨਾਨਕ ਤੋਂ ਟਾਂਗੇ ਤੇ ਬਟਾਲੇ, ਫਿਰ ਰੇਲ ਤੇ ਅੰਮ੍ਰਿਤਸਰ, ਲਾਹੌਰ, ਗੱਡੀਆ ਬਦਲਦੇ ਨਨਕਾਣੇ ਸਾਹਿਬ ਪੁੱਜੇ। ਗੁਰਧਾਮਾਂ ਦੀ ਯਾਤਰਾ ਕਰਕੇ, ਨਾਮਧਾਰੀ ਗੁਰਦੁਆਰੇ ਸੰਤ ਭਗਤ ਸਿੰਘ ਦਾਤੇ ਵਾਲੀਏ ਅਤ ਸੰਤ ਟਹਿਲ ਸਿੰਘ ਸੱਦੋਵਾਲੀਏ; ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ, ਜਥੇਦਾਰਾਂ ਦਾ ਦੀਵਾਨ ਸੁਣਕੇ ਨਿਹਾਲ ਹੋ ਗਏ। ਇਹ ਵਾਰੀ ਵਾਰੀ ਸ਼ਬਦ ਪੜ੍ਹਦੇ ਸੀ। ਬੰਤਾ ਸਿੰਘ ਹੋਰਾ ਨੂੰ ਇਹਨਾ ਦਾ ਕੀਰਤਨ ਸੁਣਕੇ ਹੀ ਕੀਰਤਨ ਕਰਨ ਦੀ ਚੇਟਕ ਲੱਗ ਗਈ। ਪਰ ਉਹ ਤਾਂ ਅਜੇ ਨਾ ਅਰਦਾਸ ਕਰਨਾ ਜਾਣਦੇ ਸਨ ਨਾ ਸਾਰੇ ਗੁਰੂਆਂ ਦੇ ਨਾਮ ਜਾਣਦੇ ਸਨ। ਸੋਨੇ ਤੇ ਸੁਹਾਗਾ ਉਦੋਂ ਹੋਇਆ ਜਦੋ ਰਾਤ ਨੂੰ ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲੇ, ਦੜਪ ਦੇ ਉੱਘੇ ਨਾਮਧਾਰੀ ਸੰਤ ਅਤੇ ਕੀਰਤਨੀਏ ਦਾ ਦੀਵਾਨ ਸੁਣਿਆ। ਬਹੁਤ ਸਿੰਘ ਸਿੰਘਣੀਆਂ ਇਸ ਦੀਵਾਨ ਵਿਚ ਮਸਤਾਨੇ ਹੋਏ।

ਆਦਿ ਗੁਰੂ ਨਾਨਕ ਦੇਵ ਜੀ ਦੇ ਪਰਕਾਸ਼ ਪੁਰਬ ਮੇਲੇ ਦਾ ਭੋਗ ਪੈ ਗਿਆ। ਮਾਤਾ ਵਾਪਸ ਮੁੜਨ ਨੂੰ ਕਹਿੰਦੀ ਰਹੀ। ਬੰਤਾਂ ਸਿੰਘ ਕੱਲ ਚੱਲਾਂਗੇ ਕਹਿੰਦੇ, ਮਾਤਾ ਨੂੰ ਝਕਾਨੀ ਦੇਕੇ, ਅਣਡਿਠੇ ਰਾਹਾਂ ਤੇ ਚੱਲਦੇ ਚੱਲਦੇ, ਚੌਦਾਂ ਕੋਹ ਪੈਂਡਾ ਕਰਕੇ ਨਨਕਾਣਾ ਸਾਹਿਬ ਤੋਂ, ਪਾਣੀ ਦੇ ਵੱਡੇ ਵਗਦੇ ਖਾਲ ਦੇ ਨਾਲ, ਇਕ ਵੱਡੇ ਵਣ ਦੇ ਰੁੱਖ ਹੇਠ ਇਕਾਂਤ ਵਿਚ ਆਸਣ ਜਮਾਕੇ ਬੈਠ ਗਏ। ਇਹ ਜਾਂਗਲੀਆਂ ਮੁਸਲਮਾਨਾਂ ਦਾ ਪਿੰਡ ਸੀ ਜਿਸ ਦਾ ਨਾਂ ਕਾਵਾਂਵਾਲੀ ਸੀ। ਇਸਦੇ ਲਾਗੇ ਲਾਗੇ ਜਾਕੇ ਸੇਖੂਪੁਰਾ ਜ਼ਿਲਾ ਦੇ ਵਣੋਟਿਆਂ ਵਾਲੀ ਤੇ ਕੋਟਿਆਂ ਵਾਲੀ ਦੋ ਪਿੰਡ ਸਨ, ਜਿਹਨਾਂ ਵਿਚ ਨਾਮਧਾਰੀ ਸਿੱਖ ਵੀ ਵੱਸਦੇ ਸਨ। ਕੋਟਿਆਂ ਵਾਲੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਚੌਰ-ਬਰਦਾਰ ਸੰਤ ਬਹਾਦਰ ਸਿੰਘ ਜੀ ਦਾ ਪਿੰਡ ਸੀ। ਇਸ ਵਣ ਹੇਠ ਬੈਠਿਆਂ ਤਿੰਨ ਮਹੀਨੇ ਖਾਲ ਵਿਚੋ ਜਲ ਛਕਕੇ ਕੱਢੇ ਤੇ ਬੰਦਗੀ ਕਰਨੀ। ਫਿਰ ਇਕ ਨਾਮਧਾਰੀ ਬਾਣੇ ਵਾਲਾ ਸਿੰਘ ਦਾਲਾ ਤੇ ਦੋ ਪਰਸ਼ਾਦੇ ਛਕਾ ਕੇ ਅਲੋਪ ਹੋ ਗਿਆ ਤੇ ਪੌਣੇ ਤਿੰਨ ਸਾਲ ਹੋਰ ਇੱਥੇ ਬੈਠਕੇ ਬੰਦਗੀ ਕਰਨਾ ਕਹਿ ਗਿਆ। ਇਹ ਵੀ ਉਸ ਆਖਿਆ-" ਤੇਰੀ ਗੁੱਡੀ ਬੜੀ ਚੜੇਗੀ।" ਤਿੰਨ ਸਾਲ ਇਸੇ ਅਵਸਥਾ ਵਿਚ ਬਤੀਤ ਹੋਏ। ਫਿਰ ਵੱਡਾ ਭਰਾ ਚੀਨ ਵਿਚੋ ਮਾਤਾ ਦੀ ਚਿਠੀ ਪੜਕੇ ਆਇਆ ਕਿ ਬੰਤਾ ਸਿੰਘ ਨਹੀਂ ਲੱਭਦਾ। ਬਾਰ ਵਿਚ ਆਪਦੇ ਸ਼ਰੀਕੇ ਕਬੀਲੇ ਦੇ ਲੋਕ ਸਨ। ਇਕ ਦਿਨ ਉਹਨਾਂ ਦੀ ਨਜ਼ਰ ਪੈ ਗਈ। ਇਸ ਤਰਾਂ ਫਿਰ ਸੰਤਾ ਸਿੰਘ ਪਹਿਲਵਾਨ ਨਾਲ ਪੜਾਉ ਪੜਾਈ ਪਿੰਡ ਨੂੰ ਚੱਲ ਪਏ। ਰਸਤੇ ਵਿਚ ਉਹ ਇਕੋ ਰਾਗ ਜਪਦਾ ਜਾਏ ਕਿ ਸਾਡਾ ਪਿਉ ਸ਼ਾਹੂਕਾਰ ਤੇ ਤੂੰ ਸਾਧ ਬਣਕੇ ਕਿੱਡਾ ਮਾੜਾ ਕੰਮ ਕੀਤਾ ਹੈ। ਸੰਤ ਜੀ ਉਹ ਦੀਆਂ ਗੱਲਾ ਤੋਂ ਚਿੜ ਕੇ, ਉਹਨੂੰ ਝਕਾਨੀ ਦੇ ਕੇ, ਉਸ ਤੋਂ ਸਾਥ ਛੁਡਾਂ ਕੇ ਹੋਰ ਰਾਹੇ ਪੈ ਗਏ। ਰਾਹ ਵਿਚ ਨਾਮਧਾਰੀ ਸਿੰਘ ਮਿਲੇ ਤੇ ਉਹ ਆਪਣੇ ਡੇਰੇ ਲੈ ਗਏ। ਸੰਤਾਂ ਦਾ ਨਾਮ ਕਿਸ਼ਨ ਸਿੰਘ ਸੀ। ਉਹਨਾ ਦਾ ਪਿੰਡ ਕੋਟਲੇ ਸੀ। ਜ਼ਿਲ੍ਹਾਂ ਸਿਆਲਕੋਟ, ਬੜੇ ਭਜਨੀਕ ਅਤੇ ਗੁਰਬਾਣੀ ਦੇ ਵਿਦਵਾਨ ਸਨ। ਇੱਥੇ ਦਸ ਦਿਨ ਟਿਕੇ। ਸੰਤਾ ਨੇ ਕਿਹਾ ਹੁਣ ਤੁਸੀਂ ਮੰਜੇ ਨੇ ਸਉਂ ਸੱਕਦੇ ਹੋ। ਇਹ ਸੰਤ ਕਥਾ ਵੀ ਕਰਦੇ ਸਨ ਤੇ ਸ਼ਬਦ ਵੀ ਪੜ੍ਹਦੇ। ਸ਼ਬਦ ਦੀ ਵਿਆਖਿਆ ਵੀ ਕਰਦੇ। ਇਹਨਾਂ ਪਾਸੋ ਬੰਤਾ ਸਿੰਘ ਹੋਰਾਂ ਨੂੰ ਕੀਰਤਨ ਕਰਨ ਅਤੇ ਗੁਰਬਾਣੀ ਪਰਚਾਰ ਦੀ ਦਾਤ ਮਿਲ ਗਈ। ਮਾਨੋ ਹਨੇਰੀ ਕੋਠੜੀ ਵਿਚ ਦੀਵਾ ਜਗ ਪਿਆ। ਸੰਤਾ ਤੋਂ ਆਗਿਆ ਲੈਕੇ ਬੂੜੇ ਡੱਲੇ ਆਕੇ ਤਿੰਨ ਸਾਲ ਬਾਦ ਮਾਤਾ ਦੇ ਦਰਸ਼ਨ ਕੀਤੇ ਪਰ ਹੁਣ ਦੁਨਿਆ ਵੀ ਕਾਰ ਵਿਹਾਰ ਵਾਲੀਆਂ ਨਾ ਮਾਤਾ ਤੇ ਨਾ ਭਾਈ ਦੀਆਂ ਗੱਲਾਂ, ਉਹਨਾਂ ਲਈ ਕੋਈ ਅਰਥ ਰੱਖਦੀਆ ਸਨ। ਪਿੰਡ ਦੇ ਲੋਕ, ਸ਼ਰਾਬੀ ਟੋਲੇ ਵੇਖਣ ਆਉਂਦੇ ਤੇ ਇਹ ਕਹਿੰਦੇ ਮੁੜ ਜਾਂਦੇ ਇਹ ਤੇ ਉਹ ਬੰਤਾ ਸਿੰਘ ਹੀ ਨਹੀਂ।

ਸੰਤ ਬੰਤਾ ਸਿੰਘ ਜੀ ਦਾ ਜਨਮ ਸੰਨ 1885-90 ਈ: ਅਨੁਮਾਨਿਤ ਹੈ ਅਤੇ ਆਪ 1910-11 ਈ: ਤੱਕ ਨਾਮਧਾਰੀ ਸਜ ਚੁੱਕੇ ਸਨ। ਸੰਨ 1913 ਈ: ਤੱਕ ਆਪ ਦੀਵਾਨ ਸਜਾਊਣ ਲੱਗ ਪਏ ਸਨ। ਜਦੋ ਤਤਲੇ ਵਾਲਿਆ ਪਾਸੋ ਹੋਕੇ ਆਪ ਪਿੰਡ ਆਏ ਹੀ ਸਨ ਤਾਂ ਆਪ ਨੂੰ ਪਤਾ ਲੱਗਾਂ ਕਿ ਇਕ ਨਗੁਰਾ ਬੰਦਾ ਕੋਠੜੀ ਦਾ ਕੁੰਡਾ ਮਾਰ ਕੇ ਚਲੀ ਦਿਨ ਨਾ ਕੁਝ ਖਾਣ-ਪੀਣ, ਨਾਂ ਕਿਸੇ ਦੇ ਮੱਥੇ ਲੱਗਣ ਦਾ, ਛਿਲਾ ਕੱਟ ਰਿਹਾ ਹੈ। ਇਹ ਬੰਦਾ ਸੀ ਅਤਰ ਸਿੰਘ। ਇਸ ਦਾ ਪਿੰਡ ਸੰਭੜਵਾਲ (ਸਿਆਲ ਕੋਟ) ਸੀ, ਪਰ ਇਸ ਸਮੇਂ ਆਪਣੀ ਨਾਨੀ ਪਾਸ ਛੰਨੀਆਂ ਪਿੰਡ ਵਿਚ ਆਇਆ ਹੋਇਆ ਸੀ। ਇਹ ਤਿੰਨਾਂ ਵਿਚੋਂ ਵਿਚਕਾਰਲਾ ਭਰਾ ਸੀ। ਵੱਡਾ ਮਿੱਤ ਸਿੰਘ ਜੁਆਰੀਆ ਸੀ ਤੇ ਛੋਟਾ ਚਤਰ ਸਿੰਘ ਚੋਰ ਸੀ। ਇਸ ਅਤਰ ਸਿੰਘ ਤੇ ਸੰਤ ਬੰਤਾ ਸਿੰਘ ਦੀ ਕਿਰਪਾ ਹੋ ਗਈ। ਸੰਤ ਜੀ ਨੇ ਉਸਨੂੰ ਭਜਨ ਦੱਸਿਆ ਅਤੇ ਆਪਣੇ ਨਾਲ ਹੀ ਬੂੜੇ ਡੱਲੇ ਲੈ ਆਏ। ਸੰਤ ਬੰਤਾ ਸਿੰਘ ਦੇ ਚਾਚੇ ਦਾ ਪੁੱਤ ਚੰਦਾ ਸਿੰਘ, ਥੋੜੀ ਬਹੁਤ ਢੋਲਕੀ ਵਜਾਉਣੀ ਜਾਣਦਾ। ਰੋਜ ਸ਼ਬਦ ਪੜ੍ਹਨ ਲੱਗੇ। ਹੌਲੇ ਹੌਲੇ ਕਥਾ ਵੀ ਕਰਨ ਲੱਗੇ। ਇਸ ਤਰ੍ਹਾਂ ਚਾਰ ਕੁ ਮੁੰਡੇ ਹੋਰ ਰਲੇ, ਫਿਰ ਹੋਰ ਰਲੇ ਤੇ ਸੰਤਾਂ ਦਾ ਜਥਾ ਬਣ ਗਿਆ। ਪਿੰਡੋਂ ਨਿਕਲੇ ਇਕ ਢੋਲਕੀ ਤੇ ਤਿੰਨ ਜੋੜੀਆਂ ਸਨ। ਪਹਿਲਾਂ ਪੜਾਅ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਬਾਬਾ ਬਲੀ ਸਿੰਘ ਕਿਆਮਪੁਰੀਏ ਦੇ ਘਰ ਕੀਤਾ। ਇੱਥੋਂ ਕੀਰਤਨ ਸ਼ੁਰੂ ਕੀਤਾਂ ਅਤੇ ਨਾਮਧਾਰੀ ਪੰਥ ਦਾ ਪਰਚਾਰੀ ਨਾਰੋਵਾਲ ਦੇ ਲਾਗੇ ਚੰਦੋਵਾਲ ਰਹੇ। ਪੱਖਕੇ ਵਿਚ ਟਿਕੇ। ਬਾਰਾਂ ਦਿਨ ਫਿਰ ਵਿਦਿਆ ਗੁਰੂ ਸੰਤ ਕਿਸ਼ਨ ਸਿੰਘ ਪਾਸ ਤਤਲੇ ਡੇਰਾ ਲਾਇਆ ਸੰਤਾਂ ਨੇ ਅਰਥ ਬੋਧ ਕਰਵਾਇਆ ਅਤੇ ਭਗਤ ਮਾਲਾ ਤੇ ਸੁੰਦਰ ਗੁਟਕਾ ਬਖਸ਼ਿਆ। ਫਿਰ ਮੱਲੇਕੀ ਪਿੰਡ ਤੋਂ ਹਰੀ ਸਿੰਘ ਚਿਮਟੇ ਵਾਲਾ ਅਤੇ ਨਰਾਇਣ


NamdhariElibrary NamdhariElibrary@gmail.com

ਸਿੰਘ ਢੋਲਕੀ ਵਾਲਾ ਨਾਲ ਰਲ ਗਏ। ਹਰੀ ਸਿੰਘ ਜਥੇ ਦਾ ਲਾਂਗਰੀ ਬਣ ਗਿਆ।

45 ਚੱਕ ਸਰਗੋਧੇ ਵਿਚ ਚਾਰ ਘਰ ਅਰੋੜੇ ਸਿੰਘਾਂ ਦੇ ਸੀ। ਉਹਨਾ ਰਸਦ ਲਿਆ ਦਿਤੀ। ਲੰਗਰ ਕੀਤਾ। ਦੀਵਾਨ ਸਜਾਏ। ਇਸ ਪਿੰਡ ਦੇ ਸ੍ਰ. ਬੁੱਢਾ ਸਿੰਘ ਲੰਬੜਦਾਰ ਨੇ, ਪਰਿਵਾਰ ਸਮੇਤ ਅੰਮ੍ਰਿਤ ਛਕ ਕੇ ਨਾਮਧਾਰੀ ਸੰਗਤ ਵਿਚ ਪਰਵੇਸ਼ ਕੀਤਾ। ਇਉਂ ਜਥੇਦਾਰ ਬੰਤਾ ਸਿੰਘ ਜੀ ਬੂੜੇ ਡੱਲੇ ਵਾਲੇ, ਪੰਥਰ ਪਰਚਾਰ ਵਿਚ ਸਰਗਰਮ ਹੋ ਗਏ ਸਨ। ਇਕ ਮਹੀਨਾ 45 ਚੱਕ ਰਹਿਕੇ, ਮਾਝੇ ਵਿਚ ਭੋਲੇ ਵਾਲੀ ਪਿੰਡ ਦੇ ਸਿੰਘਾ ਨੂੰ ਕੂਕੇ ਬਣਾਇਆ। ਭਗਵਾਨ ਸਿੰਘ, ਕੇਸਰ ਸਿੰਘ ਭੋਲੇਵਾਲੀ ਦੇ ਦੋ ਸਿਖ ਆਪ ਦੇ ਜਥੇ ਵਿਚ ਸ਼ਾਮਲ ਹੋ ਗਏ। ਗੋਰੇ ਨੰਗਲ (ਅੰਮ੍ਰਿਤਸਰ) ਦੇ ਹਜਾਰਾ ਸਿੰਘ ਮਾਛੀ ਨੂੰ ਭਜਨ ਦੱਸਿਆ। ਉਹ ਦੋ ਸਾਲ ਆਪ ਦੇ ਜਥੇ ਵਿਚ ਢੋਲਕੀ ਵਜਾਉਂਦਾ ਰਿਹਾ। ਅਤਰ ਸਿੰਘ ਅੰਮ੍ਰਿਤਸਰ ਖੜਤਾਲਾਂ ਬਣਵਾ ਦਿਤੀਆਂ। ਕੇਸਰ ਸਿੰਘ ਭੋਲੇਵਾਲੀ ਜਥੇ ਵਿਚ ਢੋਲਕੀ ਵਜਾਉਣ ਲੱਗਾ ਅਤੇ ਭਗਵਾਨ ਸਿੰਘ ਨੇ ਸੰਤਾਂ ਦੇ ਕੋਲ ਸਾਰੀ ਉਮਰ ਲੰਗਰ ਜਾਂ ਘੋੜਿਆ ਦੀ ਸੇਵਾਂ ਵਿਚ ਬਿਤਾਈ। ਕਿਸ਼ਨ ਸਿੰਘ, ਸੰਤ ਬਹਾਦਰ ਸਿੰਘ ਛੋਟਾ ਭਰਾ ਲਾਲ ਸਿੰਘ ਕੋਟਿਆ ਵਾਲੀ ਤੇ ਬਹਾਦਰ ਸਿੰਘ ਕਾਲੂ ਨੰਗਲ ਦਾ ਵੀ ਸੰਤਾਂ ਦੇ ਜਥੇ ਵਿਚ ਆ ਰਲੇ ਤੇ ਜਥਾ ਦਿਨੋ ਦਿਨ ਸਵਾਇਆ ਹੁੰਦਾ ਗਿਆ। ਤਰਨਤਾਰਨ ਨਾਮਧਾਰੀ ਬੁੰਗੇ ਵਿਚ, ਸੰਤਾਂ ਦਾ ਦੀਵਾਨ ਸੁਣਦਾ ਸੁਣਦਾ ਵਰੇਕਾ ਪਿੰਡ ਦਾ ਯਤੀਮ ਬੱਚਾ, ਜੋ 9-10 ਸਾਲ ਦਾ ਹੀ ਸੀ ਕਾਕਾ ਅਮਰ ਸਿੰਘ, ਸੰਤਾਂ ਦੀ ਐਸੀ ਕੀਲ ਵਿਚ ਆਇਆ ਕਿ ਫਿਰ ਪੂਰੇ 19 ਸਾਲ ਉਸ ਆਪ ਦੇ ਜਥੇ ਵਿਚ ਹੀ ਕੀਰਤਨ ਕਰਦਿਆਂ ਬਤੀਤ ਕੀਤੇ। ਇਹੋ ਅਮਰ ਸਿੰਘ ਬਾਅਦ ਵਿਚ ਸੰਤਾਂ ਦੀ ਜੀਵਨ ਕਥਾ ਨੂੰ ਲਿਖਤੀ ਰੂਪ ਦੇਣ ਦਾ ਵੱਡਾ ਕਾਰਜ ਕਰ ਗਿਆ। ਜਦੋਂ ਭੁਜੰਗੀ ਅਮਰ ਸਿੰਘ ਤੋਂ ਸੰਤਾਂ ਉਸ ਦਾ ਥਾਂ ਥਿੱਤਾ, ਘਰ ਘਾਟ, ਦਰਿਆਫਤ ਕੀਤਾ ਤਾਂ ਉਸਦਾ ਜੁਆਬ ਸੀ ਕਿ ਪਿੰਡ ਤਾਂ ਵੇਰਕਾ ਹੈ ਅੰਮ੍ਰਿਤਸਰ ਵਿਚ, ਮਾਪੇ ਮਰ ਚੁੱਕੇ ਹਨ ਅਤੇ ਹੁਣ ਤੁਸੀਂ ਹੀ ਮੇਰੇ ਮਾਈ ਬਾਪ ਹੋ। ਸੰਤਾਂ ਨੇ ਕਿਹਾ ਠੀਕ ਹੈ ਤੂੰ ਸਾਨੂੰ ਪੁੱਤਰ ਬਣ ਕੇ ਵਿਖਾਈਂ ਅਸੀ ਬਾਪ ਬਣਦੇ ਵਿਖਾਵਾਂਗੇ। ਤੇ ਦੋਹਾਂ ਧਿਰਾਂ ਵੱਲੋ ਵਧੀਆ ਨਭੀ। ਸੰਤ ਜੀ ਨੇ ਇਸ ਅਮਰ ਸਿੰਘ ਨੂੰ ਕਠਿਨ ਪ੍ਰੀਖਿਆ ਵਿਚੋਂ ਲੰਘਾਇਆ। ਆਉਂਦੇ ਦੀ ਸਰੀਰਕ ਸੇਵਾ ਕਰਵਾਕੇ, ਚੰਗੇ ਬਸਤਰ ਪੁਆਏ। ਫਿਰ ਇਕ ਸਿੰਘ ਨੂੰ ਇਸ ਦੀ ਸੰਭਾਲ ਸਉਪੇ ਦਿਤੀ ਕਿ ਰੋਜ਼ ਮਾਲਸ਼ ਵੀ ਇਸ ਨੂੰ ਕਰ ਅਤੇ ਬਦਾਮ ਮੱਖਣ ਵੀ ਛਕਾਉ। ਇਉ ਦਿਨਾਂ ਵਿਚ ਹੀ ਗੱਭਰੂ ਹੋ ਗਿਆ। ਇਹ ਵੀ ਜਥੇ ਦਾ ਢੁਲਕਈਆ ਬਣ ਗਿਆ। ਅੜੇ ਥੁੜੇ ਵੇਲੇ ਜੋ ਕੰਮ ਜਿੰਮੇ ਲੱਗਦਾ ਉਹ ਨਿਬਾਹੁੰਦਾ। ਡਾਂਗ ਵਾਹਣ ਵਿਚ ਵੀ ਹੁਸ਼ਿਆਰ ਸੀ। ਇਹ ਉਦੋ ਰਲਿਆ ਹੀ ਸੀ ਜਦੋਂ 1913 ਈ: ਦੇ ਲਾਗੇ ਸ਼ਾਗੇ ਸੰਤਾਂ ਨੇ ਸ਼ੇਖਪੁਰੇ ਦੇ ਇਲਾਕੇ ਵਿਚ ਜਗੀਰ ਪੁਰ ਤੋਂ ਹੋਕੇ ਮਦਾਰ ਤਿੰਨ ਦਿਨ ਦੀਵਾਨ ਲਾਏ। ਪੰਡਿਤ ਮਿਸ਼ਰਾ ਸਿੰਘ ਮਦਾਰ ਇਥੇ ਪੁਰਾਤਨ ਨਾਮਧਾਰੀ ਸਾਧੂ ਸਨ ਜਿਹਨਾਂ ਦੀ ਬਹੁਤ ਮਹਿਮਾ ਸੀ। ਸਤਿਗੁਰੂ ਰਾਮ ਸਿੰਘ ਜੀ ਗੁਰੂ ਹਰੀ ਸਿੰਘ ਜੀ ਤੋਂ ਵਰਸਾਏ ਬਜ਼ੁਰਗਾਂ ਦੇ ਦਰਸ਼ਨ ਦੀਦਾਰਿਆਂ ਨਾਲ, ਬੰਤਾ ਸਿੰਘ ਹੋਰਾ ਦਾ ਨਾਮਧਾਰੀ ਪੁਣਾ ਪੂਰੇ ਵਿਗਾਸ ਵਿਚ ਆ ਗਿਆ। ਸਾਰੀਆਂ ਗਰਮੀਆਂ ਸੰਤਾਂ ਨੇ ਗੁਜਰਾਂ ਵਾਲੇ ਜਿਲ੍ਹੇ ਅਤੇ ਆਸ ਪਾਸ ਦੌਰਾ ਕੀਤਾ। ਸਿਆਲ ਚੜ੍ਹਦੇ ਜਿਹਲਮ ਜਿਲ੍ਹੇ ਦੀਆਂ ਸੰਗਤਾਂ ਨੂੰ ਭਾਗ ਲਾਏ। ਫਿਰ ਆਪਣੇ ਜ਼ਿਲ੍ਹੇ ਗੁਰਦਾਸਪੁਰ ਵਿੱਚ ਮੱਦੋਤਾਲੇ ਪਿੰਡ ਵਿੱਚ ਕਈ ਦੀਵਾਨ ਲਾਏ। ਸਿੰਘਾਂ ਦੀਆਂ ਜਰਮੀਆਂ ਦੇ ਭਾਈ ਬਲੰਲ ਸਿੰਘ ਚਾਨਣ ਸਿੰਘ ਦੀ ਬੇਨਤੀ ਤੇ ਉਹਨਾਂ ਦੇ ਪਿੰਡ ਪੁੱਜੇ। ਜਰਮੀਆਂ ਨਾਂ ਦੇ ਤਿੰਨ ਪਿੰਡ ਹਨ ਸਿੰਘਾਂ ਜਰਮੀਆ ਵਿਚਲੀਆ ਜਰਮੀਆਂ ਤੇ ਡੰਡੇ ਜਰਮੀਆ। ਤਿੰਨਾ ਪਿੰਡਾ ਦੇ ਲਾਗੇ ਹੀ ਇਕ ਨਦੀ ਵਗਦੀ ਹਾ ਇੱਥੋ ਬੂੜੇ ਡੱਲਾ ਸੰਤਾਂ ਦਾ ਪਿੰਡ ਦੋ ਕੋਹ ਹੈ। ਪੈਲੀਆਂ ਦੀਆਂ ਹੁੰਦਾ ਤਿੰਨਾਂ ਪਿੰਡਾਂ ਦੀਆ ਬੂੜੇ ਡੱਲੇ ਦੀ ਜੂਹ ਨਾਲ ਲੱਗ ਜਾਂਦੀਆ ਸਨ। ਤਿੰਨਾਂ ਜਰਮੀਆਂ ਦੀ ਜਮੀਨ ਵਿਚ ਬਾਬਾ ਜੈਮਲ ਸਿੰਘ ਚੂੜੀਆਂ ਵਾਲੇ ਦਾ ਗੁਰਦੁਆਰਾ ਸੀ। ਇਹ ਬਾਬਾ ਖੱਬੀ ਬਾਹ ਵਿਚ ਲੋਹੇ ਦੀਆ ਚੂੜੀਆਂ ਪਾਈ ਰੱਖਦਾ ਸੀ। ਜਦੋ ਬਾਬਾ ਇੱਥੇ ਆਇਆ ਉਸਦੇ ਪੰਦਰਾਂ ਚੇਲੇ, ਇਕ ਪੁਤਰੀ, ਪਤਨੀ ਤੇ 25-26 ਗਊਆਂ ਸਨ। ਸਾਂਝੀਆਂ ਜੂਹਾਂ ਹੋਣ ਕਾਰਨ ਅਕਸਰ ਗੁਆਢੀ ਪਿੰਡ ਲੜਦੇ ਰਹਿੰਦੇ ਸਨ। ਬਾਬੇ ਨੇ ਅੱਧੇ ਅੱਧ ਪੈਲੀ ਵਾਹੁਣ ਲਈ ਕਹਿ ਕੇ ਝਗੜਾ ਮੁਕਾ ਦਿਤਾ। ਇਸ ਤੇ ਤਿੰਨਾਂ ਪਿੰਡਾਂ ਨੇ ਵੀ ਬਾਬੇ ਨੂੰ ਸੰਕਟ ਮੋਚਕ ਸਮਝ ਕੇ, ਇੱਥੇ ਹੀ ਦੋ ਮੁਰੱਬੇ ਜ਼ਮੀਨ ਦੇਕੇ ਟਿਕਾ ਲਿਆ। ਜਿਸ ਵਿਚ ਉਹਨਾ ਗੁਰਦੁਆਰਾ ਪਾ ਲਿਆ। ਇਹ ਸਮਾਂ ਪੰਜਾਬ ਵਿਚ ਨਹਿਰਾ ਆਉਣ ਤੋਂ ਰਾਤਾਂ ਪਹਿਲਾਂ ਦਾ ਹੈ, ਜਦੋਂ ਕਿਸਾਨ ਭਾਈਚਾਰ ਬੰਜਰ ਕਨਗਤੀਆ ਜ਼ਮੀਨਾਂ ਦੀ ਬਹੁਤੀ ਕਦਰ ਨਹੀ ਸੀ ਕਰਦਾ। ਬਾਬਾ ਚੂੜੀਆਂ ਵਾਲਾ ਦਸ ਕੁ ਸਾਲ ਗੁਰਦੁਆਰਾ ਬਣਨ ਬਾਦੋ ਦੌਵੇ ਇੱਥੇ ਵਸਿਆ ਫਿਰ ਉਹ ਤੇ ਪਰਿਵਾਰ ਦੇ ਬਾਕੀ ਜੀਆਂ ਤਿੰਨਾਂ ਸਾਲਾਂ ਵਿਚ ਪੂਰੇ ਹੋ ਗਏ। ਬਾਬੇ ਦੇ ਚੇਲੇ ਸ਼ਰਾਬੀ ਨਿਕਲੇ। ਫਿਰ ਡੇਰੇ ਦਾ ਕਬਜ਼ਾ ਮਹੰਤ ਰਾਘੋਦਾਸ ਪਾਸ ਆ ਗਿਆ। ਰਾਘੋਦਾਸ ਰਾਮਦਾਸ ਗੁਰਦੁਆਰੇ ਦਾ ਮਹੰਤ ਸੀ, ਇਸ ਪਾਸੋ ਕਿਸੇ ਵਲ ਫੇਰ ਵਿਚ ਇਹ ਗੁਰਦੁਆਰਾ ਮਹੰਤ ਕਿਰਪਾ ਸਿੰਘ ਸਤਲਾਣੀ ਸਾਹਿਬ (ਅੰਮ੍ਰਿਤਸਰ) ਵਾਲੇ ਕੋਲ ਆ ਗਿਆ। ਮਹੰਤ ਕਿਰਪਾ ਸਿੰਘ ਪਾਸ 399 ਗੁਰਦੁਆਰੇ ਅਤੇ ਹੋਰ ਚੋਖਾ ਅਮਲਾ ਫੈਲਾ ਸੀ।

ਆਉਦਿਆਂ ਹੀ ਮਹੰਤ ਕਿਰਪਾ ਸਿੰਘ ਨੇ ਡੇਰੇ ਦੇ ਫਲਦਾਰ ਅਤੇ ਲੱਕੜੀ ਵਾਲੇ ਰੁੱਖ ਕਟਵਾ ਕੇ ਵੇਚ ਦਿਤੇ। ਮਲਾਹ ਮੁਸਲਮਾਨਾਂ ਨੂੰ ਡੇਰੇ ਦੀ ਜ਼ਮੀਨ ਹਿੱਸੇ ਤੇ ਦੇ ਦਿਤੀ। ਗੁਰਦੁਆਰਾ ਢਾਹ ਕੇ ਸਾਫ ਕਰ ਦਿਤਾ। ਸਿਰਫ ਬਾਬੇ ਚੂੜੀਆਂ ਵਾਲੇ ਦੀ ਸਮਾਧ ਰੱਖੀ। ਖੂਹ ਵਿਚ ਡੰਗਰਾਂ ਦੇ ਹੱਡ ਸੁੱਟ ਦਿਤੇ ਤਾਂ ਕਿ ਲੋਕ ਪਾਣੀ ਨਾ ਪੀਣ। ਵਿਰੋਧ ਕਰਨ ਵਾਲ ਜੱਟਾਂ ਨੂੰ ਜਿਹਲ ਵਿਟ ਸੁਟਵਾ ਦਿਤਾ। ਅੰਗਰੇਜ਼ ਸਰਕਾਰ ਇੰਨੇ ਵੱਡੇ ਮਹੰਤ ਦੀ ਪਿੱਠ ਤੇ


Namdhari Elibrary NamdhariElibrary@gmail.com

ਸੀ। ਦੋ ਹੋਰ ਗੁਰਦੁਆਰੇ ਸਨ। ਵੱਡੀਆਂ ਜਰਸੀਆਂ ਵਿਚ ਇਕ ਜਿੱਥੇ ਇਕ ਮੁਰੱਬਾ ਪੈਲੀ ਗੁਰਦੁਆਰੇ ਦੇ ਨਾਮ ਸੀ। ਇਕ ਝੰਡੇ ਜਰਮੀਆਂ ਵਿਚ ਜਿੱਥੇ ਅੱਧਾ ਮੁਰੱਬਾ ਜ਼ਮੀਨ ਸੀ। ਮਹੰਤ ਕਿਰਪਾ ਸਿੰਘ ਦੇ ਕਬਜ਼ੇ ਹੋਏ ਨੂੰ ਇਹਨਾਂ ਗੁਰਦੁਆਰਿਆਂ ਅਤੇ ਜ਼ਮੀਨ ਤੇ ਬਾਰਾਂ ਸਾਲ ਹੋ ਗਏ ਸਨ। ਤਿੰਨਾਂ ਪਿੰਡਾਂ ਦੇ ਲੋਕਾਂ ਨੇ ਇੱਕਠੇ ਹੋਕੇ ਸੰਤ ਬੰਤਾ ਸਿੰਘ ਨੂੰ ਬੇਨਤੀ ਕੀਤੀ ਕਿ ਪੈਲੀ ਅਸਾਂ ਦਿੱਤੀ, ਗੁਰਦੁਆਰੇ ਅਸਾਂ ਬਣਵਾਏ। ਸਾਥੋਂ ਵਿਹਰ ਕੇ ਮਹੰਤ ਕਬਜ਼ਾ ਕਰੀ ਬੈਠਾ ਹੈ। ਵਾਰ ਵਾਰ ਥਾਣੇ ਕਚਹਿਰੀ ਸਾਡੀ ਬੇਇਜ਼ਤੀ ਕਰਵਾਉਂਦਾ ਹੈ। ਤੁਸੀਂ ਕਿਰਪਾ ਕਰੋ ਫਿਰ ਵੀ ਸਾਡੇ ਗੁਆਂਢੀ ਜਿੰਮੀਦਾਰ ਭਾਈ ਹੋ। ਤੁਹਾਡੀ ਸੰਗਤ ਨਾਲ ਸਾਡੇ ਪਿੰਡਾਂ ਦੇ ਵਿਗੜੇ ਮੁੰਡੇ ਵੀ ਸੁਧਰ ਜਾਣਗੇ। ਇਹ ਸਾਡੇ ਗੁਰਦੁਆਰੇ ਜ਼ਮੀਨ ਸਾਭ ਲਉ। ਮਹੰਤ ਦਾ ਪਰਛਾਵਾਂ ਨਾ ਪਵੇ। ਸੰਤ ਪਹਿਲਾਂ ਤਾ ਨਾਹ ਕਰਦੇ ਰਹੇ ਪਰ ਤਿੰਨਾਂ ਪਿੰਡਾਂ ਨੇ ਦਸਤਖਤ ਅੰਗੂਠੇ ਅਸ਼ਟਾਮਾਂ ਤੇ ਕਰਕੇ ਕਿ ਅਸੀਂ ਆਪਣੇ ਗੁਰਦੁਆਰੇ ਸੰਤ ਬੰਤਾ ਸਿੰਘ ਦੇ ਹਵਾਲੇ ਕਰ ਰਹੇ ਹਾਂ, ਆਪ ਨੂੰ ਰਜਾਮੰਦ ਕਰ ਲਿਆ।

ਸਭ ਤੋਂ ਪਹਿਲਾ ਸੰਤਾਂ ਨੇ ਸਾਰੇ ਪਿੰਡਾ ਵਾਲਿਆ ਨੂੰ ਨਾਲ ਲੈਕੇ ਆਪਣੇ ਜਥੇ ਸਮੇਤ ਜੰਗਲ ਵਿਚਲੇ ਬਾਬੇ ਚੁੜੀਆਂ ਵਾਲੇ ਦੇ ਡੇਰੇ ਦਾ ਕਬਜ਼ਾ ਸਾਂਭਿਆ ਘੋੜੀਆ ਤੇ ਬੋਤਾ ਬੰਨ ਦਿਤੇ। ਸਰਕੰਡੇ ਵੱਢ ਕੇ ਦੋ ਛੱਪਰ ਵੱਡੇ ਵੱਡੇ ਛੱਤ ਲਏ। ਖੂਹ ਵਿਚੋ ਹੱਡ ਕੱਢ ਕੇ ਜੱਲ ਸਾਫ ਕਰ ਲਿਆ। ਮਸਰ ਪੱਕੇ ਸਨ। ਵੱਢੇ ਅਤੇ ਲੰਗਰ ਚਾਲੂ ਕਰ ਲਿਆ। ਪਿੰਡਾ ਵਾਲਿਆ ਦੀ ਮੱਦਦ ਨਾਲ ਪੱਕੀ ਹੋਈ ਕਣਕ ਵੱਢ ਕੇ, ਗਾਹ ਕੇ ਤੂੜੀ ਦਾਣੇ ਸਾਂਭ ਲਏ। ਗੁਰਦਾਸਪੁਰ ਮਹੰਤ ਕਿਰਪਾ ਸਿੰਘ ਨੇ ਮਲਾਹ ਨੂੰ ਨਾਲ ਲੈਕੇ ਕਣਕ ਵੱਢਣ ਦਾ ਸੰਤ ਜੀ ਤੇ ਮੁਕਦਮਾ ਕਰ ਦਿੱਤਾ। ਇਕ ਤਾਰੀਖ ਤੇ ਗਏ ਸੰਤ ਬੰਤਾ ਸਿੰਘ, ਮਹੰਤ ਹੋਰਾਂ ਨੂੰ ਵੰਗਾਰ ਆਏ ਕਿ ਹੁਣ ਡੇਰੇ ਵਿਚ ਆਇਉ, ਉੱਥੇ ਆਪਣਾ ਟਾਕਰਾ ਹੋਏਗਾ। ਜੇ ਦੁਨਿਆਵੀ ਤੌਰ ਤੇ ਵੇਖੀਏ ਤਾਂ ਕਿੱਥੇ ਮਹੰਤ ਕਿਰਪਾ ਸਿੰਘ ਜੈਸੀ ਧਨੀ ਮਾਨੀ ਅਤੇ ਰਾਜ ਦਰਬਾਰੇ ਸਨਮਾਨਿਤ ਹਸਤੀ ਅਤੇ ਕਿੱਥੇ ਇਕ ਸਧਾਰਨ ਨਾਮਧਾਰੀ ਸਿਖ ਜਿਸ ਦੇ ਸੰਗੀ ਸਾਥੀ ਵੀ ਕਿਰਤੀਕਾਰੀ ਤੇ ਦਸਤਕਾਰ। ਸੰਤ ਜੀ ਨੇ ਆਪਣੇ ਹੱਕੀ ਮਿਸ਼ਨ ਸਦਕਾ ਨਿਸਚੇ ਕਰ ਅਪੁਨੀ ਜੀਤ ਕਰੋ। ਸਤਿਗੁਰੂ ਦੀਆਂ ਬਰਕਤਾਂ ਵਿਚ ਭਰੋਸਾ ਅਤੇ ਪੇਂਡੂ ਜਨਤਾ ਦੀ ਵਿਆਪਕ ਲਾਮਬੰਦੀ ਸਦਕਾ, ਇਹ ਅਸਾਵੀਂ ਜੰਗ ਜਿੱਤ ਲਈ। ਇਹ ਵਾਕਿਆ 1915-16 ਈ: ਦਾ ਹੈ।

ਸੰਨ 1917 ਈ: ਦਾ ਨਾਮਧਾਰੀ ਪੰਥ ਦਾ ਸਲਾਨਾ ਹੋਲਾ ਮਹੱਲਾ ਰੱਤੇ ਚੋਏ (ਲਾਇਲਪੁਰ ਵਿਖੇ ਹੋਇਆ ਇਸ ਵਿਚ ਸੰਤ ਬੰਤਾ ਸਿੰਘ ਜਥੇ ਸਮੇਤ ਗਏ। ਅਗਲੇ ਸਾਲ ਦਾ ਹੋਲਾ ਚੂਹੇਭਾੜ ਜ਼ਿਲ੍ਹਾ ਸ਼ੇਖੂਪੁਰਾ ਵਿਖੇ ਸੀ। ਸੰਨ 1920 ਦਾ ਹੋਲਾ ਵਰਨ (ਸ਼ੇਖਪੁਰਾ )ਵਿਖੇ ਸੀ। ਸੰਨ 1921 ਈ: ਵਿਚ ਮੁਕਤਸਰ ਵਿਖੇ ਹੋਇਆ। ਸੰਤ ਜੀ ਇਹਨਾਂ ਹੋਲਿਆਂ ਵਿਚ ਜਥੇ ਸਮੇਤ ਦੀਵਾਨ ਲਾਉਣ ਸਦਕਾ ਸਾਰੇ ਪੰਜਾਬ ਵਿਚ ਪਰਸਿੱਧ ਹੋ ਗਏ। ਲੋੜ ਪੈਣ ਤੇ ਜਿਥੇ ਕਿਤੇ ਵਿਰੋਧੀਆ ਨਾਲਾ ਅੜ ਫਸ ਪਰਚਾਰ ਕਰਨ ਤੋਂ ਹੋ ਜਾਂਦੀ, ਜਥੇਦਾਰ 'ਬੂੜਾ ਡੱਲਾ' ਦਾ ਜਥਾ ਪੁੱਜ ਕੇ ਮੋਰਚਾ ਫਤਹਿ ਕਰ ਲੈਂਦਾ। ਮੁਕਤਸਰ ਦੇ ਹੋਲੇ ਸਮੇਂ, ਜਿਹੜੇ ਜਥੇਦਾਰਾਂ ਨੂੰ ਪੰਜਾਬ ਦੇ ਵੱਖ ਵੱਖ ਖਿਤਿਆਂ ਵਿਚ ਸਿੱਖੀ ਪਰਚਾਰ ਦਾ ਕਾਰਜ ਜਿੰਮੇ ਲਾਇਆ, ਉਹਨਾਂ ਵਿਚੋਂ ਕੁਝ ਨਾਂ ਸਨ ਸੰਤ ਭਗਤ ਸਿੰਘ ਦਾਤੇ ਵਾਲੀਏ, ਮੰਗਲ ਸਿਘ ਅਰਸ਼ੀ ਫਰਿਸ਼ਤਾ, ਆਲਾ ਸਿੰਘ ਵਰਨ, ਮੋਹਨ ਸਿੰਘ ਵਡਾਲਾ ਜੌਹਲਾਂ, ਟਹਿਲ ਸਿੰਘ ਬੱਦੋ ਵਾਲਾ, ਫਤਹਿ ਸਿੰਘ ਮਾਂਗਾ, ਬੰਤਾ ਸਿੰਘ ਬੁੜੇ ਡੱਲਾ ਅਤੇ ਅਤਰ ਸਿਘ ਸੰਭੜਿਆਲ। ਅਤਰ ਸਿੰਘ ਜੀ ਨੇ 1921 ਈ. ਦੇ ਲਾਗੇ ਸ਼ਾਗੇ ਹੀ ਆਪਣਾ ਵੱਖਰਾ ਜਥਾ ਬਣਾਇਆ ਸੀ। ਇਸ ਤੋਂ ਪਹਿਲਾ ਛੇ ਸੱਤ ਸਾਲ ਆਪ ਜਥੇਦਾਰ ਬੰਤਾ ਸਿੰਘ ਹੋਰਾ ਦੇ ਜਥੇ ਵਿਚ ਹੀ ਰਹੇ।[1] ਜੱਸ ਜੀਵਨ ਭਾਗ ਪਹਿਲੇ ਵਿਚ ਸੰਤ ਬੰਤਾ ਸਿੰਘ ਜੀ ਨੂੰ ਮਿੰਟਗੁਮਰੀ ਦਾ ਸੂਬਾ ਥਾਪਣਾ ਲਿਖਿਆ ਹੈ ਜੋ ਦਰੁਸਤ ਨਹੀਂ। ਮਿੰਟਗੁਮਰੀ ਦੇ ਸੂਬਾ ਲੱਧਾ ਸਿੰਘ ਮਹੰਤ ਖਿਆਲੀਏ ਥਾਪੇ ਸਨ।[2]

ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਦਾ ਸਾਰਾ ਪਿੰਡ "ਫਤੂਹੀ ਚੱਕ" ਸਿੰਘ ਸਭੀਆਂ ਦੇ ਅਸਰ ਹੇਠ ਸੀ। ਇਕੱਲਾ ਸੰਤਾਂ ਦਾ ਘਰ ਕੂਕਾ ਸੀ। ਗਿਆਨੀ ਮਾਹਣ ਸਿੰਘ ਉਥੇ ਪਰਚਾਰਕ ਸਨ। ਉਹਨਾਂ ਦੇ ਮੁਕਾਬਲੇ ਵਿਚ ਜਥੇਦਾਰ ਬੰਤਾ ਸਿੰਘ ਨੇ ਨਾਮਧਾਰੀ ਦੀਵਾਨ ਵੀ ਲਾਏ ਅਤੇ ਆਪਣੇ ਜਥੇ ਦੇ ਜਵਾਨਾਂ ਦੇ ਸਰੀਰਕ ਬਲ ਦੀ ਪਰਦਰਸ਼ਨੀ ਵੀ ਲਾਈ। ਸੰਤ ਜੀ ਦੇ ਜਥੇ ਵਿਚ 18 ਸਿੰਘ ਕੀਰਤਨ ਕਰਨ ਵਾਲੇ ਅਤੇ 22 ਡਾਂਗਾਂ ਵਾਲੇ ਹੁੰਦੇ ਸਨ। ਇਸ ਪਿੰਡ ਵਿਖੇ ਹੀ ਕਿਹਰ ਸਿੰਘ ਨਾਂ ਦਾ ਇਕ ਲੜਕਾ ਘਰੋਂ ਭੱਜ ਕੇ ਸੰਤਾਂ ਦੀ ਸ਼ਰਨ ਆ ਗਿਆ। ਉਸ ਦੇ ਮਾਪੇ ਵਿਆਹ ਬੰਨ੍ਹੀ ਫਿਰਦੇ ਸਨ। ਉਹ ਸਾਧੂ ਬਿਰਤੀ ਸੀ। ਸੰਤਾਂ ਦੇ ਸਮਝਾਉਣ ਤੇ ਇਕ ਵਾਰ ਪਿਤਾ ਨਾਲ ਮੁੜ ਗਿਆ। ਅਗਲੇ ਦਿਨ ਫਿਰ ਆ ਗਿਆ। ਆਖਿਰ ਉਸਦੀ ਮੰਗੇਤਰ ਦੂਜੇ ਭਰਾ ਨੂੰ ਵਿਆਹੀ ਗਈ। ਉਹ ਮੋਹਣ ਸਿੰਘ ਨਾ ਰਖਵਾਕੇ ਸੰਤਾਂ ਦੇ ਜਥੇ ਵਿਚ ਸ਼ਾਮਲ ਹੋਕੇ ਬਹੁਤ ਸੇਵਾ ਕਰਦਾ ਰਿਹਾ।[3]

ਇਹ ਭਾਗੋਵਾਲ ਪਿੰਡ ਦੇ ਕੇਹਰ ਸਿੰਘ ਹੀ ਬਾਦ ਵਿਚ, ਨਾਮਧਾਰੀ ਪੰਥ ਵਿਚ ਮਸ਼ਹੂਰ ਸੰਤ ਮੋਹਨ ਸਿੰਘ ਹੋਏ ਹਨ। ਇਸ ਤਰ੍ਹਾਂ ਇਸੇ ਜ਼ਿਲੇ ਦੇ ਅਦੋਕੇ ਪਿੰਡ ਵਿਚ ਵੀ ਇਕੋ ਨਾਮਧਾਰੀ ਘਰ ਸੀ। ਸਤ ਬੰਤਾ ਸਿੰਘ ਨੇ ਆਪਣੇ ਦੀਵਾਨ ਸਜਾ ਕੇ, ਇਸ ਪਿੰਡ ਦੇ ਕੂਕਿਆਂ ਨੂੰ ਆਪਣੇ ਢੰਗ ਨਾਲ ਜਿਊਣ ਦੀ ਪੱਕੀ ਖੁੱਲ੍ਹ ਲੈ ਦਿਤੀ।[4]

ਇਸ ਜਿਲ੍ਹੇ ਦੇ ਕਿਆਸਪੁਰ, ਸੀਓਵਾਲ, ਸਜਾਦੇ, ਚਵਿੰਡਾ, ਬਲੱਗਣ, ਗਿੱਲ, ਆਦਿ ਨਾਮਧਾਰੀ ਪਿੰਡਾਂ ਵਿਚ, ਸੰਤਾਂ ਦੇ ਦੀਵਾਨ ਅਕਸਰ ਲੱਗਦੇ ਹੀ ਰਹਿੰਦੇ। ਇਸ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਜੋ ਵੀ ਹੁਕਮ ਆਪ ਨੂੰ ਭੇਜਦੇ ਆਪ ਜਾਨ ਦੀ ਪ੍ਰਵਾਹ ਨਾ ਕਰਦਿਆ ਵੀ ਉਹ ਹੁਕਮ ਪੂਰਾ


Namdhari Elibrary NamdhariElibrary@gmail.com

ਕਰਵਾਉਂਦੇ।[5]

ਇਸੇ ਸਮੇਂ 1924 ਈ. ਵਿਚ ਬਿਜਲੀਵਾਲ ਦੇ ਹੋਲੇ ਤੋਂ ਪਹਿਲਾ ਜਦੋਂ ਤਰਨਤਾਰਨ ਵਿਚ ਨਾਮਧਾਰੀ ਸਿੰਘਾਂ ਦੀ ਵਿਰੋਧੀਆਂ ਨਾਲ ਲੜਾਈ ਹੋਈ ਸੀ ਸੰਤ ਬੰਤਾ ਸਿੰਘ ਜਥੇ ਸਮੇਤ ਉਥੇ ਆਪਣੇ ਤੇਜ ਪਰਤਾਪ ਸਦਕਾ, ਮਾਝੇ ਦੀ ਸੰਗਤ ਦੇ ਸਹਿਯੋਗ ਨਾਲ, ਮੁਆਮਲਾ ਸ਼ਾਂਤ ਕਰਦੇ ਮੁੜੇ। ਇਸੇ ਸਮੇਂ ਆਪ ਦੇ ਡੇਰੇ ਤੇ ਮਹੰਤ ਕਿਰਪਾ ਸਿੰਘਾਂ ਦੇ ਬੰਦਿਆਂ ਨੇ ਫੌਜਦਾਰੀ ਕਰ ਦਿਤੀ। ਕੁਝ ਸਿੰਘ ਪਕੜੇ ਗਏ ਅਤੇ ਕੁਝ ਜਿਹਲ ਪੁੱਜੇ। ਬਾਅਦ ਵਿਚ ਇਹ ਕੇਸ ਵੀ ਸੰਤਾਂ ਦੀ ਸੂਝ ਬੂਝ ਨਾਲ ਨਿਬੱੜ ਗਿਆ।[6]

ਜਿਸ ਸਾਲ ਅੰਮ੍ਰਿਤਸਰ ਸ਼ਹਿਰ ਨਾਮਧਾਰੀ ਹੋਲਾ ਮਹੱਲਾ ਹੋਇਆ ਸੀ 1925 ਵਿਚ ਉਸ ਸਾਲ ਹੋਲੇ ਤੋਂ ਪਹਿਲਾਂ ਗੁਰਦਾਸਪੁਰ ਤਰੀਕੇ ਭੁਗਤਾਣ ਗਿਆ, ਡਿਪਟੀ ਨੇ ਸੰਤ ਜੀ ਨੂੰ ਕਹਿ ਦਿਤਾ, ਸੰਤਾਂ ਨੇ ਸੋਟੀ ਮਾਰ ਕੇ ਉਹਦਾ ਸਿਰ ਪਾੜ ਦਿਤਾ, ਸਾਧੂਆਂ ਨੂੰ ਬਦਮਾਸ਼ ਦੱਸਣ ਵਾਲੇ ਦਾ ਉਸਦੇ ਰਾਖੇ ਨੇ ਪਸਤੋਲ ਤਾਣਿਆ। ਸੰਤਾਂ ਨੇ ਉਹਦੇ ਗੁੱਟ ਤੇ ਖੂੰਡਾ ਮਾਰਕੇ ਪਿਸਤੋਲ ਡੇਗ ਦਿਤੀ ਅਤੇ ਆਪ ਹਰਨ ਹੋ ਗਏ। ਫਿਰ ਸੰਤ ਜੀ ਅਮਰ ਸਿੰਘ ਵੇਰਕਾ ਸੁਰੈਣ ਸਿੰਘ ਢੱਡ ਸਾਰੰਗੀ ਲੈਕੇ ਅਤੇ ਬਲੱਗਣ ਦਾ ਜਗਤ ਸਿੰਘ ਲਾਂਗਰੀ ਵਜੋਂ ਲੈਕੇ, ਢਡ ਸਰੰਗੀ ਦਾ ਜਥਾ ਬਣਾਕੇ ਕਈ ਮਹੀਨੇ ਜਿਹਲਮ, ਅਲੀਬੇਗ, ਰਾਵਲਪਿੰਡੀ, ਪੰਜਾ ਸਾਹਿਬ, ਗੁੱਜਰ ਖਾਨ, ਨੋਸੁਹਿਰੇ ਛਾਉਣੀ, ਪਿਸ਼ਾਵਰ ਆਦਿ ਥਾਵਾਂ ਦੇ ਗੁਰੂਧਾਮਾਂ ਦੇ ਦਰਸਨ ਕੀਤੇ ਅਤੇ ਦੀਵਾਨ ਲਾਏ। ਅੱਸੂ ਦੇ ਮਹੀਨੇ, ਦਸਵੀਂ ਸਰਾਧ ਦੇ ਦਿਨ, ਕਰਤਾਰਪੁਰ ਗੁਰਦੁਆਰੇ ਆਕੇ ਢੋਲਕੀ ਛੈਣਿਆਂ ਨਾਲ ਕੀਰਤਨ ਕੀਤਾ। ਪਤਾ ਲੱਗਾ ਕਿ ਡਿਪਟੀ ਨੇ ਆਪਣੀ ਨਮੋਸ਼ੀ ਤੋਂ ਡਰਦਿਆ ਸੰਤਾਂ ਤੇ ਕੋਈ ਪਰਚਾ ਨਹੀਂ ਦਰਜ ਕਰਵਾਇਆ ਸੀ।[7]

ਸੰਤ ਬੰਤਾ ਸਿੰਘ ਜੀ ਨੂੰ ਇੰਦਰ ਸਿੰਘ ਮਹੰਤ ਨੇ ਦੱਸਿਆ ਕਿ ਜਗਮੀਆਂ ਵਾਲੇ ਬਲੀ ਸਿੰਘ ਦੀ ਭੈਣ ਨਾਲ। ਸੰਤ ਜੀ ਨੇ ਤੁਰੰਤ ਦਖਲ ਦੇ ਕੇ ਬਲੀ ਸਿੰਘ ਦੀ ਭੈਣ ਹੱਥ ਵੱਢੀ ਪਿੰਡ ਵਿਚ ਮੰਗੀ ਹੈ ਤੇ ਹੱਥ ਵੱਡੀ ਵਾਲਿਆ ਦੀ ਲੜਕੀ ਬਲੀ ਸਿੰਘ ਨਾਲ ਸੰਤ ਜੀ ਨੇ ਤਰੁੰਤ ਦਖਲ ਦੇ ਕੇ ਬਲੀ ਸਿੰਘ ਨੂੰ ਇਸ ਕੁਰਹਿਤ ਤੋਂ ਵਰਜਿਆ ਕਿ ਸਤਿਗੁਰੂ ਜੀ ਦਾ ਹੁਕਮ ਹੈ ਵੱਟਾ ਨਹੀਂ ਕਰਨਾ। ਬਲੀ ਸਿੰਘ ਦਾ ਬਾਅਦ ਵਿਚ ਚੰਗੇ ਘਰ ਅਨੰਦ ਕਰਵਾਇਆ। ਉਸਦੀ ਭੈਣ ਨੂੰ ਨਾਮਧਾਰੀ ਧਰਮਸ਼ਾਲਾ ਅੰਮ੍ਰਿਤਸਰ ਮੰਗਵਾ ਕੇ, ਇਨ ਬੀਬੀ ਆਸ ਕੌਰ ਦਾ ਅਨੰਦ ਕਾਰਜ ਲਾਲ ਸਿੰਘ ਕੱਟਿਆਂ ਵਾਲੀ ਨਾਲ ਕਰ ਦਿਤਾ ਜੋ ਸੰਤਾਂ ਦੀ ਬੜੀ ਸੇਵਾ ਕਰਦਾ ਸੀ। ਇਹ ਦੇਸ਼ ਬਟਵਾਰੇ ਬਾਅਦ ਸੰਤ ਨਗਰ ਪਿੰਡ ਦਾ ਲੰਬੜਦਾਰ ਸਤਿਗੁਰੂ ਪਰਤਾਪ ਸਿੰਘ ਜੀ ਨੇ ਬਣਵਾਇਆ ਸੀ।[8]

ਦਸੰਬਰ 1929 ਜਨਵਰੀ 1930 ਵਿਚ ਕੁੱਲ ਹਿੰਦ ਕਾਗਰਸ ਦਾ ਸਾਲਾਨਾ ਇਜਲਾਸ ਲਾਹੌਰ ਸ਼ਹਿਰ ਵਿਖੇ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਭ ਤੋਂ ਛੋਟੇ ਭਰਾਤਾ ਇਸ ਇਜਲਾਸ ਲਈ ਬਹੁਤ ਉਤਸ਼ਾਹਿਤ ਸਨ। ਪਰ ਉਹ ਕੋਈ ਤਿੰਨ ਕੁ ਮਹੀਨੇ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ ਸਨ। ਇਜਲਾਸ ਦੀ ਪਰਧਾਨਗੀ ਪੰਡਿਤ ਜਵਾਹਰ ਲਾਲ ਨਹਿਰੂ ਕਰ ਰਹੇ ਸਨ। ਇਸੇ ਸਮੇਂ ਮੁਕਮਲ ਆਜ਼ਾਦੀ ਦਾ ਮਤਾ ਪਾਸ ਹੋਇਆ ਸੀ। ਸੰਮੇਲਨ ਦੀ ਸਮਾਪਤੀ ਤੇ ਕਾਂਗਰਸ ਪਰਧਾਨ ਨਹਿਰੂ ਜੀ ਦਾ ਘੋੜਿਆਂ ਤੇ ਅਗਵਾਈ ਕਰਦਿਆਂ ਹੋਇਆਂ ਵਿਸ਼ਾਲ ਜਲੂਸ ਨਿਕਲਣਾ ਸੀ। ਸੰਤ ਜੀ ਪਾਸ ਇਸ ਆਸ਼ੇ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕਿਰਪਾ ਪੱਤਰ ਆਇਆ। ਉਹਨਾਂ ਦੀ ਸਿਹਤ ਠੀਕ ਨਹੀਂ ਸੀ। ਸੰਤਾਂ ਦੇ ਹੁਕਮ ਤੇ ਉਹਨਾਂ ਦਾ ਸੇਵਕ ਅਮਰ ਸਿੰਘ ਵੇਰਕਾ ਪੰਜ ਸਿੰਘਾਂ ਸਣੇ, ਪੰਜਾਂ ਘੋੜੀਆਂ ਤੇ ਸੁਆਰ ਹੋਕੇ ਉਸ ਪਰ ਦਰਸ਼ਨ ਦੇ ਅਗਵਾਨੂੰ ਦਸਤੇ ਦਾ ਭਾਗ ਬਣੇ। ਸਤਿਗੁਰੂ ਰਾਮ ਸਿੰਘ ਵੱਲ ਵਿਢੀ ਆਜ਼ਾਦੀ ਦੀ ਲੜਾਈ ਨੂੰ ਇਸਦੇ ਨਵੇਂ ਪੜਾਅ ਵਿਚ ਦਾਖਿਲ ਕਰਨ ਵਿਚ ਹਿੱਸਾ ਪਾਇਆ।[9]

ਇਕ ਵੇਰ ਇਲਾਕੇ ਦੇ ਪਿੰਡ ਆਵੇ ਦੇ ਮਸ਼ਹੂਰ ਡਾਕੂ ਉਮਰ ਨੇ ਸੰਤਾਂ ਦੀ ਘੋੜੀ ਅਤੇ ਇਕ ਵਛੇਰਾ ਜੋ ਭੈਣੀ ਸਾਹਿਬੋਂ ਆਇਆ ਸੀ ਸਾਂਭਣ ਲਈ, ਉਹ ਡੇਰੇ ਦੇ ਨੇੜੇ ਖੁੱਲ੍ਹੇ ਚੁਗਦੇ ਚੁਗਦੇ, ਉਸਦੇ ਪਿੰਡ ਦੀ ਜੂਹ ਵਿਚ ਗਏ, ਫੜ ਕੇ ਬੰਨ੍ਹ ਲਏ। ਸੰਤ ਜਿਹਨਾਂ ਦੇ ਪੈਰ ਦੀ ਹੱਡੀ ਵੀ ਟੁੱਟੀ ਹੋਈ ਸੀ ਜੱਥੇ ਦੇ ਸੱਤ ਅੱਠ ਸਿੱਖਾਂ ਸਮੇਤ ਉਮਰ ਪਾਸ ਗਏ ਅਤੇ ਘੋੜੀ, ਵਛੇਰਾ ਮੋੜਨ ਲਈ ਕਿਹਾ। ਉਹ ਨਾ ਮੰਨਿਆ। ਸੰਤ ਜੀ ਨੇ ਕਿਹਾ ਘੋੜੀ ਰੱਖ ਲੈ, ਵਛੇਰਾ ਜ਼ਰੂਰ ਦੇ ਦੇ ਇਹ ਸਾਡੇ ਸਤਿਗੁਰੂ ਜੀ ਦੀ ਅਮਾਨਤ ਹੈ, ਨਾਲ ਸੌ ਰੁਪੈਆ ਵੀ ਲੈ ਲੈ। ਉਸ ਸੰਤਾਂ ਨੂੰ ਹਵੇਲੀ ਵਿਚੋਂ ਬਾਹਰ ਨਿਕਲਣ ਦਾ ਹੁਕਮ ਸੁਣਾ ਦਿਤਾ। ਬਾਹਰ ਆਕੇ ਸੰਤਾਂ ਨੇ ਪਿੰਡ ਦੀ ਵਾਅ ਭਾਅ ਲਈ। ਮਾਲੂਮ ਹੋਇਆ ਕਿ ਲੋਕ ਉਮਰ ਦੀਆਂ ਵਧੀਕੀਆਂ ਤੋਂ ਤੰਗ ਹਨ ਪਰ ਡਰਦੇ ਕੁਸਕਦੇ ਨਹੀਂ। ਕੋਈ ਦਸ ਕੁ ਮਫਰੂਰ ਡਾਕੂ ਗੁੰਡੇ ਵੀ ਉਸ ਦੀ ਹਵੇਲੀ ਵਿਚ ਬੈਠੇ ਸਨ। ਸੰਤ ਜੀ ਨੇ ਅਮਰ ਸਿੰਘ ਨਾਗੀ ਨੂੰ ਵੰਗਾਰਿਆ ਕਿ ਇਹਦੀਆਂ ਮੱਝਾਂ ਖੋਹਲ ਲਵੇ। ਇਹਨਾਂ ਵਿਚੋਂ ਚਾਰ ਸਿੰਘ ਸੰਤਾਂ ਨੂੰ ਘੇਰ ਕੇ ਖਲੋ ਗਏ। ਸੰਤਾ ਨੇ ਭਗਾਉਤੀ ਸੂਤ ਲਈ ਸੀ। ਅਮਰ ਸਿੰਘ ਤੇ ਬਹਾਦਰ ਸਿੰਘ ਤੱਤ ਫੱਟ ਉਸਦੀ ਹਵੇਲੀ ਵਿਚ ਤਿੰਨ ਸੱਜਰ ਮੱਝਾਂ ਕਟੀਆਂ ਸਮੇਤ ਖੋਹਲ ਕੇ ਲੈ ਆਏ ਤੇ ਸਿੱਧੇ ਕਣਕਾਂ ਵਿਚਦੀ ਵਾਹੋ ਦਾਹੀ ਨੱਸ ਤੁਰੇ। ਪਿੰਡ ਦੇ ਸਫੈਦਪੋਸ਼ ਨੇ ਜੁੜੀ ਭੀੜ ਨੂੰ ਕਿਹਾ ਸੰਤ ਕੋਲ ਪਿਸਤੋਲ ਹੈ ਤੁਹਾਡਾ ਕੰਮ ਕਰ ਦਵੇਗਾ। ਇਸ ਤਰ੍ਹਾਂ ਮਗਰ ਆਉਂਦੀਆਂ ਗਾਂਢਵੀਆਂ ਧਾੜਾਂ ਦਾ ਮੁਕਾਬਲਾ ਕਰਦੇ ਕਰਦੇ, ਸੰਤ ਮੱਝਾਂ ਸਣੇ ਆਪਦੇ ਡੇਰੇ ਪੁੱਜ ਗਏ। ਫਿਰ ਅਮਰ ਸਿੰਘ ਸੰਤ ਦੇ ਹੁਕਮ ਤੇ ਸ਼ਾਹ ਗਰੀਬ ਦੇ ਥਾਣੇ ਜਾ ਕੇ ਸਾਰੀ ਵਾਰਤਾ ਦੱਸ ਆਇਆ। ਸ਼ੇਖ ਸ਼ਤਾਬਦੀਨ ਨੇ ਪੂਰੀ ਮੱਦਦ


Namdhari Elibrary NamdhariElibrary@gmail.com

ਕੀਤੀ। ਉਮਰ ਨੇ ਡਾਕੇ ਦਾ ਪਰਚਾ ਦੇ ਦਿਤਾ। ਤਫਤੀਸ਼ਾਂ ਕਈ ਵੇਰ ਹੋਈਆਂ ਪਰ ਸੱਚ ਸੱਚ ਹੀ ਸੀ। ਉਮਰ ਦੇ ਇਮਦਾਦੀ ਪੁਲੀਸ ਵਾਲਿਆਂ ਨੇ ਸੰਤ ਜੀ ਨੂੰ ਝੂਠੇ ਕੇਸਾਂ ਵਿਚ ਵੀ ਫਸਾਉਣਾ ਚਾਹਿਆ ਪਰ ਕੁਝ ਨਾ ਬਣਿਆ। ਸਤਿਗੁਰੂ ਪਰਤਾਪ ਸਿੰਘ ਜੀ ਦੇ ਇਕ ਸਿੱਖ ਸ੍ਰ. ਆਤਮਾ ਸਿੰਘ ਰਾਵਲਪਿੰਡੀ ਦਾ ਨਾਮ, ਵੱਡੇ ਅਫਸਰਾਂ ਵਿਚ ਚੱਲਦਾ ਸੀ। ਉਹਨਾਂ ਬਾਰੇ ਜਾਣਕੇ ਕਿ ਸੰਤ ਜੀ ਦੇ ਫਿਰਕੇ ਦਾ ਉਹ ਇਕ ਵੱਡਾ ਆਗੂ ਹੈ, ਡੀ.ਐਸ.ਪੀ. ਨੇ ਸੰਤਾਂ ਤੋਂ ਮੁਕੱਦਮਾ ਵੀ ਲਾਹ ਦਿੱਤਾ ਅਤੇ ਖਰਾਬ ਕਰਨ ਵਾਲੇ ਉਮਰ ਪੱਖੀ ਥਾਨੇਦਾਰ ਤੋਂ ਮੁਆਫੀ ਵੀ ਮੰਗਵਾਈ।"

ਇਸ ਤੋ ਬਾਅਦ ਵੀ ਮਹੰਤ ਕਿਰਪਾ ਸਿੰਘ ਦੇ ਬੰਦਿਆਂ ਨੇ ਡੇਰੇ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ ਪਰ ਸੰਤ ਆਪਣੀ ਬਹਾਦਰੀ ਅਤੇ ਸੂਰਬੀਰਤਾ ਨਾਲ ਉਸ ਨੂੰ ਮਾਤ ਦੇ ਦਿੰਦੇ ਰਹੇ। ਸੰਤਾਂ ਦਾ ਜਥਾ ਅੰਮ੍ਰਿਤ ਵੇਲੇ ਦੇ ਇਸ਼ਨਾਨ, ਭਜਨ ਬਾਣੀ, ਕਥਾ ਕੀਰਤਨ ਵੀ ਹਮੇਸ਼ਾ ਕਰਦਾ। ਮਰਿਆਦਾ ਦਾ ਲੰਗਰ ਤਿਆਰ ਕਰਕੇ ਛਕਦਾ। ਘੋੜਿਆਂ ਪਸ਼ੂਆਂ ਦੀ ਸੇਵਾ ਵੀ ਮਿਲਜੁਲਕੇ ਕਰਦੇ ਅਤੇ ਆਪਣੇ ਨਿਰਬਾਹ ਲਈ, ਡੇਰੇ ਦੀ ਭੂਮੀ ਵਿਚ ਖੇਤੀਬਾੜੀ ਵੀ ਕਰਦੇ ਸਨ। ਸੰਤ ਆਪਣੇ ਜਥੇ ਨੂੰ ਦੋ ਹਿੱਸਿਆਂ ਵਿਚ, ਵੰਡਕੇ ਗੱਤਕੇ- ਬਾਜੀ ਦੇ ਜੌਹਰ ਵੀ ਵੇਖਦੇ ਵਿਖਾਉਂਦੇ ਸਨ।

1929 ਈ: ਦਾ ਹੋਲਾ ਮਹੱਲਾ ਸਿਆਹੜ (ਲੁਧਿਆਣਾ) ਵਿਚ ਸੀ। ਸਤਿਗੁਰੂ ਪਰਤਾਪ ਸਿੰਘ ਜੀ ਹੋਲੇ ਤੋਂ ਪਹਿਲਾਂ ਲਾਹੌਰ ਦੇ ਜਿਲ੍ਹੇ ਦਾ ਦੌਰਾ ਕਰ ਰਹੇ ਸਨ। ਸੰਤਾਂ ਦਾ ਜਥਾ ਜੀਉ ਬੱਗੇ ਸਤਿਗੁਰੂ ਜੀ ਨੂੰ ਜਾ ਮਿਲਿਆ। ਅਗਲੇ ਦਿਨ ਪਾਜੀ ਪਿੰਡ ਵਿਖੇ ਸੰਤ ਸੁੰਦਰ ਸਿੰਘ ਦੇ ਘਰ ਦਿਨੇ ਹਜ਼ੂਰੀ ਦੀਵਾਨ ਲੱਗੇ। ਰਾਤ ਨੂੰ ਸੰਤ ਬੰਤਾ ਸਿੰਘ ਨੇ ਹੱਲੇ ਦਾ ਦੀਵਾਨ ਲਾਇਆ। ਅਗਲੇ ਦਿਨ ਰਾਇਵਿੰਡ ਦਾ ਦੌਰਾ ਕਰਕੇ ਬਿਆਸਾ ਦਰਿਆ ਦੇ ਕੰਢੇ ਮਾਝੇ ਵਿਚ ਹੀ ਚੱਬੇ ਪਿੰਡ ਪੁੱਜ ਗਏ। ਇੱਥੋਂ ਦੁਆਬੇ ਵਿਚ ਬਿੱਲੀਆਂ ਜਾਣਾ ਸੀ ਕੋਈ 50-55 ਕਿਲੋਮੀਟਰ ਤੇ। ਅੱਜ ਫਿਰ ਸਤਿਗੁਰੂ ਜੀ ਨੇ ਆਪਣੇ ਪਿਆਰੇ ਸਿੱਖ ਦੀ ਪਰਖ ਕਰਨੀ ਸੀ। ਸਤਿਗੁਰੂ ਜੀ ਨੇ ਕਿਹਾ ਕਿ ਜਿਹੜੇ ਜਥੇਦਾਰ ਤੁਰ ਨਹੀਂ ਸੱਕਦੇ ਉਹਨਾਂ ਨੂੰ ਦਸ ਘੋੜੀਆਂ ਦੇ ਦਿਤੀਆਂ ਹਨ। ਸੰਤ ਬੰਤਾ ਸਿੰਘ ਦੇ ਚੇਲੇ ਅਮਰ ਸਿੰਘ ਨੂੰ ਕਿਹਾ ਕਿ ਤੈਨੂੰ ਘੋੜੀ ਚਾਹੀਦੀ ਹੈ ਤਾਂ ਲੈ ਲੈ। ਉਸਨੇ ਕਿਹਾ ਜੀ ਸੰਤ ਪੈਦਲ ਤੁਰਨ ਤਾਂ ਮੈਂ ਘੋੜੀ ਤੇ ਕਿਵੇਂ ਚੜ੍ਹ ਸਕਦਾ ਹਾਂ। ਹਜ਼ੂਰ ਨੇ ਫੁਰਮਾਇਆ " ਬੰਤਾ ਸਿੰਘ ਨੂੰ ਤੇ ਘੋੜੀਆਂ ਨਹੀ ਮਿਲ ਸੱਕਦੀਆਂ। ਉਸ ਦਾ ਸਰੀਰ ਸਤਿਗੁਰੂ ਸੱਚੇ ਪਾਤਸ਼ਾਹ ਨੇ ਐਸਾ ਬਣਾਇਆ ਹੈ ਕਿ ਬੰਤਾ ਸਿੰਘ ਨੂੰ ਨਾ ਥਕੇਵਾਂ ਤੇ ਨਾ ਹੀ ਆਲਸ ਹੁੰਦਾ ਹੈ। ਤੇ ਨਾ ਕਿਸੇ ਤੋਂ ਡਰ। ਬਲਕਿ ਉਹ ਤਾਂ ਮੌਤ ਤੋਂ ਵੀ ਨਹੀਂ ਡਰਦਾ।" ਸਤਿਗੁਰੂ ਜੀ ਨੇ ਬਿਸ਼ਨ ਸਿੰਘ ਆਦਿ ਘੋੜਿਆਂ ਵਾਲਿਆਂ ਸਿੰਘਾਂ ਨੂੰ ਕਿਹਾ ਕਿ ਸਵੇਰੇ ਬੰਤਾ ਸਿੰਘ ਨਾਲ ਤੁਰਕੇ ਵੇਖ ਲਿਓ। ਸੰਤ ਬੰਤਾ ਸਿੰਘ, ਸੰਤ ਮੋਹਨ ਸਿੰਘ ਆਦਿ ਅਰਦਾਸ ਕਰਕੇ ਤੁਰੇ। ਸਤਿਗੁਰੂ ਜੀ ਦੇ ਜਥੇ ਨਾਲ ਘੋੜਿਆਂ ਵਾਲੇ ਤੁਰਦੇ ਸਨ। ਉਹਨਾਂ ਤੋਂ ਸਵਾ ਘੰਟਾ ਪਹਿਲਾਂ ਪੁੱਜ ਗਏ। ਫਿਰ ਸੰਤਾਂ ਦੇ ਜਥੇ ਦੇ ਅਮਰ ਸਿੰਘ ਨੇ ਇਕ ਘੋੜਿਆਂ ਵਾਲੇ ਸਿੰਘ ਨੂੰ ਕਾਫੀ ਮੁਸ਼ੱਕਤ ਕਰਨ ਬਾਅਦ ਵੀ ਪੈਂਦੀ ਸੱਟ ਢਾਹ ਲਿਆ। ਜਿਹੜਾ ਇੱਥੇ ਕਲ੍ਹ ਦਾ ਆਇਆ ਸੀ। ਸਿਆਹੜ ਦਾ ਹੋਲਾ ਵੇਖ ਕੇ ਮੁੜਦਿਆਂ (ਸਤਿਗੁਰੂ ਜੀ ਨੇ) ਸੰਤਾਂ ਨੂੰ ਕਾਠੀਆਂ ਸਮੇਤ, ਦੋ ਘੋੜੀਆ ਬਖਸ਼ ਕੇ ਸਨਮਾਨਿਤ ਕੀਤਾ।"

1931 ਈ: ਵਿਚ ਸੰਧਵਾਂ (ਜਲੰਧਰ) ਦੇ ਹੋਲੇ ਮਹੱਲੇ ਸਮੇਂ ਸੰਤ ਬੰਤਾ ਸਿੰਘ ਜੀ, ਆਪਣੇ ਜਥੇ ਸਮੇਤ ਉਸੇ ਰਾਹ ਵਿਚੋਂ ਕੀਰਤਨ ਕਰਦੇ ਨਿਕਲੇ ਜਿਧਰੋਂ ਪਿੰਡ ਦੇ ਲੋਕ ਰੋਕਦੇ ਸੀ। ਜਦੋਂ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਲੜ ਕੇ ਰਾਹ ਬਣਾ ਆਇਆ ਹੈ, ਉਹਨਾ ਕਿਹਾ, " ਤੈਨੂੰ ਲੜਾਈ ਤੋਂ ਡਰ ਨਹੀਂ ਲੱਗਦਾ।" ਸੰਤ ਜੀ ਨੇ ਕਿਹਾ," ਹਜ਼ੂਰ।" ਮੇਰੀ ਮਾਂ ਨੇ ਗੁੜਤੀ ਹੀ ਮੈਨੂੰ ਲੜਾਈ ਦੀ ਦਿਤੀ ਸੀ ਤੇ ਬਾਕੀ ਤੁਹਾਡੀ ਕਿਰਪਾ ਹੈ। ਤੁਹਾਡਾ ਹੱਥ ਮੇਰੇ ਸਿਰ ਤੇ ਹੋਵੇ ਤੇ ਮੈਂ ਦੁਨੀਆ ਤੋਂ ਨਹੀਂ ਡਰਦਾ।"

ਸੰਨ 1931-32 ਵਿਚ ਹੀ ਝੰਡੇ ਜਰਮੀਆਂ ਦੇ ਲੰਬੜਦਾਰ ਉਜਾਗਰ ਸਿੰਘ ਨੂੰ ਦਸ ਬਾਰਾਂ ਸਿੰਘਾਂ ਸਮੇਤ ਅੰਮ੍ਰਿਤ ਛਕਾਇਆ ਗਿਆ। ਸੰਤ ਨਾਰੋਵਾਲ ਨੂੰ ਕਿਸੇ ਕੰਮ ਚਲੇ ਗਏ, ਅਮਰ ਸਿੰਘ ਨੂੰ ਅੰਮ੍ਰਿਤ ਛਕਾਉਣ ਬਾਰੇ ਕਹਿਕੇ। ਇਹ ਵੀ ਕਹਿ ਗਏ ਕਿ ਦੌਲਤ ਰਾਮ ਦੀਆਂ ਲੜਕੀਆਂ ਨੂੰ ਅੰਮ੍ਰਿਤ ਨਾਂ ਛਕਾਈ। ਇਹ ਦੌਲਤ ਰਾਮ ਵੀ ਝੰਡੇ ਜਰਮੀਆਂ ਦਾ ਬ੍ਰਾਹਮਣ ਸੀ। ਹੁਣ ਜਦੋਂ ਉਜਾਗਰ ਸਿੰਘ ਤੇ ਉਹਦੇ ਨਾਲ ਦਿਆ ਅੰਮ੍ਰਿਤ ਛਕ ਲਿਆ ਤਾਂ ਦੌਲਤ ਰਾਮ ਦੀਆਂ ਤਿੰਨੇ ਪੁੱਤਰੀਆਂ ਵੀ ਅੰਮ੍ਰਿਤ ਛਕਣ ਲਈ ਪੰਗਤ ਵਿਚ ਬਹਿ ਗਈਆਂ। ਅਮਰ ਸਿੰਘ ਸੰਤਾਂ ਦੇ ਹੁਕੱਮ ਕਾਰਨ ਛਕਾਉਂਦਾ ਨਹੀ ਸੀ ਪਰ ਲੰਬੜਦਾਰ ਉਜਾਗਰ ਸਿੰਘ ਦੇ ਇਹ ਕਹਿਣ ਤੇ ਵਿਚਾਰੀਆਂ ਨੂੰ ਨਿਰਾਸ਼ ਨਾ ਕਰ, ਛਕਾ ਦੇ ਅੰਮ੍ਰਿਤ। ਅੰਮ੍ਰਿਤ ਤਿੰਨਾਂ ਭੈਣਾਂ ਨੂੰ ਛਕਾ ਦਿਤਾ ਗਿਆ। ਭਜਨ ਦਸਕੇ ਰਹਿਤ ਮਰਿਆਦਾ ਸਮਝਾ ਦਿਤੀ। ਕੀਰਤਨ ਹੋਇਆ ਤਿੰਨ ਘੰਟੇ, ਫਿਰ ਪਰਸ਼ਾਦ ਵਰਤਿਆ। ਜਿਸ ਦਿਨ ਕੁੜੀਆਂ ਨੇ ਅੰਮ੍ਰਿਤ ਛਕਿਆ ਸੀ ਉਹਨਾਂ ਦਾ ਪਿਤਾ ਕਿਸੇ ਹੋਰਸ ਪਿੰਡ ਗਿਆ ਸੀ। ਆਉਂਦੇ ਨੂੰ ਪਤਾ ਲੱਗਾ। ਕੁੜੀਆਂ ਨੂੰ ਕੁੱਟਣ ਮਾਰਨ ਲੱਗ ਪਿਆ। ਦੋ ਕੁੜੀਆਂ ਉਸ ਦੀ ਗੱਲ ਮੰਨ ਲਈਕਿ ਅੱਗੋਂ ਤੋਂ ਨਾਮਧਾਰੀਆਂ ਦੇ ਦੀਵਾਨ ਵਿਚ ਨਹੀਂ ਜਾਂਦੀਆਂ। ਪਰ ਵਿਚਕਾਰਲੀ ਕੁੜੀ ਰਾਮੋ ਨੇ ਕਿਹਾ ਮੈਂ ਗੁਰੂ ਤੋ ਬੇਮੁੱਖ ਨਹੀ ਹੋਣਾ। ਦੌਲਤ ਰਾਮ ਉਸ ਦਾ ਇਕ ਭਾਈ ਤੇ ਪੁੱਤਰ ਹਰਬੰਸ, ਤਿੰਨੇ ਕੇਸਾਧਾਰੀ ਅਤੇ ਅਖੰਡ ਪਾਠੀ ਸਨ। ਪਰ ਉਹ ਜ਼ਿਆਦਾ ਹੀ ਜਿਦ ਫੜ ਗਿਆ। ਉਸ ਕੁੜੀ ਨੂੰ ਧਮਕਾਇਆ ਕਿ ਤੈਨੂੰ ਹੁੱਕਾ ਪੀਣ ਵਾਲਿਆਂ ਦੇ ਘਰ ਵਿਆਹਾਂਗਾ। ਕੁੜੀ ਨੇ ਕਿਹਾ ਕਿ ਵਿਆਹ ਤੋਂ ਪਹਿਲਾਂ ਕੁਝ ਖਾਕੇ ਮਰਾਂਗੀ। ਪਿਉ ਧੀ


Namdhari Elibrary NamdhariElibrary@gmail.com

ਦਾ ਮੁਕਾਬਲਾ ਸ਼ੁਰੂ ਹੋ ਗਿਆ। ਕੁੜੀ ਕੋਠੇ ਤੇ ਬਹਿਕੇ ਭਜਨ ਕਰਦੀ ਰਹਿੰਦੀ। ਦੌਲਤ ਰਾਮ ਕੁੜੀ ਨੂੰ ਕੁੱਟਣ ਲਈ ਕੋਠੇ ਤੇ ਚੜ੍ਹ ਰਿਹਾ ਸੀ। ਪੌੜੀ ਦੇ ਆਖਰੀ ਡੰਡੇ ਤੋਂ ਤਿਲਕ ਕੇ, ਵਾਹਵਾ ਸੱਟਾਂ ਲੁਆ ਬੈਠਾ। ਸੰਤ ਜਦੋਂ ਦੌਰਾ ਕਰਦੇ, ਅੱਸੂ ਦੇ ਮੇਲੇ ਤੇ ਕਰਤਾਰਪੁਰ ਸਾਹਿਬ ਪੁੱਜੇ ਤਾਂ ਉਹਨਾ, ਲੋਕਾਂ ਪਾਸੋਂ ਰਾਮੋ ਦੀ ਵਿਥਿਆ ਸੁਣੀ। ਰਾਮੋਂ ਨੇਂ ਪਿਉ ਦੀ ਕੁੱਟ ਤੇ ਤੰਗੀਆ ਬਾਰੇ, ਸੰਤਾਂ ਪਾਸ ਰੱਖਿਆ ਦੀ ਮੰਗ ਕਰਦਿਆਂ ਪੱਤਰ ਲਿਖਿਆ। ਉਸ ਕਿਹਾ ਉਹ ਮਰ ਸਕਦੀ ਹੈ, ਪਰ ਹੁੱਕੇ ਵਾਲੇ ਘਰ ਨਹੀਂ ਜਾਏਗੀ। ਸੰਤ ਜਥੇ ਦੇ ਪੰਦਰਾਂ ਸਿੰਘਾਂ ਤੇ ਪਿੰਡ ਦੇ ਮੋਹਤਬਰਾਂ ਸਮੇਤ ਦੌਲਤ ਰਾਮ ਦੇ ਘਰ ਜਾਕੇ ਚਿੱਠੀ ਦੀ ਗੱਲ ਕਰਕੇ, ਉਹਨੂੰ ਸਮਝਾਉਣ ਲੱਗੇ। ਉਸ ਕਿਹਾ ਚਿੱਠੀ ਸੰਤ ਨੇਂ ਆਪੇ ਲਿਖੀ ਹੈ। ਰਾਮੋ ਨੇ ਕਿਹਾ ਮੈਂ ਲਿਖੀ ਹੈ ਤੇ ਦੀਪੋ ਹੱਥ ਸੰਤਾਂ ਨੂੰ ਪੁਚਾਈ ਹੈ। ਲੋਕ ਦੌਲਤ ਰਾਮ ਨੂੰ ਫਿੱਟ ਲਾਨ੍ਹਤ ਕਰਕੇ, ਘਰੋ ਘਰੀ ਚਲੇ ਗਏ।

ਅਗਲੇ ਚੇਤਰ ਦੇ ਮਹੀਨੇ ਰੋਜ਼ ਰੋਜ਼ ਦੀ ਅੱਕੀ ਬੀਬੀ ਰਾਮੀ ਸੰਤਾਂ ਦੇ ਡੇਰੇ ਆ ਗਈ। ਸੰਤ ਜੀ ਨੇ ਉਸਨੂੰ ਆਪਣੇ ਜਥੇ ਦੇ ਸਿੰਘ ਭਗਵਾਨ ਸਿੰਘ ਨਾਲ ਭੈਣੀ ਸਾਹਿਬ ਭੇਜ ਦਿਤਾ। ਸਤਿਗੁਰੂ ਜੀ ਨੇ ਕਿਹਾ ਕਿ ਬੀਬੀ ਤੂੰ ਮਨ ਦੀ ਗੱਲ ਦੱਸ ਤਾਂਕਿ ਅਸੀ ਤੇਰਾ ਕਿਸੇ ਸਿੱਖ ਨਾਲ ਅਨੰਦ ਪੜ੍ਹਾ ਦਈਏ। ਉਸ ਬੇਨਤੀ ਕੀਤੀ ਕਿਸੇ ਸਿੱਖ ਨਾਲ ਨਹੀਂ, ਮੇਰਾ ਅਨੰਦ ਸੰਤ ਬੰਤਾ ਸਿੰਘ ਨਾਲ ਹੀ ਕਰ ਦਿਓ। ਸਤਿਗੁਰਾਂ ਨੇ ਭਗਵਾਨ ਸਿੰਘ ਨੂੰ ਭੇਜ ਕੇ ਸੰਤ ਬੰਤਾ ਸਿੰਘ ਹੋਰਾਂ ਨੂੰ ਮੰਗਵਾ ਕੇ ਅਨੰਦ ਕਾਰਜ ਕਰ ਦਿਤਾ। ਲੁਧਿਆਣੇ ਲਿਜਾ ਕੇ ਰਾਮੋ ਦੇ ਬਿਆਨ ਵੀ ਡਿਪਟੀ ਕਮਿਸ਼ਨਰ ਦੀ ਕੋਰਟ ਵਿਚ ਕਰਵਾ ਦਿਤੇ। ਦੌਲਤ ਰਾਮ ਦਾ ਵੱਡਾ ਜੁਆਈ ਦੁਰਗਾ ਦਾਸ ਲਾਹੌਰ ਵਿਚ ਵੱਡਾ ਆਦਮੀ ਸੀ। ਉਸ ਦੀ ਮਾਰਫਤ ਦੌਲਤ ਰਾਮ ਨੇ ਪੁਲੀਸ ਲਈ ਅਤੇ ਸੰਤਾਂ ਦੇ ਡੇਰੇ ਵਿਚੋਂ ਰਾਮੋ ਤੇ ਚਾਰ ਸਾਧਾਂ ਨੂੰ ਲੈ ਜਾਕੇ ਨਾਰੋਵਾਲ ਦੀ ਹਵਾਲਾਤ ਵਿਚ ਬੰਦ ਕਰ ਦਿਤਾ। ਰਾਮੋ ਨੂੰ ਕਈ ਦਿਨ ਪਰਿਵਾਰ ਵਾਲੇ, ਰਿਸ਼ਤੇਦਾਰ ਤੇ ਪੁਲੀਸ ਵਾਲੇ ਵੀ ਪਿਉ ਦੀ ਗੱਲ ਮੰਨਣ ਲਈ ਕਹਿੰਦੇ ਰਹੇ ਪਰ ਉਹ ਟੱਸ ਤੋ ਮੱਸ ਨਾ ਹੋਈ। ਓੜਕ ਉਸਨੂੰ ਲਿੱਦੋਕੇ ਦੇ ਬ੍ਰਾਹਮਣ ਪਰਿਵਾਰ ਜੋ ਚਾਰ ਪੰਜ ਭਾਈ ਅਤੇ ਮਾਲਦਾਰ ਸਨ, ਉਹਨਾਂ ਪਾਸ ਪੁਚਾ ਦਿਤਾ। ਉਹਨਾਂ ਕਿਹਾ ਇਹ ਹੁਣ ਬੰਤਾ ਸਿੰਘ ਦਾ ਨਾਂ ਵੀ ਨਹੀਂ ਲਵੇਗੀ। ਸੰਤਾਂ ਨੂੰ ਆਪਣੇ ਸੂਹੀਏ ਤੋ ਪਤਾ ਲੱਗਾ ਕਿ ਰਾਮੋ ਨੂੰ ਲਿੱਦੋਕੇ ਵਾਲਿਆਂ ਦੇ ਵੱਸ ਪਾ ਦਿਤਾ ਗਿਆ ਹੈ। ਸੰਤ ਜੀ ਲਈ ਹੁਣ ਸਰਨਪਾਲ ਬਣਨ ਦੀ ਕਠਿਨ ਪ੍ਰੀਖਿਆ ਆ ਗਈ। ਡੇਰੇ ਦੇ 28 ਕੁ ਸਿੰਘ, ਸੱਦੋਵਾਲ, ਚੰਦੋਵਾਲ ਤੇ ਕਿਸਮਾਂ ਤੋਂ ਵੀ ਸਿੰਘਾ ਚਲੇ। ਪੂਰਾ ਪੰਜਾਹ ਸਿੰਘਾਂ ਦਾ ਜਥਾ ਹੋ ਗਿਆ। ਅਰਦਾਸ ਸੋਧ ਕੇ ਲਿਦੋਕੇ ਵਾਲੇ ਬ੍ਰਾਹਮਣਾਂ ਦੀ ਕੰਧ ਡੇਗ ਕੇ ਜਾ ਪਏ। ਉਤੋਂ ਦੋ ਤਕੜੇ ਬ੍ਰਾਹਮਣ ਉੱਤਰੇ। ਉਹਨਾਂ ਪਾਸ ਡਾਂਗਾਂ ਸਨ। ਜਥੇ ਵਿਚ ਦੋ ਸਿੰਘ ਬਰਛਿਆਂ ਵਾਲੇ ਸਨ ਉਹਨਾਂ ਦੋਵੇਂ ਪਰੋ ਦਿਤੇ। ਸੰਤ ਕੋਠੇ ਤੇ ਚੜ੍ਹ ਗਏ। " ਲੋਕੋ ਅਸੀ ਡਾਕੂ ਨਹੀਂ। ਆਪਣੀ ਧੀ ਵਾਸਤੇ ਆਏ ਹਾਂ। ਰਾਹ ਦੇ ਦਿਉ ਕੋਈ ਬੇਦੋਸ਼ਾ ਨਾ ਮਰੇ।" ਪਿੰਡ ਵਿਚ ਥਾਣਾ ਸੀ। ਪੁਲੀਸ ਨੇ ਹਵਾਈ ਫਾਇਰ ਕੀਤੇ। ਕਮਰਿਆਂ ਵਿਚ ਤਲਾਸ਼ੀ ਲਈ, ਕੋਈ ਜੀਅ ਨਾ ਲੱਭਾ। ਇਕ ਜਨਾਨੀ ਨੂੰ ਜਦੋ ਪੁੱਛਿਆ ਉਹ ਚੀਕਾਂ ਮਾਰਨ ਲੱਗ ਪਈ। ਸੰਤਾਂ ਨੇ ਆਪਣੇ ਸਿੰਘ ਨੂੰ ਵਰਜ ਦਿਤਾ ਕਿ ਜੇ ਉਹਨਾਂ ਦੀ ਧੀ ਹੈ ਤਾ ਸਾਡੀ ਵੀ ਧੀ ਹੈ। ਉਹ ਗੂੰਗੀ ਸੀ। ਬੋਲ ਨਹੀ ਸੀ ਸਕਦੀ। ਡੇਰੇ ਆਕੇ ਸੰਤਾਂ ਨੇ ਜਥਾ ਖਿਲਾਰ ਦਿਤਾ। ਉਧਰ ਬ੍ਰਾਹਮਣ ਥਾਣੇ ਜਾਕੇ ਰੋਣ ਪਿੱਟਣ ਲੱਗੇ। ਪੁਲੀਸ ਗਈ ਤਾਂ ਸਭ ਤੋਂ ਪਹਿਲਾਂ ਉਹਨਾਂ ਰਾਮੋ ਨੂੰ ਪੁਛਿਆ ਕਿ ਇਹਨਾਂ ਨੂੰ ਕੌਣ ਮਾਰ ਗਿਆ ਹੈ। ਰਾਮੋ ਦਾ ਜੁਆਬ ਸੀ, ਇਹਨਾਂ ਨੂੰ ਕਿਸੇ ਨਹੀਂ ਮਾਰਿਆ। ਇਕ ਕਹਿੰਦਾ ਸੀ ਰਾਮੋ ਮੈਂ ਵਿਆਹੁਣੀ ਹੈ ਦੂਜਾ ਕਹਿੰਦਾ ਸੀ ਮੈਂ ਵਿਆਹੁਣੀ ਹੈ। ਦੋਹਾਂ ਨੇ ਬਰਛੇ ਫੜ ਲਏ ਤੇ ਇੱਕਠੇ ਹੀ ਇਕ ਦੂਜੇ ਦੇ ਪੇਟ ਵਿਚ ਖੋਭ ਦਿਤੇ। ਦੂਹਰੇ ਕੇਸ ਵਿਚ ਸੰਤ ਬੰਤਾ ਸਿੰਘ ਹੋਰਾਂ ਤੇ ਮੁਕਦਮਾ ਚਲਿਆ ਸਿਆਲਕੋਟ ਵਿਚ, ਜਿੱਥੋਂ ਉਹ ਜੇਲ੍ਹ ਵਿਚ ਸਬੂਤਾਂ ਦੀ ਕਮੀ ਕਰਕੇ, ਉਹ ਬਰੀ ਹੋ ਗਏ। ਰਾਮੋ ਪਹਿਲਾਂ ਹੀ ਅਦਾਲਤ ਦੀ ਮਾਰਫਤ ਬਿਆਨ ਦੇਕੇ, ਸੰਤਾਂ ਦੇ ਡੇਰੇ ਆ ਚੁੱਕੀ ਸੀ। ਸੰਤਾਂ ਦੇ ਆਉਣ ਦੀ ਖੁਸ਼ੀ ਵਿਚ ਕੜਾਹ ਪਰਸ਼ਾਦ ਵਰਤਾਇਆ ਗਿਆ। ਫਿਰ ਬੀਬੀ ਰਾਮੋ ਜੀਵਨ ਪਰਯੰਤ ਹੀ ਸੰਤਾਂ ਦੇ ਗੁਜ਼ਰਨ ਤੋਂ ਬਾਅਦ ਵੀ ਉਹਨਾਂ ਦੀ ਯਾਦ ਵਿਚ ਸਾਰਾ ਸਮਾਂ ਕੱਟਿਆ।[13]

ਇਸ ਬੀਬੀ ਵਿਚੋਂ ਨਿਸ਼ਾਨ ਸਿੰਘ ਨਾਂ ਦਾ ਪੁੱਤਰ ਅਤੇ ਦੋ ਪੁੱਤਰੀਆਂ ਸਨ ਜੋ ਬਟਵਾਰੇ ਤੋਂ ਬਾਅਦ ਧਾਰੀਵਾਲ ਦੇ ਕੋਲ ਪਿੰਡ ਬੜੋਏ ਰਹਿੰਦੇ ਰਹੇ। ਸੰਤਾਂ ਦੀਆਂ ਦੋਵੇਂ ਸਿੰਘਣੀਆਂ ਵੀ ਬੜੋਏ ਹੀ ਰਹੀਆਂ। ਦੌਲਤ ਰਾਮ ਹੋਰਾਂ ਦਾ ਪਰਿਵਾਰ ਵੀ ਵੰਡ ਬਾਅਦ ਪਕੇਵੇ ਜ਼ਿਲ੍ਹਾ ਗੁਰਦਾਸਪੁਰ ਆ ਗਿਆ ਸੀ। ਸੰਤ ਬੰਤਾ ਸਿੰਘ ਜੀ ਦੇ ਚਲਾਣੇ ਦਾ ਸਾਲ ਅਨੁਮਾਨਿਤ 1945 ਈ: ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਬੇਅੰਤ ਖੁਸ਼ੀਆਂ ਦੇ ਪਾਤਰ ਸੰਤ ਬੰਤਾ ਸਿੰਘ ਜੀ ਬਣੇ। ਸਮੇਂ ਸਮੇਂ ਸੰਨੀਆ, ਲਾਹੌਰਨ, ਕੁੱਲੀ ਅਤੇ ਬਿਜਲੀ ਘੋੜੀ ਆਪ ਨੂੰ ਸੰਤਾਂ ਨੇ ਦਿਤੀਆਂ ਸਨ, ਸਦਾ ਲਈ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਸੰਤ ਬੰਤਾ ਸਿੰਘ ਬੂੜੇ ਡੱਲਾ, ਕੂਕਾ ਆਨ ਬਾਨ ਅਤੇ ਸ਼ਾਨ ਦੇ ਪ੍ਰਤੀਕ ਬਣੇ ਰਹੇ। ਹਜ਼ਾਰਾਂ ਪ੍ਰਾਣੀਆਂ ਨੂੰ ਉਹਨਾਂ ਸਤਿਗੁਰੂ ਰਾਮ ਸਿੰਘ ਜੀ ਦੇ ਪੰਥ ਵਿਚ ਸ਼ਾਮਲ ਕੀਤਾ ਸੀ।

ਸੰਤ ਇੰਦਰ ਸਿੰਘ ਜੀ ਚੱਕਰਵਰਤੀ 'ਕੂਕੇਕਿਆਂ ਬਾਰੇ' ਵਿਚ ਲਿਖਦੇ ਹਨ ਕਿ ਸੰਤ ਬੰਤਾ ਸਿੰਘ ਜੀ ਬੂੜੇ ਡੱਲਾ, ਕੀਰਤਨ ਦਾ ਪਰਵਾਹ ਇਸ ਤਰ੍ਹਾਂ ਚਲਾਇਆ ਕਰਦੇ ਸਨ ਜਿਵੇਂ ਪਹਿਰ ਛੱਲੇ (ਛਾਛੜੇ) ਦਾ ਮੀਂਹ ਵਰ੍ਹਿਆ ਕਰਦਾ ਹੈ। ਨਾਮਧਾਰੀ ਪੰਥ ਨੂੰ ਜਥੇਦਾਰ ਅਤਰ ਸਿੰਘ ਸੰਭੜਿਆਲ ਅਤੇ ਸੰਤ ਮੋਹਨ ਸਿੰਘ ਜੀ ਭਾਗੋਵਾਲੀਏ ਜਿਹੇ ਕੂਕਾ ਪਰਚਾਰਕ ਤੇ ਸਾਧੂ ਆਪ ਦੀ ਹੀ ਦੇਣ ਹਨ। ਇਕ ਵੇਰ ਆਪ ਪਾਸੋਂ ਕੁਝ ਅਵੱਗਿਆ ਹੋ ਗਈ। ਸਤਿਗੁਰੂ ਜੀ ਪਾਸੋਂ ਬਖਸ਼ਬੰਦੀ ਕਰਵਾਉਣ ਦਾ ਮੌਕਾ ਹੀ ਨਾ ਮਿਲ


Namdhari Elibrary NamdhariElibrary@gmail.com

ਸੱਕਿਆ ਅਤੇ ਆਪ ਦਾ ਸਰੀਰ ਸ਼ਾਂਤ ਹੋ ਗਿਆ। ਸੰਤਾਂ ਨੇ 55 ਕੁ ਸਾਲ ਦੀ ਉਮਰ ਭੋਗੀ। ਦੂਸਰਾ ਅਨੰਦ ਕਾਰਜ 1932 ਵਿਚ ਹੋਇਆ ਮਾਲੂਮ ਹੁੰਦਾ ਹੈ। ਉਹਨਾਂ ਦਾ ਬਿਨਾਂ ਬਖਸ਼ਬੰਦੀ ਗੁਜ਼ਰ ਜਾਣ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵੀ ਅਫਸੋਸ ਸੀ। 1945 ਈ: ਦੀ ਵੈਸਾਖੀ ਤੇ ਸਤਿਗੁਰੂ ਜੀ ਨੇ ਦਰਸ਼ਨ ਦਿੰਦਿਆਂ ਹੋਇਆਂ ਇਸ ਪ੍ਰਥਾਇ ਇਉਂ ਬਚਨ ਕਰਕੇ ਆਪਣੇ ਪਿਆਰੇ ਸਿੱਖ ਦੀਆਂ ਭੁੱਲਾਂ ਚੁਕਾਂ ਖਿਮਾ ਕਰ ਦਿਤੀਆ ਸਨ :

" ਸੰਤ ਜੀ ਤਨਖਾਹੀ ਹੋਏ ਹੀ ਚੜ੍ਹ ਗਏ ਸੀ ਤਾਂ ਸਤਿਗੁਰੂ ਜੀ ਹਉਕਾ ਲੈ ਕਿਹਾ, ਉਸ ਬੰਤਾ ਸਿੰਘ ਦੀ ਕੱਛ ਧੋਣ ਵਾਲਾ ਅਤਰ ਸਿੰਘ ਪੂਜੀਦਾ ਏ ਤੇ ਸੂਜੋਵਾਲੀਆ ਬੋਲਾ ਸਿੰਘ ਬੜਾ ਪ੍ਰਸਿਧ ਹੋ ਗੁਜ਼ਰਿਆ ਹੈ ਤੇ ਸੂਬਾ ਹਰੀ ਸਿੰਘ ਕੈਸਾ ਚੰਗਾ ਏ ਪਰ ਸੰਗੀਆਂ ਦੀ ਤੇ ਸੁਭਾ ਦੀ ਸੰਗੋ ਲੰਘ, ਨਾਂ ਬਖਸ਼ਾਉਣ ਵਾਲੇ, ਸੂਰਮੇ ਸੁਭਾਅ ਵਾਲੇ ਬੰਤਾ ਸਿੰਘ ਨੂੰ ਮੇਰੇ ਵੱਲੋਂ ਬਖਸ਼ਿਸ਼ ਏ ਕਿਉਂਕਿ ਮੈਨੂੰ ਪਤਾ ਹੈ ਉਸ ਲੱਖ ਨਹੀਂ ਕੀਤਾ। ਸਬੱਬ ਹੀ ਐਸਾ ਬਣਿਆ ਸੀ ਕਿ ਉਸ ਨੂੰ ਨਿਗਮਾਣ ਹੋਣਾ ਹੀ ਪਿਆ।"[4]

### ਫੁੱਟ ਨੋਟ

1) ਅਖੀਂ ਡਿੱਠਾ ਕਿੱਸਾ ਕੀਤਾ (ਜਥੇਦਾਰ ਗੁਰਮੁਖ ਸਿੰਘ ਝੱਬਰ ਦੇ ਸੰਸਮਰਣ) ਸੰ. ਸੁਵਰਨ ਸਿੰਘ ਵਿਰਕ, ਸਫਾ 185.
2) ਉਹੀ, ਸਫਾ 184
3) ਨਿਰਭੈ ਯੋਧੇ (ਭਾਗ ਪਹਿਲਾ) ਸੰਤ ਅਮਰ ਸਿੰਘ ਨਾਗੀ ਵੇਰਕਾ ਵਾਲੇ, (ਸੰ. ਹਰਦੇਵ ਸਿੰਘ ਅਸਤਿੰਦਰ ਕੌਰ)-ਦਿੱਲੀ, ਸਫਾ 32-33
4) ਉਹੀ ਸਫਾ 33-34
5) ਉਹੀ ਸਫਾ 38-39
6) ਉਹੀ ਸਫਾ 39-44
7) ਉਹੀ ਸਫਾ 49
8) ਉਹੀ ਸਫਾ 49-50
9) ਉਹੀ ਸਫਾ 50
10) ਉਹੀ ਸਫਾ 52-61
11) ਉਹੀ ਸਫਾ 65-68
12) ਉਹੀ ਸਫਾ 75
13) ਉਹੀ ਸਫਾ 82-100
14) ਜੱਸ ਜੀਵਨ (ਭਾਗ ਤੀਜਾ), ਸੰਤ ਤਰਨ ਸਿੰਘ ਵਹਿਮੀ, ਸਫਾ 332-33

ਪਿੰਡ ਤੇ ਡਾਕ: ਕਰੀਵਾਲਾ
ਜ਼ਿਲ੍ਹਾ : ਸਿਰਸਾ 125035
(ਹਰਿਆਣਾ)
099963-71716

PEE VEEIMPEX
PUNEET BANSAL
VIKRANT KAMAL
HAND TOOLS, WROUGHT IRON COMPONENTS,
COMPLETE GATES FENCES & RAILING
Tel: +91-161-4616644
Fax: +91-161-5017725
Mob: +91-97790-00044
E-mail : puneet@peeveeimpex.com
puneetbansal20@gmail.com
web: www.peeveeimpex.com


Namdhari Elibrary NamdhariElibrary@gmail.com

# ਸਭਹਨ ਕੇ ਸਿਰਮੌਰ



*–ਤਾਰਾ ਸਿੰਘ ਅਨਜਾਣ*

1857 ਈ: ਤੱਕ, ਸਾਰਾ ਹਿੰਦੁਸਤਾਨ ਰਾਜਨੀਤਕ ਤੌਰ ਤੇ ਅੰਗਰੇਜ਼ਾਂ ਦਾ ਗੁਲਾਮ ਹੋ ਚੁਕਾ ਸੀ। ਧਾਰਮਕ ਤੌਰ ਤੇ ਵੀ ਇਸਾਈ ਮਿਸ਼ਨਰੀਆਂ ਦਾ ਪ੍ਰਚਾਰ ਭਾਰਤੀਆਂ ਨੂੰ ਇਸਾਈ ਬਨਾਉਣ ਵਿੱਚ ਕਾਮਯਾਬ ਹੋ ਰਿਹਾ ਸੀ। ਲੋਕ ਆਪਣੇ ਅਮੀਰ ਵਿਰਸੇ, ਸਦਾਚਾਰਕ, ਸਮਾਜਕ ਅਤੇ ਧਾਰਮਕ ਕਦਰਾਂ ਕੀਮਤਾਂ ਤੋਂ ਦੂਰ ਜਾ ਰਹੇ ਸਨ। ਆਪਣੀ ਮਾਣ ਮਰਿਆਦਾ ਤੇ ਜੀਵਨ ਚੱਜ ਪ੍ਰਤੀ ਵੀ ਸੁਹਿਰਦਤਾ ਨਹੀਂ ਸੀ ਰਹੀ। ਨਿਰਾਸ ਅਤੇ ਹਤਾਸ਼ ਹੋਏ ਲੋਕਾਂ ਵਿੱਚ ਸਿਥਲਤਾ ਆ ਚੁਕੀ ਸੀ। ਇਸ ਦੌਰ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਨੇ ਲੋਕਾਂ ਵਿੱਚ ਨਵੀਂ ਰੂਹ ਫੂਕਣ ਲਈ ਕਮਰਕੱਸਾ ਕੀਤਾ।

ਆਪ ਨੇ ਨਾਮਧਾਰੀ ਪੰਥ ਦੀ ਸਥਾਪਨਾ ਕੀਤੀ। ਇਸ ਪੰਥ ਦਾ ਘਰ ਪੰਜਾਬ ਸੀ ਅਤੇ ਜੜ੍ਹਾਂ ਸਿੱਖੀ ਵਿੱਚ ਸਨ। ਸਿੱਖ ਆਪਣੀ ਰਹਿਤ ਮਰਿਆਦਾ ਭੁਲ ਕੇ, ਧਰਮ ਕਰਮ ਤਿਆਗ ਕੇ ਪੂਜਾ ਪਾਠ ਤੋਂ ਮੂੰਹ ਮੋੜ ਕੇ, ਸ਼ਰਾਬੀ ਕਬਾਬੀ ਹੋ ਕੇ, ਵਿਸ਼ੇ ਵਿਕਾਰਾਂ ਵਿੱਚ ਖੁਭ ਕੇ, ਨਾਮ ਦਾਨ ਇਸ਼ਨਾਨ ਤੋਂ ਦੂਰ ਜਾਕੇ ਸਿੱਖੀ ਸਰੂਪ ਤੋਂ ਵੀ ਪਤਤ ਹੋ ਗਏ। ਮਹਾਰਾਜ ਬੀਰ ਸਿੰਘ ਜੀ ਦੇ ਸ਼ਬਦਾਂ ਵਿੱਚ:

"ਉਹ ਅੰਗਰੇਜ਼ ਜਿਨ੍ਹਾਂ ਨੇ ਇਸਾਈ ਮੱਤ ਦਾ ਅਸਰ ਸਿੱਖਾਂ ਤੇ ਅਤੇ ਉਨ੍ਹਾਂ ਦੇ ਬੱਚਿਆਂ ਤੇ ਐਸਾ ਪਾਇਆ ਜੋ ਸਿੱਖੀ ਤੋਂ ਪੱਤਤ ਹੋ ਗਏ। ਸਿੱਖੀ ਦਾ ਉਹ ਸਰੂਪ ਜੋ ਗੁਰੂ ਗੋਬਿੰਦ ਸਿੰਘ ਨੇ ਬਖਸ਼ਿਆ ਸੀ ਉਹ ਬਦਲ ਕੇ ਹੋਰ ਦਾ ਹੋਰ ਕਰ ਦਿੱਤਾ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮੁੜ ਉਨ੍ਹਾਂ ਨੂੰ ਮਨਮਤ ਅਤੇ ਅੰਧਵਿਸ਼ਵਾਸ ਤਿਆਗ ਕੇ ਗੁਰਮਤ ਅਪਨਾਉਣ ਲਈ ਪ੍ਰੇਰਿਆ। ਮਹਾਰਾਜ ਗੁਰਦਿਆਲ ਸਿੰਘ ਜੀ ਨੇ ਲਿਖਿਆ,

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਨੀਆਂ ਦੇ ਮਹਾਨ ਰੂਹਾਨੀ ਆਗੂਆਂ ਦੀ ਗੁਰ-ਗਦੀ ਤੇ ਬਿਰਾਜ ਮਾਨ ਹੋਏ ਆਪ ਦੀ ਗਿਣਤੀ ਦੁਨੀਆਂ ਦੇ ਮਹਾਨ ਰੂਹਾਨੀ ਪੇਸ਼ਵਾਵਾਂ ਵਿੱਚ ਹੁੰਦੀ ਹੈ ਤੇ ਆਪਣੀ ਆਤਮਕ ਸ਼ਕਤੀ, ਆਪ ਦੇ ਕਰਮ ਯੋਗ (ਅਮਲੀ ਜੀਵਨ) ਅਤੇ ਬਲੀਦਾਨ ਸਦਕਾ ਮੂਰਤੀਮਾਨ ਹੋਈ। ਸਿੱਖਰਾਜ ਦੇ ਪਤਨ ਤੋਂ ਬਾਅਦ ਜਦੋਂ ਸਿੱਖਾਂ ਵਿੱਚ ਮੁਕੰਮਲ ਗਿਰਾਵਟ ਤੇ ਬਦਇਖ਼ਲਾਕੀ ਆ ਚੁਕੀ ਸੀ ਤਾਂ ਉਸ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਵਿੱਚ ਗੁਰੂ ਨਾਨਕ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਲਾਸਾਨੀ ਸਿਪਿਰਟ ਭਰੀ।"

ਆਪ ਨੇ ਲੋਕਾਂ ਨੂੰ ਇਨਸਾਨੀਅਤ ਦੇ ਗੁਣਾਂ ਨਾਲ ਭਰਪੂਰ, ਚੰਗੇ ਚਾਲਚਲਣ ਵਾਲੇ ਮਨੁੱਖ ਬਣਾਇਆ ਕਿਉਂਕਿ ਮਨੁੱਖੀ ਕਦਰਾਂ ਕੀਮਤਾਂ ਵਾਲਾ ਮਨੁੱਖ ਹੀ ਕਿਸੇ ਲਈ ਕੁਰਬਾਨੀ ਦੇ ਸਕੱਦਾ ਹੈ, ਧਰਮਯੁੱਧ ਕਰ ਸਕਦਾ ਹੈ। ਹੁਮਾਯੂੰ ਕਬੀਰ ਦੇ ਸ਼ਬਦਾਂ ਵਿੱਚ:

" ਮੱਨੁਖੀ ਚਾਲ ਚਲਣ ਦੇ ਧੁਰ ਅੰਦਰ ਦੀਆਂ ਡੂੰਘਾਈਆਂ ਵਿੱਚ ਝਾਕਣ ਪਿੱਛੋਂ ਉਸ ਨੇ ਮਹਿਸੂਸ ਕੀਤਾ ਕਿ ਮਨੁੱਖ ਦੇ ਸ਼ਖਸੀ ਗੁਣਾਂ ਦੀ ਬਿਹਤਰੀ ਤੋਂ ਬਿਨਾ ਨਾ ਹੀ ਰਾਜਨੀਤਕ ਮੁਕਤੀ ਤੇ ਨਾ ਹੀ ਸਮਾਜਕ ਤੇ ਪਦਾਰਥਕ ਉੱਨਤੀ ਸੰਭਵ ਹੋਵੇਗੀ। ਇਸ ਕਰ ਕੇ ਉਸ ਨੇ ਇਖ਼ਲਾਕੀ ਖ਼ੂਬੀਆਂ ਤੇ ਬਹੁਤ ਜ਼ੋਰ ਦਿੱਤਾ ਅਤੇ ਆਪਣੇ ਸੇਵਕਾਂ ਵਿੱਚ ਧਾਰਮਕ ਤੌਰ ਉੱਤੇ ਉਪਾਸ਼ਨਾ ਅਤੇ ਸੇਵਾ ਦੀ ਭਾਵਨਾ ਭਰੀ।"

ਸਿੱਖਾਂ ਵਿੱਚ ਬਹੁਤ ਸਾਰੇ ਰਾਜੇ ਮਹਾਰਾਜੇ, ਸੋਢੀ , ਬੇਦੀ, ਗੁਰਦੁਆਰਿਆਂ ਦੇ ਮਹੰਤ ਆਦਿ ਜਨ ਸਾਧਾਰਣ ਨੂੰ ਆਪਣੇ ਮਗਰ ਲਾਈ ਫਿਰਦੇ ਸਨ ਪਰ ਕਿਸੇ ਨੇ ਉਨ੍ਹਾਂ ਅੰਦਰਲੇ ਮਨੁੱਖ ਨੂੰ ਨਹੀਂ ਟੁੰਬਿਆ। ਉਨ੍ਹਾਂ ਅੰਦਰ ਸੁੱਤੀ ਅਣਖ ਜਗਾਉਣਾ ਦਾ ਸਿਹਰਾ ਸਤਿਗੁਰੂ ਰਾਮ ਸਿੰਘ ਜੀ ਸਿਰ ਹੀ ਸੀ।

ਸਤਿਗੁਰਾਂ ਦੀ ਕੂਕਾ ਲਹਿਰ ਕੇਵਲ ਧਾਰਮਕ ਲਹਿਰ ਹੀ ਨਹੀਂ ਸੀ ਸਗੋਂ ਸਮਾਜ ਸੁਧਾਰਕ ਅਤੇ ਇਸ ਤੋਂ ਵੀ ਵੱਧ ਰਾਜਨੀਤਕ ਜਥੇਬੰਦੀ ਸੀ। ਉਸ ਸਮੇਂ ਹੀ, ਬ੍ਰਹਮ ਸਮਾਜ, ਪ੍ਰਾਰਥਨਾ ਸਮਾਜ, ਰਾਮ ਕਿਸ਼ਨ ਮਿਸ਼ਨ, ਥਿਓਸੋਫੀਕਲ ਮੂਵਮੈਂਟ, ਰਾਧਾ ਸੁਆਮੀ, ਨਿਰੰਕਾਰੀ ਆਦਿ ਲਹਿਰਾਂ ਚਲੀਆਂ ਪਰ ਇਨ੍ਹਾਂ ਦਾ ਕਾਰਜ ਖੇਤਰ ਕੁਝ ਧਾਰਮਕ ਤੇ ਸਮਾਜਕ ਹੀ ਸੀ ਰਾਜਨੀਤਕ ਬਿਲਕੁਲ ਨਹੀਂ ਸੀ। ਦੂਜੇ ਪਾਸੇ ਵਹਾਬੀ ਮੁਸਲਮਾਨਾਂ ਦੀ ਇੱਕ ਜਮਾਤ ਸੀ ਜੋ 1849 ਈ: ਤੱਕ ਸਿੱਖ ਰਾਜ ਦੇ ਖਿਲਾਫ਼ ਅਤੇ ਬਾਅਦ ਵਿੱਚ ਬਰਤਾਨਵੀ ਸ਼ਾਸਨ ਦੇ ਖ਼ਾਤਮੇ ਲਈ ਅਤੇ ਮੁਸਲਮਾਨ ਰਾਜ ਦੀਆਂ ਜੜ੍ਹਾਂ ਲਾਉਣ ਲਈ ਲੜਦੀ ਰਹੀ। ਇਸ ਸਮੇਂ ਹੀ ਮਹਾਰਾਸ਼ਟਰ ਵਿੱਚ ਵਾਸਦੇਵ ਬਲਵੰਤ ਨੇ ਵੀ ਅਜ਼ਾਦੀ ਦਾ ਝੰਡਾ ਚੁਕਿਆ ਅਤ ਨਾਅਰਾ ਦਿੱਤਾ, "ਹਥਿਆਰ ਬੰਦ ਲੜਾਈ ਬਿਨਾ ਆਜ਼ਾਦੀ ਨਹੀ।" ਇਨ੍ਹਾਂ ਵਿਚੋਂ ਕਿਸੇ ਨੇ ਵੀ ਬਹੁਪੱਖੀ ਉਦੇਸ਼ ਨਾਲ ਲੋਕਾਂ ਨੂੰ ਜਥੇਬੰਦ ਨਹੀਂ ਕੀਤਾ ਜੋ ਸਤਿਗੁਰੂ ਜੀ ਨੇ ਕੀਤਾ। ਆਪ ਬਾਰੇ ਸ਼ਯਦ ਮੁਹੰਮਦ ਲਤੀਫ ਨੇ

ਵੀ ਲਿਖਿਆ,

"(ਗੁਰੂ) ਰਾਮ ਸਿੰਘ ਅਤੇ ਉਸ ਦੇ ਮੁਰੀਦਾਂ ਦੇ ਮੁਦੇ ਮਹਿਜ਼ ਧਾਰਮਕ ਹੀ ਨਹੀਂ ਸਨ ਸਗੋਂ ਇੱਕ ਧਾਰਮਕ, ਸੁਧਾਰਕ ਅਤੇ ਸਦਾਚਾਰਕ ਨਸੀਹਤਾਂ ਦੇ ਬਾਣੇ ਵਿੱਚ ਉਸ ਨੇ ਡੂੰਘੇ ਰਾਜਨੀਤਕ ਮਨਸੂਬੇ ਬਣਾਏ।"

ਇਸ ਗਲ ਦੀ ਹੀ ਪ੍ਰੋੜਤਾ ਡਾਕਟਰ ਗੁਪਾਲ ਸਿੰਘ ਨੇ ਇਨ੍ਹਾਂ ਸ਼ਬਦਾਂ ਵਿੱਚ ਕੀਤੀ।

"ਪਰ ਉਸ ਦੀ ਅਕਾਲ ਪੁਰਖ ਨਾਲ ਅਡੋਲ ਲਿਵ, ਉਸ ਦੀ ਜਹਾਦ ਦੀ ਦਲੇਰੀ ਅਤੇ ਉਸ ਦੇ ਪੈਰੋਕਾਰਾਂ ਦੀ ਸੂਰਮਿਆਂ ਵਾਲੀ ਕੁਰਬਾਨੀ (ਭਾਵੇਂ ਕਿਸੇ ਸਬਬ) ਨੇ ਉਨ੍ਹੀ ਦਿਨੀਂ ਆਪ ਦੀ ਮੂਲ ਰੂਪ ਵਿੱਚ ਸਮਾਜਕ-ਧਾਰਮਕ ਲਹਿਰ ਨੂੰ ਇੱਕ ਬਲਕਾਰੀ ਰਾਜਨੀਤਕ ਸ਼ਕਤੀ ਬਣਾਇਆ।"

ਆਪਣੇ ਧਰਮ ਵਿੱਚ ਪਰਪਕ ਵਿਅਕਤੀ ਹੀ ਸੱਚਾ ਸੁੱਚਾ ਦੇਸ਼ ਭਗਤ ਹੋ ਸਕਦਾ ਹੈ। ਬੈਂਕਿਮ ਚੰਦਰ ਚੈਟਰਜੀ, ਵਿਵੇਕਾ ਨੰਦ, ਅਰਬਿੰਦੂ ਘੋਸ਼ ਅਤੇ ਲੋਕ ਮਾਨਿਆ ਤਿਲਕ ਨੇ ਧਰਮ ਦਾ ਆਸਰਾ ਲੈ ਕੇ ਆਜ਼ਾਦੀ ਦੀ ਲੜਾਈ ਲੜੀ।

ਨਿਸਸੰਦੇਹ ਧਰਮ ਦੇ ਆਸਰੇ ਅਜ਼ਾਦੀ ਦੀ ਲੜਾਈ ਲੜਨ ਦੀ ਪਹਿਲ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਕੀਤੀ।

ਆਪ ਭਾਰਤੀ ਸੁਤੰਤਰਤਾ ਸੰਗਰਾਮ ਦੇ ਮੋਢੀ ਤਾਂ ਸਨ ਹੀ, ਇਸ ਤੋਂ ਇਲਾਵਾ ਆਪ ਆਜ਼ਾਦੀ ਦੀ ਲੜਾਈ ਲਈ ਨਵੀਂ ਪੈਂਤੜੇ ਬਾਜ਼ੀ ਦੇ ਵੀ ਪਥ ਪ੍ਰਦਰਸ਼ਕ ਸਨ। ਆਪ ਨੂੰ ਪਤਾ ਸੀ ਕਿ ਅੰਗਰੇਜਾਂ ਨਾਲ ਜੰਗੀ ਹਥਿਆਰਾਂ ਦੀ ਵਰਤੋਂ ਨਾਲ ਲੜਨ ਲਈ ਹਿੰਦੀਆਂ ਦਾ ਛੇਤੀ ਤਿਆਰ ਹੋਣਾ ਔਖਾ ਸੀ। ਆਪ ਨੇ ਲੜਾਈ ਦਾ ਢੰਗ ਹੀ ਬਦਲ ਦਿੱਤਾ। ਆਪ ਨੇ, ਬਰਤਾਨਵੀ ਸਰਕਾਰ ਅਤੇ ਵਪਾਰ ਨੂੰ ਢਾਹ ਲਾਉਣ ਲਈ, ਨਾਮਿਲਵਰਤਨ ਤੇ ਬਾਈਕਾਟ ਦਾ ਮਾਰੂ ਹਥਿਆਰ ਆਪਣੇ ਪੈਰੋਕਾਰਾਂ ਨੂੰ ਫੜਾ ਦਿੱਤਾ। ਐਨਸਾਈਕਲੋਪੀਡੀਆ ਬ੍ਰਿਟੇਨਿਕਾ ਵਿੱਚ ਵੀ ਲਿਖਿਆ ਹੈ,

"(ਗੁਰੂ) ਰਾਮ ਸਿੰਘ ਸਿੱਖ ਫਿਲਾਸਫਰ ਤੇ ਸੁਧਾਰਕ ਅਤੇ ਅੰਗਰੇਜ਼ੀ ਵਪਾਰੀ ਮਾਲ ਅਤੇ ਨੌਕਰੀਆਂ ਪ੍ਰਤੀ ਨਾ- ਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਨ ਵਾਲਾ ਪਹਿਲਾ ਭਾਰਤੀ ਹੈ।"

ਡਾਕਟਰ ਰਾਜਿੰਦਰ ਪ੍ਰਸ਼ਾਦ ਦੇ ਵਿਚਾਰ ਵੀ ਇਸ ਤੋਂ ਭਿੰਨ ਨਹੀਂ, "ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਇਆ ਉਸ ਕਾ ਗੁਰੂ ਰਾਮ ਸਿੰਘ ਨੇ ਪ੍ਰਾਯ: ਪਚਾਸ ਵਰਸ਼ ਪੂਰਵ ਹੀ ਨਾਮਧਾਰੀਓ ਮੇਂ ਪ੍ਰਚਾਰ ਕੀਆ ਥਾ ਉਨਕੇ ਸਿਧਾਂਤ ਮੇਂ ਪਾਂਚ ਚੀਜ਼ੇ ਹੈ 1. ਸਰਕਾਰੀ ਨੌਕਰੀ ਕਾ ਬਹਿਸ਼ਕਾਰ 2. ਸਰਕਾਰੀ ਅਦਾਲਤੋਂ ਕਾ ਬਹਿਸ਼ਕਾਰ 3. ਸਰਕਾਰੀ ਸਕੂਲੋਂ ਕਾ ਬਹਿਸ਼ਕਾਰ 4. ਬਦੇਸ਼ੀ ਵਸਤਰੋਂ ਕਾ ਬਹਿਸ਼ਕਾਰ 5. ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਆਪਣੀ ਆਤਮਾ ਕੇ ਵਿਰੁਧ ਹੈ।"

ਇਸ ਤੋਂ ਇਲਾਵਾ ਸਤਿਗੁਰੂ ਜੀ ਨੇ ਕੂਕਿਆਂ ਨੂੰ ਗੱਡੀ ਵਿੱਚ ਚੜ੍ਹਨੋਂ ਅਤੇ ਡਾਕਖਾਨੇ ਵਿਚ ਚਿੱਠੀਆਂ ਪਾਉਣੋਂ ਵੀ ਵਰਜ ਦਿੱਤਾ।

ਆਪ ਨੇ ਸਵਦੇਸ਼ੀ ਦਾ ਭਰਪੂਰ ਪਰਚਾਰ ਕੀਤਾ।

ਆਪ ਪਹਿਲੇ ਭਾਰਤੀ ਸਨ ਜਿਨ੍ਹਾਂ ਨੇ ਸਮਾਨਾਂਤਰ ਸਰਕਾਰ ਕਾਇਮ ਕੀਤੀ। ਅੰਗਰੇਜ਼ ਰਾਜ ਵਿੱਚ ਵੀ ਆਪਦਾ ਆਪਣਾ ਰਾਜਪ੍ਰਬੰਧ ਸੀ ਜਿਸ ਦਾ ਰਾਜਨੀਤਕ, ਧਾਰਮਕ, ਸਮਾਜਕ, ਸਦਾਚਾਰਕ ਅਤੇ ਆਰਥਕ ਮੁਲ ਸੀ।

ਇਹ ਰਾਜ ਪ੍ਰਬੰਧ ਆਪ ਨੇ 22 ਸੂਬਿਆਂ ਦੇ ਹੱਥ ਸੌਂਪ ਰੱਖਿਆ ਸੀ। ਇਹ ਸਾਰੇ ਸੂਬੇ ਉੱਚੇ ਸੁੱਚੇ ਚਾਲਚਲਣ ਵਾਲੇ ਸਨ, ਸੁਘੜ ਸੁਜਾਨ ਸਨ। ਉਨ੍ਹਾਂ ਨੂੰ ਇਲਾਕੇ ਵੰਡੇ ਹੋਏ ਸਨ। ਉਨ੍ਹਾਂ ਦੇ ਨਾਲ ਨਾਇਬ ਸੂਬੇ ਅਤੇ ਜਥੇਦਾਰ ਵੀ ਸਨ। ਉਹ ਕੂਕਿਆਂ ਦੇ ਗੁਣਾਤਮਕ ਅਤੇ ਗਿਣਾਤਮਕ ਵਾਧੇ ਲਈ ਪ੍ਰਚਾਰ ਕਰਦੇ ਸਨ।

ਆਪ ਦਾ ਨਿਆਂ ਪ੍ਰਬੰਧ ਵੱਖਰਾ ਸੀ ਜਿਸ ਦਾ ਮੁੱਖੀ ਸੂਬਾ ਰਤਨ ਸਿੰਘ ਸੀ ਜੇ ਕੋਈ ਲੜਾਈ ਝਗੜਾ, ਪਰ੍ਹੇ ਪੰਚਾਇਤ ਵਿੱਚ ਜਾਂ ਇਲਾਕੇ ਦੇ ਮੁੱਖੀ ਕੋਲੋਂ ਨਾ ਨਿਬੜਦਾ ਤਾਂ ਸੂਬਾ ਦੋਹਾਂ ਧਿਰਾਂ ਦੀ ਗਲ ਸੁਣ ਕੇ ਆਪਣਾ ਫੈਸਲਾ ਸੁਣਾ ਦੇਂਦਾ ਜਿਹੜਾ ਮੰਨਿਆ ਜਾਂਦਾ।

ਆਪ ਦੇ ਵਿਦੇਸਾਂ ਨਾਲ ਵੀ ਸੰਬੰਧ ਸਨ, ਨੈਪਾਲ ਵਿੱਚ ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ, ਅਫ਼ਗਾਨਿਸਤਾਨ, ਕਾਬਲ ਵਿੱਚ ਬਿਸ਼ਨ ਸਿੰਘ, ਰੂਸ ਵਿੱਚ ਗੁਰਚਰਨ ਸਿੰਘ ਕਸ਼ਮੀਰ ਵਿੱਚ ਹੋਮਾ ਸਿੰਘ, ਮਿਤਰਤਾ ਭਰੇ ਸੰਬੰਧ ਕਾਇਮ ਕਰ ਰਹੇ ਸਨ। ਉਹ ਤੋਹਫਿਆਂ ਦਾ ਅਦਾਨ ਪ੍ਰਦਾਨ ਕਰ ਰਹੇ ਸਨ ਅਤੇ ਦੇਸ਼ ਆਜ਼ਾਦ ਕਰਾਉਣ ਲਈ ਮਦਦ ਮੰਗ ਰਹੇ ਸਨ। ਪੰਜਾਬ ਤੋਂ ਬਾਹਰ ਗਵਾਲੀਅਰ ਵਿੱਚ ਨਾਰਾਇਣ ਸਿੰਘ ਅਤੇ ਬਨਾਰਸ ਵਿੱਚ ਕਾਨ੍ਹ ਸਿੰਘ ਸਤਿਗੁਰਾਂ ਦੇ ਹੁਕਮ ਅਨੁਸਾਰ ਕੰਮ ਕਰਦੇ ਸਨ।

ਆਪ ਦਾ ਗੁਪਤਚਰ ਵਿਭਾਗ ਵੀ ਆਪਣਾ ਹੀ ਸੀ। ਜਿਹੜਾ ਵੀ ਸੁਨੇਹਾ ਕਿਤੇ ਪਹੁੰਚਾਉਣਾ ਹੁੰਦਾ ਬਿਨਾ ਕਿਸੇ ਨੂੰ ਸੂਹ ਲੱਗੇ ਪਹੁੰਚ ਜਾਂਦਾ। ਇਹ ਸੁਨੇਹੇ ਕਈ ਵਾਰ ਸੰਕੇਤਾਂ ਵਿੱਚ, ਜ਼ਬਾਨੀ ਜਾਂ ਲਿਖਤੀ ਭੇਜੇ ਜਾਂਦੇ। ਇਹ ਵਿਭਾਗ ਡਾਕ ਪ੍ਰਬੰਧ ਨਾਲ ਜੁੜਿਆ ਹੋਇਆ ਸੀ ਜਿਸ ਦਾ ਮੁਖੀ ਸੂਬਾ ਸਾਹਿਬ ਸਿੰਘ ਸੀ।

ਉਂਜ ਤਾਂ ਅਕਬਰ ਨੇ ਵੀ ਆਪਣਾ ਰਾਜ ਪ੍ਰਬੰਧ 22 ਸੂਬਿਆਂ

Namdhari Elibrary NamdhariElibrary@gmail.com

ਵਿੱਚ ਵੰਡਿਆ ਹੋਇਆ ਸੀ ਅਤੇ ਗੁਰੂ ਅਮਰਦਾਸ ਜੀ ਨੇ ਵੀ 22 ਮੰਜੀਆਂ ਸਥਾਪਤ ਕੀਤੀਆਂ ਹੋਈਆਂ ਸਨ। ਪਰ ਪਹਿਲੀ ਵੰਡ ਰਾਜਨੀਤਕ ਸੀ ਤੇ ਦੂਜੀ ਨਿਰੋਲ ਧਾਰਮਕ, ਧਰਮ ਅਤੇ ਰਾਜਨੀਤੀ ਦੋਹਾਂ ਖੇਤਰਾਂ ਵਿੱਚ ਸਾਂਝੇ ਤੌਰ ਤੇ ਕੰਮ ਕਰਨ ਦੀ ਜਾਚ ਆਪ ਨੇ ਹੀ ਦੱਸੀ।

ਇਸਾਈ ਮਿਸ਼ਨਰੀ ਦਾ ਕੇਂਦਰ ਲੁਧਿਆਣੇ ਸੀ। ਆਪ ਉਸ ਦੇ ਪ੍ਰਭਾਵ ਤੋਂ ਬਿਲਕੁਲ ਅਣਭਿੱਜ ਰਹੇ ਹਾਲਾਂਕਿ ਲੁਧਿਆਣਾ ਭੈਣੀ ਸਾਹਿਬ ਤੋਂ ਮਸਾਂ ਵੀਹ ਕੁ ਮੀਲ ਹੀ ਦੂਰ ਸੀ। ਕਈ ਸਰਦੇ ਪੁਜਦੇ ਸਿੰਘ ਵੀ ਸੁਰਾ ਸੁੰਦਰੀ ਦੇ ਸ਼ੈਦਾਈ ਹੋ ਕੇ, ਪੱਛਮੀ ਭੜਕ ਤੋਂ ਪ੍ਰਭਾਵਤ ਹੋ ਕੇ ਇਸਾਈ ਬਣੇ। ਆਪ ਨੇ ਇਸਾਈ ਧਰਮ ਦੀ ਥਾਂ ਹਿੰਦੀਆਂ ਦਾ ਮੂੰਹ ਆਪਣੇ ਧਰਮ ਵਲ ਮੋੜਨ ਦਾ ਯਤਨ ਕੀਤਾ।

ਸਭ ਤੋਂ ਪਹਿਲੋਂ ਸਤਿਆਗ੍ਰਹਿ ਦਾ ਮਾਰਗ ਵੀ ਆਪ ਨੇ ਹੀ ਅਪਨਾਇਆ। 1863 ਈ: ਵਿੱਚ ਆਪ ਨੂੰ ਭੈਣੀ ਸਾਹਿਬ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ, ਅਣਮਿਥੇ ਸਮੇਂ ਲਈ। ਪਰ ਆਪ 1867 ਈ: ਵਿੱਚ ਸਰਕਾਰੀ ਹੁਕਮ ਦੀ ਉਲੰਘਣਾ ਕਰਕੇ ਸਤਿਆਗ੍ਰਹਿ ਕਰਦੇ ਹੋਏ ਹੋਲਾ ਮਨਾਉਣ ਲਈ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ। ਏਸੇ ਸਾਲ ਦੀ ਦਿਵਾਲੀ ਉੱਤੇ ਅੰਮ੍ਰਿਤਸਰ ਵੀ ਆਪ ਬਿਨਾ ਸਰਕਾਰ ਦੀ ਇਜਾਜ਼ਤ ਲਿਆਂ ਹੀ ਗਏ। ਦੋਹਾਂ ਥਾਵਾਂ ਤੇ ਆਪ ਨੇ ਨਾਮਧਾਰੀ ਲਹਿਰ ਦਾ ਪ੍ਰਭਾਵਸ਼ਾਲੀ ਪ੍ਰਚਾਰ ਵੀ ਕੀਤਾ।

ਆਪ ਪਹਿਲੇ ਰਾਹਨੁਮਾ ਸਨ ਜਿਨ੍ਹਾਂ ਸੁਤੰਤਰਤਾ ਸੰਗ੍ਰਾਮ ਦਾ ਮੁੱਢ ਪਿੰਡਾਂ ਵਿੱਚ ਬੱਧਾ। ਆਪ ਨੇ ਨਾਮਧਾਰੀ ਲਹਿਰ ਦਾ ਕੇਂਦਰ ਵੀ ਪਿੰਡ ਨੂੰ ਹੀ ਬਣਾਇਆ। ਪਿੰਡਾਂ ਦੇ ਲੋਕਾਂ ਵਲੋਂ ਵੀ ਆਪ ਨੂੰ ਭਰਪੂਰ ਹੁੰਗਾਰਾ ਮਿਲਿਆ। ਗ਼ੁਲਾਮ ਭੀਖ ਜਲੰਧਰੀ ਨੇ ਤਾਰਖੀ ਵਾਕਰੀ ਵਿੱਚ ਲਿਖਿਆ,

"ਗਾਓ ਕੇ ਗਾਓ ਔ ਮੌਜ਼ਿਆਂ ਕੇ ਮੌਜ਼ਿਆਂ ਕੂਕੇ ਹੋ ਗਏ। ਜਿਸ ਵਕਤ ਗੁਰੂ ਨਾਨਕ ਜੀ ਜੋ ਮੂਜਕ ਥੇ ਨੇ ਸਿਲਸਿਲਾ ਇਰਸ਼ਾਦ ਸ਼ੁਰੂ ਕੀਆ ਥਾ ਉਸਕੋ ਯਹ ਨਸੀਬ ਨਾ ਹੂਆ ਕਿ ਦਸ ਬਰਸ ਮੇਂ ਭੀ ਏਕ ਹਜ਼ਾਰ ਆਦਮੀ ਉਨਕੇ ਚੇਲੋਂ ਮੇਂ ਹੋਤਾ। ਉਨਕੇ ਮਜ਼ਬ ਕਾ ਅਰੂਜ਼ ਪਿਛਲੇ ਮਨਸਦ ਨਸ਼ੀਨ ਕੇ ਵਕਤ ਮੇਂ ਹੂਆ ਥਾ। ਇਸ ਮੂਜਕ ਕੀ ਜ਼ਿੰਦਗੀ ਮੇਂ ਲਾਖੋਂ ਕੂਕਾ ਹੋ ਗਿਆ।"

ਆਪ ਨੇ ਇਨ੍ਹਾਂ ਸਾਦ ਮੁਰਾਦੇ ਪੇਂਡੂ ਲੋਕਾਂ ਦੇ ਦਿਲਾਂ ਦੀ ਕੋਰੀ ਸਲੇਟ ਉਤੇ ਜੋ ਵੀ ਲਿਖਿਆ ਵਾਚਿਆ ਗਿਆ। ਇਨ੍ਹਾਂ ਲੋਕਾਂ ਨੇ ਹੀ ਰਹਿਤ ਮਰਿਆਦਾ ਨੂੰ ਵੀ ਅਪਨਾਇਆ, ਕੁਰਬਾਨੀਆਂ ਵੀ ਦਿੱਤੀਆਂ ਅਤੇ ਆਪ ਦੇ ਦਰਸ਼ਨ ਪਰਸਨ ਲਈ ਖਾਰਾ ਸਮੁੰਦਰ ਪਾਰ ਕਰਕੇ ਰੰਗੂਨ ਅਤੇ ਮਰਗੋਈ ਵੀ ਗਏ।

ਕੂਕਾ ਲਹਿਰ ਦੀਆਂ ਜੜ੍ਹਾਂ ਪਿੰਡਾਂ ਵਿੱਚ ਹੋਣ ਕਰਕੇ ਹੀ ਚਤੁਰ ਬਰਤਾਨਵੀ ਹਾਕਮ ਵੀ ਇਸ ਦੀ ਰਾਜਨੀਤਕ ਚਾਲ ਨੂੰ ਕਈ ਸਾਲਾਂ ਬਾਅਦ ਹੀ ਸਮਝ ਸਕਿਆ।

ਸਤਿਗੁਰੂ ਰਾਮ ਸਿੰਘ ਜੀ ਨੇ ਮਾਂ-ਬੋਲੀ ਪੰਜਾਬੀ ਦੀ ਸਿੱਖਿਆ ਦੀ ਤਾਕੀਦ ਕੀਤੀ। ਹਰ ਕੂਕੇ ਲਈ ਆਪਣੇ ਬੱਚੇ, ਬੱਚੀ ਨੂੰ ਗੁਰਮੁਖੀ ਅੱਖਰ ਪੜ੍ਹਾਉਣੇ ਲਾਜ਼ਮੀ ਸਖਾਇਆ ਅਤੇ ਪੁਰਸ਼ਾਂ ਜਿੰਨੀ ਉੱਚੀ ਸੁੱਚੀ ਮਰਿਆਦਾ ਦਿੱਤੀ। ਆਪ ਨੇ ਕੁੜੀਆਂ ਮਾਰਨ, ਵੇਚਣ ਜਾਂ ਵੱਟਾ ਕਰਨ ਤੋਂ ਵਰਜਿਆ, ਵਿਧਵਾ ਵਿਆਹ ਦੀ ਖੁਲ੍ਹ ਦਿੱਤੀ ਅਤੇ ਘੁੰਡ ਕਢਣ ਦੀ ਮਨਾਹੀ ਕੀਤੀ। ਆਪ ਨੇ ਸਮਾਜ ਵਿਚ ਔਰਤ ਦਾ ਸਨਮਾਨ ਵਧਾਇਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇੱਕ ਅਦੁਤੀ ਸ਼ਖਸੀਅਤ ਵਾਲੇ, ਵਿਲਖਣ ਸ਼ਕਤੀਆਂ ਦੇ ਮਾਲਕ ਤੀਖਣ ਬੁਧ, ਜ਼ਹੀਨ ਵਿਅਕਤੀ ਸਨ। ਕੂਕਿਆਂ ਦੀ ਤਾਂ ਉਨ੍ਹਾਂ ਉੱਤੇ ਅਸੀਮ ਸ਼ਰਧਾ ਸੀ ਹੀ, ਗ਼ੈਰ ਨਾਮਧਾਰੀ ਅਤੇ ਖਾਸ ਕਰਕੇ ਨਾਮਧਾਰੀਆਂ ਦੇ ਵਿਰੋਧੀ ਵੀ ਮੂੰਹ ਵਿੱਚ ਉਂਗਲਾਂ ਪਾਉਂਦੇ ਸਨ ਕਿ ਕਿਸੇ ਅਮੀਰ ਵਜ਼ੀਰ, ਸਰਦਾਰ ਸ਼ਾਹੂਕਾਰ ਜਾਂ ਰਾਜੇ ਮਹਾਰਾਜੇ ਦੇ ਘਰ ਨਹੀਂ ਸਗੋਂ ਇੱਕ ਸਰਬ ਸਾਧਾਰਨ ਸਾਊ, ਸੁਹਿਰਦ ਪੇਂਡੂ, ਕਿਰਤੀ ਘਰ ਜਨਮ ਲੈ ਕੇ ਵੱਡੇ ਸਾਧਨ ਨਾ ਹੋਣ ਦੇ ਬਾਵਜੂਦ ਵੀ ਅਸਾਧਾਰਣ ਰੂਪ ਵਿੱਚ ਲੱਖਾਂ ਡਰੇ ਸਹਿਮੇ ਲੋਕਾਂ ਨੂੰ ਜਥੇਬੰਦ ਕਰਨਾ, ਉਨ੍ਹਾਂ ਨੂੰ ਸੇਧ ਦੇ ਕੇ ਬਰਤਾਨਵੀ ਸਾਮਰਾਜ ਦੇ ਟਾਕਰੇ ਤੇ ਖੜਾ ਕਰਨਾ, ਅਤੇ ਸਰਕਾਰ ਨੂੰ ਵਖਤ ਪਾ ਦੇਣਾ, ਕਿਸੇ ਦਿਭ ਦ੍ਰਿਸ਼ਟੀ ਵਾਲੇ ਦੀ ਸੰਗਠਨਾਤਮਕ ਸੂਝ ਦਾ ਹੀ ਸਿੱਟਾ ਹੋ ਸਕਦਾ ਸੀ। ਇਹ ਜ਼ਾਹਰਾ ਕਰਾਮਾਤ ਸੀ।


## ਪਾਠਕਾਂ ਦੇ ਧਿਆਨਯੋਗ

ਵਰਿਆਮ ਦੇ ਬਹੁਤ ਸਾਰੇ ਪਾਠਕਾਂ ਦਾ ਨਵਾਂ ਚੰਦਾ ਭਰਨ ਵਾਲਾ ਹੈ। ਅਤੇ ਬਹੁਤ ਸਾਰੇ ਪਾਠਕ ਐਸੇ ਵੀ ਹਨ, ਜਿਨ੍ਹਾਂ ਦਾ ਸਾਲਾਨਾ ਚੰਦਾ ਦੋ-ਦੋ, ਤਿੰਨ-ਤਿੰਨ ਸਾਲ ਦਾ ਬਕਾਇਆ ਹੋਇਆ ਪਿਆ ਹੈ ਤੇ ਉਨ੍ਹਾਂ ਨੇ ਬਕਾਇਆ ਰਕਮ ਵੀ ਨਹੀਂ ਜਮ੍ਹਾਂ ਕਰਾਈ।

ਸੋ, ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਵਾਰ ਹੋਲੇ ਦੇ ਮੇਲੇ ਤੇ ਵਰਿਆਮ ਦਾ ਸਟਾਲ ਲੱਗੇਗਾ, ਜਿਸ ਨੇ ਆਪਣਾ ਬਕਾਇਆ ਜਮ੍ਹਾਂ ਕਰਾਉਣਾ ਹੋਵੇ ਜਾਂ ਨਵਾਂ ਵਰਿਆਮ ਲੁਆਉਣਾ ਹੋਵੇ, ਉਹ ਹੋਲੇ ਦੇ ਮੇਲੇ ਤੇ ਵਰਿਆਮ ਦੇ ਸਟਾਲ ਤੇ ਆ ਕੇ ਆਪਣੀ ਰਾਸ਼ੀ ਜਮ੍ਹਾਂ ਕਰਵਾ ਸਕਦਾ ਹੈ।

—ਮੈਨੇਜਰ

ਮਾਸਿਕ ਵਰਿਆਮ, ਲਾਡੋਵਾਲੀ ਰੋਡ, ਜਲੰਧਰ





Namdhari Elibrary NamdhariElibrary@gmail.com

# ਮਸੀਹਾ



—ਲਖਵਿੰਦਰ ਸਿੰਘ ਬਾਜਵਾ

ਚੜ੍ਹੀ ਸੀ ਅਸਮਾਨ ਗੁੱਡੀ ਗੋਰਿਆਂ ਦੇ ਰਾਜ ਦੀ।
ਚਰਚਾ ਸੀ ਹਰ ਜ਼ੁਬਾਨ ਤੇ ਵਿਕਟੋਰੀਆ ਦੇ ਤਾਜ਼ ਦੀ।

ਹਿੰਮਤ ਨਾ ਪੇਚਾ ਪਾਉਣ ਦੀ ਪੈਂਦੀ ਕਿਸੇ ਵੀ ਹੋਰ ਨੂੰ।
ਮਾਂਝਾ ਸੀ ਲੱਗਾ ਕੱਚ ਦਾ ਬਰਤਾਨੀਆਂ ਦੀ ਡੋਰ ਨੂੰ।

ਉਹ ਦੌਰ ਸੀ ਕਿ ਸ਼ਾਇਰ ਵੀ ਜ਼ਾਲਮ ਦੀ ਮਹਿਮਾ ਗਾ ਗਏ।
ਚੰਦ ਟੁਕੜਿਆਂ ਲਈ ਕਾਲਖਾਂ ਇਤਿਹਾਸ ਮੱਥੇ ਲਾ ਗਏ।

ਦੁਸ਼ਮਨ ਬਣਾਏ ਵੀਰ ਜਾਂ ਗੈਰਾਂ ਨੇ ਵੀਰਾਂ ਵਾਸਤੇ।
ਵੈਰੀ ਦੀ ਉਂਗਲ ਚੜ੍ਹ ਗਏ ਨੱਚਦੇ ਜਗੀਰਾਂ ਵਾਸਤੇ।

ਗੈਰਾਂ ਦੇ ਹੱਥੀਂ ਦਿੱਤੀਆਂ ਫੜ ਚਾਬੀਆਂ ਜਾ ਆਪ ਸੀ।
ਉਸੇ ਸਮੇਂ ਤੋਂ ਕੌਮ ਦੇ ਸਿਰ ਵਰਤਿਆ ਸੰਤਾਪ ਸੀ।

ਇਸ ਬਾਗ ਦੇ ਇੱਕ ਰੁੱਖ ਤੋਂ ਆਰੀ ਨੂੰ ਦਸਤਾ ਪੈ ਗਿਆ।
ਇਸ ਬਾਗ ਦਾ ਫਿਰ ਵੇਂਹਦਿਆਂ ਹੀ ਸੱਥਰ ਲਹਿ ਗਿਆ।

ਅਬਲਾ ਹਜ਼ਾਰਾਂ ਰੋਂਦੀਆਂ ਲਹਿੰਦੇ ਰੋਜ਼ਾਨਾ ਚੀਰ ਸਨ।
ਅੰਦਰ ਹਵਾਵਾਂ ਰੋਂਦੀਆਂ ਲਹਿੰਦੇ ਰੋਜ਼ਾਨਾ ਚੀਰ ਸਨ।

ਸੀ ਸਬਰ ਦਾ ਸਾਹ ਘੁਟਿਆ ਉਸ ਜ਼ਾਬਰਾਂ ਦੇ ਰਾਜ ਨੇ।
ਤੇ ਫੜ ਲਈ ਸੋਨੇ ਚਿੜੀ ਬਰਤਾਨੀਆਂ ਦੇ ਬਾਜ ਨੇ।

ਹਾਉਕਾ ਵੀ ਭਰਨਾ ਜ਼ੁਰਮ ਸੀ ਰੋਂਦਾ ਵਰਾਉਣਾ ਜ਼ੁਰਮ ਸੀ।
ਫ਼ਰਿਆਦ ਕਰਨਾ ਜ਼ੁਰਮ ਸੀ ਉਂਗਲ ਉਠਾਉਣਾ ਜ਼ੁਰਮ ਸੀ।
ਹੱਥੀਂ ਲਗਾ ਕੇ ਰੁੱਖ ਛਾਵੇਂ ਆਪ ਬਹਿਣਾ ਜ਼ੁਰਮ ਸੀ।

ਤੇ ਦੇਸ਼ ਸਾਡੇ ਨੂੰ ਅਸਾਡਾ ਦੇਸ਼ ਕਹਿਣਾ ਜ਼ੁਰਮ ਸੀ।
ਕਿਰਤੀਆਂ ਦੇ ਜੀਣ ਦਾ ਬਿਲਕੁਲ ਰਿਹਾ ਨਾ ਹੱਜ ਸੀ।

ਏਥੇ ਗਦਾਰਾਂ ਦਾ ਰਿਹਾ ਡੰਕਾ ਚੁਫੇਰੇ ਵੱਜ ਸੀ।
ਪੈਂਦੀਆਂ ਸਨ ਸਹਿਣੀਆਂ ਕਿਰਸਾਨ ਤਾਈਂ ਘੁਰਕੀਆਂ।

ਤੇ ਮਾਮਲੇ ਦੇ ਵਾਸਤੇ ਨਿੱਤ ਹੁੰਦੀਆਂ ਸਨ ਕੁਰਕੀਆਂ।
ਅਗਿਆਨ ਦਾ ਪ੍ਰਸਾਰ ਸੀ ਸੋਚਾਂ ਨੂੰ ਜੰਦਰੇ ਲਾ ਰਿਹਾ।

ਸੀ ਚਾਨਣੇ ਨੂੰ ਛਡ ਹਰ ਕੋਈ ਨ੍ਹੇਰੀਆਂ ਵੱਲ ਜਾ ਰਿਹਾ।
ਰੀਤੀ ਰਵਾਜਾਂ ਭੈੜਿਆਂ ਨੂੰ ਲੋਕਾਂ ਐਸਾ ਪਕੜਿਆ।

ਸਮਾਜ ਦਾ ਹਰ ਅੰਗ ਹੀ ਇਸ ਗੰਠੀਏ ਨੇ ਜਕੜਿਆ।
ਜੰਮਦੀਆਂ ਧੀਆਂ ਨੂੰ ਮਾਰਨ ਗੱਲ ਹੋਈ ਆਮ ਸੀ।

ਬਦਨਾਮੀਆਂ ਦਾ ਖੌਫ਼ ਕਾਹਦਾ ਹਰ ਕੋਈ ਬਦਨਾਮ ਸੀ।
ਮੜ੍ਹੀਆਂ ਮਸਾਣਾਂ ਪੂਜਦੀ ਫਿਰਦੀ ਲੋਕਾਈ ਭਟਕਦੀ।

ਸਰਵਰ ਸਖੀ ਧਰੌਂਕਲੇ ਤੇ ਬੱਕਰੇ ਜਾ ਝਟਕਦੀ।
ਜਿਸ ਖਾਲਸੇ ਦੇ ਰਾਜ ਅੰਦਰ ਚਿੜੀ ਨਹੀਂ ਸੀ ਫਟਕਦੀ।

ਉਸ ਖਾਲਸੇ ਦੀ ਧੌਣ ਤੇ ਤਲਵਾਰ ਵੇਖੀ ਲਟਕਦੀ।
ਇਸ ਦੌਰ ਅੰਦਰ ਖਾਲਸਾ ਸੀ ਰਹਿਤ ਸਾਰੀ ਭੁੱਲ ਗਿਆ।

ਵੇਖ ਚਮਕਾਂ ਝੂਠੀਆਂ ਮੁਲੰਮਿਆਂ ਸੰਗ ਤੁੱਲ ਗਿਆ।
ਵਿਕ ਗਏ ਵੀ ਰਾਜੇ ਰਾਜਦਾਰੀਆਂ ਦੇ ਵਾਸਤੇ।

ਵਿਕ ਗਏ ਸਰਦਾਰ ਸਨ ਸਰਦਾਰੀਆਂ ਦੇ ਵਾਸਤੇ।
ਹਿੰਦੀਆਂ ਦੇ ਜ਼ਿਹਨ ਤੇ ਜ਼ਿਲਤ ਦਾ ਚਿੱਕੜ ਚੜ੍ਹ ਗਿਆ।

ਲਾਇਆ ਸੀ ਜੋ ਦਸਮੇਸ਼ ਨੇ ਗੈਰਤ ਦਾ ਬੂਟਾ ਸੜ ਗਿਆ।
ਸਿਤਮਗਰ ਦੇ ਨਾਲ ਰਲ ਹੋ ਗਏ ਮਦਾਰੀ ਸਿਤਮਗਰ।


Namdhari Elibrary NamdhariElibrary@gmail.com

ਲੋਕੀਂ ਤਮਾਸ਼ਾ ਹੋ ਗਏ ਇਹ ਖੇਡ ਹੋਈ ਹਰ ਨਗਰ।
ਭੇਜ ਦੇ ਛੇਤੀ ਮਸੀਹਾ ਆ ਰਹੀ ਆਵਾਜ਼ ਸੀ।

ਮਖਲੂਕ ਦੇ ਹਰ ਮੁੱਖ ਵਿੱਚੋਂ ਨਿਕਲਦੀ ਫ਼ਰਿਆਦ ਸੀ।
ਫਿਰ ਭਾਨ ਸੀ ਇੱਕ ਚਮਕਿਆ ਗੂਹੜੇ ਹਨੇਰੇ ਚੀਰਦਾ।

ਉਹ ਆਪ ਰਾਖਾ ਬਣ ਗਿਆ ਅਬਲਾ ਦੇ ਲਹਿੰਦੇ ਚੀਰ ਦਾ।
ਪਲਟਿਆ ਉਸ ਨੇ ਜਾਂ ਵਰਕਾ ਦੇਸ਼ ਦੀ ਤਕਦੀਰ ਦਾ।

ਤੇ ਹਿੰਦ ਦੇ ਜ਼ਖਮਾਂ ਤੇ ਕੀਤਾ ਕੰਮ ਉਸ ਅਕਸੀਰ ਦਾ।
ਗ਼ੈਰਤ ਦੀ ਫੂਕ ਮਾਰ ਕੇ ਉਸ ਨਾਦ ਐਸਾ ਫੂੰਕਿਆ।

ਹਰ ਰੂਹ ਚੋਂ ਜਾਗੀ ਬੀਰਤਾ ਹਰ ਦਿਲ ਅਜ਼ਾਦੀ ਕੂਕਿਆ।
ਅੰਗਰੇਜ਼ ਦੇ ਉਸ ਰਾਜ ਵਿੱਚ ਸਵਰਾਜ ਪੈਦਾ ਕਰ ਲਿਆ।

ਉਠ ਕੇ ਲੋਕਾਈ ਆ ਰਲੀ ਮੁਹਾਜ ਪੈਦਾ ਕਰ ਲਿਆ।
ਸਿੱਧੂ ਗੁਲਾਮੀ ਤਰਨ ਲਈ ਜਹਾਜ਼ ਪੈਦਾ ਕਰ ਲਿਆ।

ਕੜੀਆਂ ਨੂੰ ਤੋੜਨ ਵਾਸਤੇ ਹਰ ਸਾਜ਼ ਪੈਦਾ ਕਰ ਲਿਆ।
ਕੀਤਾ ਵਿਦੇਸ਼ੀ ਵਸਤ ਦਾ ਸੰਪੂਰਨ ਬਾਈਕਾਟ ਸੀ।

ਇਹ ਉਸ ਦੇ ਕਾਸਦ ਲਈ ਕੁੱਕੜ ਉਡਾਰੀ ਵਾਟ ਸੀ।
ਝੂਣਿਆ ਬਰਤਾਨੀਆਂ ਦਾ ਤਖਤ ਉਹਦੇ ਤੇਜ਼ ਨੇ।

ਡਿਸਪਲਨ ਜਾਂ ਕੂਕਿਆਂ ਦਾ ਵੇਖਿਆ ਅੰਗਰੇਜ਼ ਨੇ।
ਬੀੜੀਆਂ ਤੋਪਾਂ ਤੇ ਜਿੱਥੇ ਫਾਂਸੀਆਂ ਸਨ ਟੰਗੀਆਂ।

ਸੂਰਿਆਂ ਦੀਆਂ ਪਲਟਣਾਂ ਹੱਸ ਓਸ ਰਾਹੋਂ ਲੰਘੀਆਂ।

ਜੋ ਬਗਾਵਤ ਦੀ ਚਿੰਗਾਰੀ ਉੱਠੀ ਭੈਣੀ ਸਾਹਿਬ ਚੋਂ।
ਸੁੱਤੇ ਭਾਰਤ ਵਰਸ਼ ਨੂੰ ਉਸ ਨੇ ਜਗਾਇਆ ਖਾਬ ਚੋਂ।

ਨੇਤਾ ਸੁਭਾਸ਼ ਤੇ ਸਰਾਭੇ ਭਗਤ ਸਿੰਘ ਸਰਦਾਰ ਨੇ।
ਓਸ ਦੇ ਰਾਸਤੇ ਨੂੰ ਫੜਿਆ ਗਾਂਧੀ ਅਤੇ ਜਵਾਹਰ ਨੇ।

ਭਾਂਬੜ ਬਣ ਕੇ ਭੜਕ ਪਈ ਉਹ ਦੇਸ਼ ਦੀ ਹਰ ਨੁੱਕਰੇ।
ਬਰਤਾਨੀਆਂ ਦੀ ਅੱਖ ਵਿੱਚ ਰੜਕੀ ਉਹ ਵਾਂਗੂੰ ਕੁੱਕਰੇ।

ਗੁਲਾਮੀਆਂ ਦੇ ਲਾਟ ਉਹ ਗੂਹੜੇ ਹਨੇਰੇ ਚੀਰ ਗਈ।
ਤੇ ਕੂਕ ਉਹਦੀ ਦੇਸ਼ ਦੀ ਫਿਰ ਪਲਟ ਕੇ ਤਕਦੀਰ ਗਈ।

ਆਪਣੇ ਲਈ ਵਕਤ ਨੇ ਰਹਿਬਰ ਹਮੇਸ਼ਾਂ ਥਾਪਿਆ।
ਪਰ ਵੱਧ ਤੈਥੋਂ ਸਤਿਗੁਰੂ ਮੈਨੂੰ ਨਾ ਕੋਈ ਜਾਪਿਆ।

ਵਕਤ ਦੇ ਹਰ ਮੋੜ ਤੇ ਤੈਨੂੰ ਮਸੀਹਾ ਕਹਿਣਗੇ।
ਤੇਰੇ ਅਹਿਸਾਨ ਬਾਜਵਾ ਸਿਰ ਤੇ ਹਮੇਸ਼ਾਂ ਰਹਿਣਗੇ।

---

## ਗ਼ਜ਼ਲ

—ਅਮਰਜੀਤ ਸੰਧੂ

ਬਹੁਤ ਮੁਹੱਬਤ ਨਾਲ ਪ੍ਰੀਤਮ, ਪਾਉਂਦਾ ਪਿਐ ਕਲਾਵਾ, ਸਮਝੋ!
ਮਾਹੀ ਨਾਲ ਮਿਲਾਪ ਕਰਾਊ, ਮੌਤ ਨੂੰ ਤਾਂ ਮੁਕਲਾਵਾ ਸਮਝੋ!

ਜਿਵੇਂ ਸਫ਼ਰ ਵਿਚ ਸੋਹਣੀ ਥਾਂ 'ਤੇ, ਦੋ ਪਲ ਮਨ ਪਰਚਾ ਲੈਂਦੇ ਹਾਂ,
ਇਉਂ ਹੀ ਰੂਹ ਦੇ ਰਾਹ ਵਿਚ ਦੁਨੀਆਂ, ਕੇਵਲ ਮਨ-ਪਰਚਾਵਾ ਸਮਝੋ!

ਰੱਬ ਨੇ ਦੌਲਤ ਦਿੱਤੀ ਹੈ ਤਾਂ, ਮਾਲਿਕ ਨਾ ਬਣ ਬੈਠੋ ਆਪੇ,
ਉਹਦੀ ਦਾਤ ਉਦ੍ਹੀ ਕਰ ਵੰਡੋ, ਖ਼ੁਦ ਨੂੰ ਬਸ ਵਰਤਾਵਾ ਸਮਝੋ!

ਖ਼ਬਰੇ ਬੱਚਾ ਕਿਧਰੋਂ ਆਉਂਦੈ, ਖ਼ਬਰੇ ਅੰਤ ਕਿਧਰ ਤੁਰ ਜਾਂਦੈ,
ਨਾ ਕੋਈ ਮਾਂ, ਨਾ ਕੋਈ ਬਾਪੂ, ਖ਼ੁਦ ਨੂੰ ਸਿਰਫ਼ ਖਿਡਾਵਾ ਸਮਝੋ!

ਕੱਚੀਆਂ ਇੱਟਾਂ ਧਰਦਾ ਜਾਂਦੈ, ਪੱਕੀਆਂ ਇੱਟਾਂ ਚੁੱਕਦਾ ਜਾਂਦੈ,
ਰੱਬ ਪਥੇਰਾ, ਰੱਬ ਪਕਾਵਾ, ਦੁਨੀਆਂ ਰੱਬ ਦਾ ਆਵਾ ਸਮਝੋ!

ਕਰਮਾਂ ਦਾ ਫਲ ਨਿਸ਼ਚਿਤ ਮਿਲਦੈ, ਜੋ ਬੀਜੋਗੇ ਖਾਣਾ ਪੈਣੈਂ,
ਇਸ ਨੂੰ ਸਿਰਫ਼ ਮਜ਼ਾਕ ਨਾ ਜਾਣੋਂ, ਨਾ ਹੀ ਸਿਰਫ਼ ਡਰਾਵਾ ਸਮਝੋ!

ਬਾਣੀ, ਬਾਣਾ, ਸੇਵਾ, ਸਿਮਰਨ, ਪਰਉਪਕਾਰ, ਦਾਨ ਸਭ ਅੱਛੇ,
ਪਰ ਜੇ ਮਨ ਵਿਚ ਮੀਤ ਨਹੀਂ ਤਾਂ, ਇਹ ਵੀ ਢੌਂਗ-ਵਿਖਾਵਾ ਸਮਝੋ!

ਇਹ ਧਨ-ਦੌਲਤ, ਕੋਠੀਆਂ-ਕਾਰਾਂ, ਅਹੁਦੇ-ਰੁਤਬੇ, ਇੱਜ਼ਤ ਸ਼ੋਹਰਤ,
ਪਲ-ਦੋ-ਪਲ ਦੀ ਖੇਡ ਹੈ 'ਸੰਧੂ', ਇਹ ਕੇਵਲ ਛਲਾਵਾ ਸਮਝੋ!

ਸੰਪਰਕ: 94636-13528


Namdhari Elibrary NamdhariElibrary@gmail.com

# ਸੇਠ ਤ੍ਰਿਲੋਕ ਸਿੰਘ ਜੀ ਚਾਵਲਾ

ਸਮੂਹ ਨਾਮਧਾਰੀ ਜਗਤ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਦੇ ਭੌਰੇ ਅਤੇ ਨਾਮਧਾਰੀ ਸਿਖ ਸਮਾਜ ਵਿਚ ਨਿਵੇਕਲਾ ਸਥਾਨ ਰਖਣ ਵਾਲੇ ਸੇਠ ਤ੍ਰਿਲੋਕ ਸਿੰਘ ਜੀ ਚਾਵਲਾ 2 ਫਰਵਰੀ 2016 ਦਿਨ ਮੰਗਲਵਾਰ ਨੂੰ ਸ੍ਰੀ ਸਤਿਗੁਰੂ ਜੀ ਦੁਆਰਾ ਬਖਸ਼ਿਸ਼ ਕੀਤੇ ਸਵਾਸ ਭੋਗ ਕੇ ਗੁਰੂ ਚਰਨਾਂ ਚ ਜਾ ਬਿਰਾਜੇ ਹਨ।



ਸੇਠ ਤ੍ਰਿਲੋਕ ਸਿੰਘ ਜੀ ਚਾਵਲਾ ਕਿਸੇ ਵੀ ਜਾਣ ਪਹਿਚਾਣ ਦੇ ਮੁਹਤਾਜ ਨਹੀਂ ਹਨ। ਉਹ ਆਪਣੇ ਆਪ ਵਿਚ ਇਕ ਮਜ਼ਬੂਤ ਸਤੰਬ ਸਨ।

ਉਹਨਾਂ ਦੀ ਨਿਘਰਦੀ ਹੋਈ ਦੇਹ ਅਵਸਥਾ ਨੂੰ ਦੇਖਦੇ ਹੋਏ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉਚੇਚੇ ਤੌਰ ਤੇ 15 ਦਸੰਬਰ 2015 ਨੂੰ ਬੈਂਕੌਕ ਵਿਖੇ ਪੁੱਜਕੇ ਉਹਨਾਂ ਦੀ ਸਿਹਤ ਬਾਰੇ ਜਾਣਿਆ ਅਤੇ ਪਰੀਵਾਰ ਨੂੰ ਖੁਸ਼ੀਆਂ ਬਖਸ਼ੀਆਂ।

ਸੇਠ ਤ੍ਰਿਲੋਕ ਸਿੰਘ ਜੀ ਚਾਵਲਾ ਉਚ ਸਤਿਕਾਰਤ ਹਸਤੀ ਸੰਤ ਫੂਲਾ ਸਿੰਘ ਚਾਵਲਾ-ਮਾਤਾ ਦਿਆਲ ਕੌਰ ਜੀ ਦੀ ਸੰਤਾਨ ਸਨ ਜਿਹੜੇ ਕਿ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਨਾਮਧਾਰੀ ਸਿੱਖ ਸਨ। ਸੇਠ ਜੀ ਬੜੀ ਤੀਖਣ ਬੁੱਧੀ ਦੇ ਮਾਲਕ ਅਤੇ ਦੂਰ- ਦਰਸ਼ੀ ਸਨ। ਆਪਦੀ ਪਹਿਚਾਣ ਦਾ ਘੇਰਾ ਕੇਵਲ ਨਾਮਧਾਰੀ ਸਮਾਜ ਤਕ ਹੀ ਸੀਮਿਤ ਨਹੀ ਬਲਕਿ ਅੰਤਰ ਰਾਸ਼ਟਰੀ ਪੱਧਰ ਤੇ ਉਪਰਲੀ ਕਤਾਰ ਦੀ ਹਸਤੀਆਂ ਤਕ ਵੀ ਆਪਦੀ ਵਿਸ਼ੇਸ਼ ਪਛਾਣ ਸੀ।

ਸੇਠ ਜੀ ਦਾ ਬਚਪਨ ਸ਼ੇਖੂਪੁਰੇ (ਪਾਕਿਸਤਾਨ) ਵਿਚ ਬੀਤਿਆ। ਬਚਪਨ ਤੋਂ ਹੀ ਆਪ ਅਗਾਂਹ ਵਧੂ ਖਿਆਲਾਂ ਦੇ ਧਾਰਨੀ ਰਹੇ। ਸ਼ਹੀਦ ਭਗਤ ਸਿੰਘ ਨੂੰ ਅੰਗਰੇਜ਼ਾਂ ਵਲੋਂ ਦਿਤੀ ਗਈ ਫਾਂਸੀ ਅਤੇ ਅੰਗਰੇਜ਼ਾਂ ਵਲੋਂ ਭਾਰਤੀਆਂ ਤੇ ਢਾਏ ਜਾ ਰਹੇ ਬੇਹਿਸਾਬ ਜ਼ੁਲਮਾਂ ਨੇ ਆਪ ਜੀ ਤੇ ਗਹਿਰਾ ਪ੍ਰਭਾਵ ਛਡਿਆ। ਆਪਨੇ ਮੁੱਢਲੇ ਸਮੇਂ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ, ਪੰਡਿਤ ਜਵਾਹਰ ਲਾਲ ਨਹਿਰੂ, ਮੁਹੰਮਦ ਅਲੀ ਜਿੰਨ੍ਹਾਂ, ਲਿਆਕਤ ਅਲੀ ਖਾਨ ਤਕ ਪਛਾਣ ਸਥਾਪਿਤ ਕੀਤੀ ਜੋ ਆਜ਼ਾਦੀ ਤੋਂ ਬਾਦ ਪ੍ਰਧਾਨ ਮੰਤਰੀ, ਇੰਦਰਾ ਗਾਂਧੀ ਅਤੇ ਡਾ. ਮਨਮੋਹਨ ਸਿੰਘ ਨਾਲ ਵੀ ਕਾਇਮ ਰਹੀ।



ਆਪ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਵੀ ਸੰਪਰਕ ਵਿਚ ਰਹੇ। ਆਪਦਾ ਜਨੂਨ ਵੇਖ ਕੇ ਨੇਤਾ ਜੀ ਨੇ ਆਪ ਨੂੰ ਥਾਈਲੈਂਡ ਚ ਆਪਣਾ ਨਿਜੀ ਸਕਤਰ ਬਣਾ ਦਿਤਾ।

ਸੇਠ ਜੀ ਜਿਥੇ ਸਮਾਜ ਸੇਵਾ, ਦੇਸ਼ ਭਗਤੀ ਵਿਚ ਸਰਗਰਮ ਰਹੇ, ਉਥੇ ਹੀ ਨਾਮਧਾਰੀ ਸਮਾਜ ਦੀ ਸੇਵਾ ਵਿਚ ਵੀ ਸਿਖਰ ਤੇ ਰਹੇ।



ਸੇਠ ਤ੍ਰਿਲੋਕ ਸਿੰਘ ਚਾਵਲਾ ਦਾ ਅਨੰਦ ਕਾਰਜ ਥਾਈਲੈਂਡ ਵਾਸੀ ਨਾਮਵਰ ਨਾਮਧਾਰੀ ਹਸਤੀ ਸੰਤ ਖਜਾਨ ਸਿੰਘ ਇਨਸਾਫ ਦੀ ਸਪੁੱਤਰੀ ਬੀਬੀ ਮਹਿੰਦਰ ਕੌਰ ਨਾਲ ਹੋਇਆ। ਅਟਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਪਾਰ ਬਖਸ਼ਿਸ਼ ਹਮੇਸ਼ਾ ਇਸ ਪਰੀਵਾਰ ਤੇ ਰਹੀ। ਕਿਸੇ ਪ੍ਰਕਾਰ ਦੀ ਕੋਈ ਥੁੜ ਨਹੀਂ ਰਹਿਣ ਦਿਤੀ। ਸੇਠ ਜੀ ਦੇ ਘਰ 1950 ਵਿਚ ਭੁਚੰਗੀ ਦੀ ਦਾਤ ਪ੍ਰਾਪਤ ਹੋਈ ਪਹਿਲੇ ਸਪੁੱਤਰ ਬਖਸ਼ੀਸ਼ ਸਿੰਘ ਨੇ ਜਨਮ ਲਿਆ। ਫਿਰ ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ,ਉਤੇ ੜਿਤੀ ,7 ਬੱਚਿਆਂ ਦੀ ਪ੍ਰਾਪਤੀ ਹੋਈ। ਧਰਮ ਸਿੰਘ, ਸੋਹਣ ਸਿੰਘ, ਬਲਦੇਵ, ਸਿੰਘ, ਸ਼ੇਰ ਸਿੰਘ, ਭੁਪਿੰਦਰ ਸਿੰਘ, ਗੁਰਦੀਪ ਕੌਰ (ਬਾਵੋ) ਸੰਤੋਖ ਸਿੰਘ (ਲਾਲ ਜੀ)

ਚਾਵਲਾ ਪਰੀਵਾਰ ਸ੍ਰੀ ਸਤਿਗੁਰੂ ਸਾਹਿਬਾਨ ਦੀਆਂ ਅਨੰਤ ਬਖਸ਼ਿਸ਼ਾਂ ਦਾ ਪਾਤਰ ਰਿਹਾ ਹੈ। ਸੇਠ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਚੌਰ ਕਰਨ ਦੀ ਸੇਵਾ ਵੀ ਲੈਂਦੇ ਰਹੇ। ਦਿਲੀ ਵਿਖੇ ਪੂਸਾ ਰੋਡ ਤੇ ਸੇਠ ਜੀ ਦੀ ਕੋਠੀ ਤੇ ਚਾਵਲਾ ਪਰਵਾਰ ਵਲੋਂ ਸਤਿਗੁਰੂ ਸਾਹਿਬਾਨ, ਨਾਮਧਾਰੀ ਸੰਗਤ ਅਤੇ ਮਹਤਵਪੂਰਣ ਹਸਤੀਆਂ ਦੀ ਆਵ-ਭਗਤ ਤਨੋਂ ਮਨੋਂ ਹੁੰਦੀ ਰਹੀ।

ਸੇਠ ਜੀ ਦਾ ਅੰਤਿਮ ਸਸਕਾਰ 5 ਫਰਵਰੀ 2016 ਨੂੰ ਬੈਂਕੌਕ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਕੀਤਾ ਗਿਆ ਅਤੇ ਭੋਗ 9 ਫਰਵਰੀ 2016 ਦਿਨ ਮੰਗਲਵਾਰ ਨੂੰ ਨਾਮਧਾਰੀ ਗੁਰਦੁਵਾਰਾ ਸੋਇ ਅਸੋਕ ਬੈਂਕੌਕ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਪਾਇਆ ਗਿਆ।

ਇਸ ਮੌਕੇ ਜਿਥੇ ਵਰਿਆਮ ਪਰੀਵਾਰ ਸੇਠ ਜੀ ਦੇ ਇਸ ਪਰੀਵਾਰ ਨਾਲ ਵਿਸ਼ੇਸ਼ ਨਿੱਜੀ ਪਿਆਰ ਅਤੇ ਮਿਲਵਰਤਣ ਨੂੰ ਯਾਦ ਕਰਦਾ ਹੈ। ਉਥੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਚ ਅਰਦਾਸ ਕਰਦਾ ਹੈ ਕਿ ਵਿਛੜੀ ਹੋਈ ਆਤਮਾ ਨੂੰ ਆਪਣੇ ਚਰਨਾਂ ਚ ਨਿਵਾਸ ਬਖਸ਼ਣ।

ਰਿਪੋਰਟ- ਅਦਾਰਾ ਵਰਿਆਮ


Namdhari Elibrary NamdhariElibrary@gmail.com

# ਨੋਬਲ ਪ੍ਰਾਈਜ਼ ਦਵਾਉਣ ਵਾਲੀਆਂ ਦਵਾਈਆਂ



*—ਡਾ. ਹਰਸ਼ਿੰਦਰ ਕੌਰ, ਐਮ. ਡੀ.*

ਸੰਨ 2015 ਦੇ ਵਿਚ ਤਿੰਨ ਜਣਿਆਂ ਵਿਚ ਵੰਡਿਆ ਜਾਣ ਵਾਲਾ ਨੋਬਲ ਪ੍ਰਾਈਜ਼ ਦੋ ਦਵਾਈਆਂ ਉੱਤੇ ਆਧਾਰਿਤ ਹੈ।

ਪਹਿਲੀ-'ਆਈਵਰਮੈਕਟਿਨ' ਤੇ ਦੂਜੀ-'ਆਰਟੀਮੈਸੀਨਿਨ।' 'ਕੈਂਪਬੈੱਲ' ਤੇ 'ਓਮੂਰਾ' ਨੇ ਆਈਵਰਮੈਕਟਿਨ ਦੀ ਖੋਜ ਕੀਤੀ ਤੇ 'ਯੂਯੂ ਟੂ' ਨੇ ਆਰਟੀਮੈਸੀਨਿਨ ਦੀ।

ਇਨ੍ਹਾਂ ਦਵਾਈਆਂ ਦੀ ਖੋਜ ਮਨੁੱਖਤਾ ਲਈ ਵਰਦਾਨ ਸਾਬਤ ਹੋ ਗਈ ਹੈ। ਦੁਨੀਆਂ ਭਰ ਵਿਚ ਕੀੜਿਆਂ ਰਾਹੀਂ ਹੋ ਰਹੀਆਂ ਬੀਮਾਰੀਆਂ ਨਾਲ ਕਰੋੜਾਂ ਲੋਕ ਪੀੜਤ ਹਨ। ਕੈਂਸਰ, ਸ਼ੂਗਰ, ਦਿਲ ਦੀਆਂ ਬੀਮਾਰੀਆਂ ਤੇ ਬਲੱਡ ਪ੍ਰੈੱਸ਼ਰ ਤੋਂ ਵੀ ਵੱਧ ਲੋਕ ਮਲੇਰੀਆ ਨਾਲ ਮੌਤ ਦੇ ਮੂੰਹ ਵਿਚ ਜਾ ਰਹੇ ਹਨ। ਇਸੇ ਲਈ ਇਹ ਖੋਜ ਬੜੀ ਮਹੱਤਵਪੂਰਨ ਸਾਬਤ ਹੋ ਗਈ ਹੈ।

'ਰਿਵਰ ਬਲਾਈਂਡਨੈੱਸ' ਬੀਮਾਰੀ ਤੇ 'ਲਿੰਫੈਟਿਕ ਫਾਈਲੇਰੀਏਸਿਸ' ਤੋਂ ਨਿਜਾਤ ਦਵਾਉਣ ਲਈ ਆਈਵਰਮੈਕਟਿਨ ਦਾ ਕਮਾਲ ਦਾ ਅਸਰ ਵੇਖਿਆ ਗਿਆ ਹੈ। ਦੂਜੇ ਪਾਸੇ ਮਲੇਰੀਆ ਨਾਲ ਹੋ ਰਹੀਆਂ ਮੌਤਾਂ ਆਰਟੀਮੈਸੀਨਿਨ ਦਵਾਈ ਸਦਕਾ ਬਹੁਤ ਜ਼ਿਆਦਾ ਘਟ ਹੋ ਗਈਆਂ ਹਨ।

ਉਂਕੋਸਰਕਾਇਸਿਸ ਜਾਂ ਰਿਵਰ ਬਲਾਈਂਡਨੈੱਸ ਬੀਮਾਰੀ ਵਿਚ ਉਂਕੋਸਰਕਾ ਕੀੜਾ, ਜੋ ਦਰਿਆ ਨੇੜੇ ਰਹਿੰਦੀਆਂ ਮੱਖੀਆਂ ਦੇ ਵੱਢਣ ਨਾਲ ਇਨਸਾਨੀ ਸਰੀਰ ਅੰਦਰ ਚਲਾ ਜਾਂਦਾ ਹੈ, ਪਹਿਲਾਂ ਚਮੜੀ ਵਿਚ ਤੇ ਫੇਰ ਅੱਖਾਂ ਅੰਦਰ ਪਹੁੰਚ ਕੇ ਅੱਖ ਦਾ ਹਰ ਹਿੱਸਾ ਤੇ ਦਿਮਾਗ਼ ਵੱਲੋਂ ਆਉਂਦੀ ਨਸ ਤਕ ਖ਼ਰਾਬ ਕਰ ਦਿੰਦਾ ਹੈ।

5 ਤੋਂ 15 ਸਾਲਾਂ ਦੇ ਬੱਚਿਆਂ ਵਿਚ ਇਸ ਕੀੜੇ ਕਾਰਨ ਦੌਰੇ ਵੀ ਪੈ ਜਾਂਦੇ ਹਨ। ਸੰਨ 1948 ਵਿਚ ਉਂਕੋਸਰਕਾਇਸਿਸ ਦੀ ਬੀਮਾਰੀ ਲਈ ਵਰਤੀ ਜਾਂਦੀ ਦਵਾਈ 'ਡਾਈਈਥਾਈਲ ਕਾਰਬਾਮਾਜ਼ੀਨ' ਨਾਲ ਮਰੀਜ਼ਾਂ ਨੂੰ ਜੋੜਾਂ ਦੀਆਂ ਦਰਦਾਂ, ਪੋਰਾਂ ਉੱਤੇ ਸੋਜਿਸ਼, ਬਲੱਡ ਪ੍ਰੈੱਸ਼ਰ ਦਾ ਘਟਣਾ, ਢਿੱਡ ਪੀੜ ਆਦਿ ਬਹੁਤ ਕੁੱਝ ਵੇਖਣ ਨੂੰ ਮਿਲਦਾ ਸੀ।

ਲਗਭਗ 25 ਮਿਲੀਅਨ ਲੋਕ ਇਸ ਵੇਲੇ ਇਸ ਬੀਮਾਰੀ ਸਦਕਾ ਹਮੇਸ਼ਾ ਲਈ ਅੰਨ੍ਹੇ ਹੋ ਚੁੱਕੇ ਹਨ ਤੇ ਇਕ ਮਿਲੀਅਨ ਦੇ ਨੇੜੇ ਤੇੜੇ ਦੀ ਬਹੁਤ ਘੱਟ ਨਜ਼ਰ ਰਹਿ ਚੁੱਕੀ ਹੈ। ਇਨ੍ਹਾਂ ਤੋਂ ਇਲਾਵਾ ਲਗਭਗ 37 ਮਿਲੀਅਨ ਲੋਕਾਂ ਦੇ ਸਰੀਰ ਅੰਦਰ ਇਹ ਕੀੜਾ ਵੜਿਆ ਪਿਆ ਹੈ। ਦੋ ਸੌ ਮਿਲੀਅਨ ਲੋਕ ਦੁਨੀਆਂ ਭਰ ਵਿਚ ਇਸ ਕੀੜੇ ਦੇ ਕਹਿਰ ਹੇਠ ਜੀਅ ਰਹੇ ਹਨ ਜਿਨ੍ਹਾਂ ਦੇ ਸਰੀਰ ਅੰਦਰ ਕਿਸੇ ਵੀ ਵੇਲੇ ਇਹ ਕੀੜਾ ਵੜ ਸਕਦਾ ਹੈ।

ਆਈਵਰਮੈਕਟਿਨ ਦਵਾਈ ਦੇ ਈਜਾਦ ਹੋਣ ਨਾਲ ਸੰਨ 2002 ਤੋਂ ਬਾਅਦ ਇਕ ਵੀ ਮੌਤ ਇਸ ਬੀਮਾਰੀ ਨਾਲ ਨਹੀਂ ਹੋਈ। ਕਰੋੜਾਂ ਲੋਕ ਅੰਨ੍ਹੇ ਹੋਣ ਤੋਂ ਬਚ ਗਏ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਅਨੁਸਾਰ ਇਹ ਬੀਮਾਰੀ ਜਿਸ ਵੀ ਬੰਦੇ ਨੂੰ ਹੋ ਜਾਏ, ਉਸ ਦੀ ਉਮਰ 13 ਸਾਲ ਘੱਟ ਕਰ ਦਿੰਦੀ ਹੈ।

ਸਪਸ਼ਟ ਹੈ ਕਿ ਮਨੁੱਖਤਾ ਦੇ ਭਲੇ ਵਾਸਤੇ ਲੱਭੀ ਇਸ ਦਵਾਈ ਦਾ ਸਿਹਰਾ ਜਿਨ੍ਹਾਂ ਬੰਦਿਆਂ ਉੱਤੇ ਜਾਂਦਾ ਹੈ, ਉਨ੍ਹਾਂ ਨੂੰ ਨੋਬਲ ਪ੍ਰਾਈਜ਼ ਮਿਲਣਾ ਹੀ ਚਾਹੀਦਾ ਸੀ।

ਗੌਰਤਲਬ ਹੈ ਕਿ ਹਾਲੇ ਵੀ 10 ਲੱਖ ਦੇ ਕਰੀਬ ਲੋਕ ਹਨ, ਜਿਨ੍ਹਾਂ ਦੇ ਸਰੀਰ ਅੰਦਰੋਂ ਕੀੜਾ ਭਾਵੇਂ ਮਰ ਗਿਆ ਹੈ, ਪਰ ਫਿਰ ਵੀ ਉਸ ਤੋਂ ਹੋ ਚੁੱਕੀਆਂ ਬੀਮਾਰੀਆਂ ਨਾਲ ਜੂਝ ਰਹੇ ਹਨ। ਜ਼ਿਆਦਾਤਰ ਇਹ ਬੀਮਾਰੀ ਅਫ਼ਰੀਕਾ ਵਿਚ ਪਾਈ ਜਾਂਦੀ ਹੈ।

ਮਲੇਰੀਏ ਨਾਲ ਹੋ ਰਹੀਆਂ ਅਣਗਿਣਤ ਮੌਤਾਂ ਤੇ ਕੁਨੀਨ ਦੇ ਨਾਲ-ਨਾਲ ਕਲੋਰੋਕੁਇਨ ਨਾਲ ਪੂਰੀ ਤਰ੍ਹਾਂ ਕਾਬੂ ਨਾ ਕਰ ਸਕਣ ਦੇ ਸਦਕਾ ਮੌਤਾਂ ਵਿਚ ਵਾਧਾ ਹੁੰਦਾ ਜਾ ਰਿਹਾ ਸੀ। ਯੂਯੂ ਟੂ ਨੇ ਚੀਨ ਵਿਚ 'ਆਰਟੀਮੀਸੀਆ ਬੂਟੇ' ਵਿੱਚੋਂ ਦਵਾਈ ਕੱਢੀ ਜਿਸ ਨੂੰ 'ਆਰਟੀਮੈਸੀਨਿਨ' ਦਾ ਨਾਂ ਦਿੱਤਾ ਤੇ ਉਸ ਦੀ ਵਰਤੋਂ ਨਾਲ ਕਰੋੜਾਂ ਜਾਨਾਂ ਬਚਾਈਆਂ ਜਾ ਸਕੀਆਂ ਤੇ ਹੁਣ ਵੀ ਬਚਾਈਆਂ ਜਾ ਰਹੀਆਂ ਹਨ। ਮਲੇਰੀਆ ਭਾਵੇਂ ਖ਼ਤਮ ਨਹੀਂ ਕੀਤਾ ਜਾ ਸਕਿਆ ਪਰ ਹਰ ਸਾਲ 200 ਮਿਲੀਅਨ ਬੰਦੇ ਜੋ ਮਲੇਰੀਆ ਦੇ ਸ਼ਿਕਾਰ ਹੋ ਰਹੇ ਹਨ, ਉਨ੍ਹਾਂ ਨੂੰ ਆਰਟੀਮੈਸੀਨਿਨ ਦਵਾਈ ਨਾਲ ਬਚਾਇਆ ਜਾ ਰਿਹਾ ਹੈ। ਬੱਚਿਆਂ ਵਿਚ 30 ਪ੍ਰਤੀਸ਼ਤ ਤੋਂ ਵੱਧ ਤੇ ਵੱਡਿਆਂ ਵਿਚ 20 ਪ੍ਰਤੀਸ਼ਤ ਤੋਂ ਵੱਧ ਮਲੇਰੀਏ ਦੇ ਮਰੀਜ਼ ਬਚ ਰਹੇ ਹਨ।

ਇਕੱਲੇ ਅਫ਼ਰੀਕਾ ਵਿਚ ਹਰ ਸਾਲ ਇਕ ਲੱਖ ਮਲੇਰੀਏ ਦੇ ਮਰੀਜ਼ ਆਰਟੀਮੈਸੀਨਿਨ ਵਰਤਣ ਨਾਲ ਬਚ ਰਹੇ ਹਨ।

ਮਨੁੱਖਤਾ ਦੀ ਭਲਾਈ ਦੇ ਇਸ ਕਾਰਜ ਲਈ ਯਕੀਨਨ ਯੂਯੂ ਟੂ ਨੋਬਲ ਪ੍ਰਾਈਜ਼ ਦੀ ਹੱਕਦਾਰ ਬਣ ਜਾਂਦੀ ਹੈ।

ਆਓ ਹੁਣ ਇਨ੍ਹਾਂ ਨੋਬਲ ਪ੍ਰਾਈਜ਼ ਲੈਣ ਵਾਲਿਆਂ ਬਾਰੇ ਵੀ ਕੁੱਝ ਜਾਣੀਏ।

1. **ਵਿਲੀਅਮ ਕੈਂਪਬੈੱਲ** :- ਸੰਨ 1930 ਵਿਚ ਆਇਰਲੈਂਡ ਵਿਚ ਜੰਮਿਆ ਕੈਂਪਬੈੱਲ, ਯੂਨੀਵਰਸਿਟੀ ਆਫ਼ ਡੂਬਲਿਨ ਤੋਂ ਬੀ.ਏ ਕਰਨ ਬਾਅਦ ਅਮਰੀਕਾ ਦੀ ਯੂਨੀਵਰਸਿਟੀ ਆਫ਼ ਵਿਨਕੌਂਸਿਨ ਤੋਂ ਪੀ.ਐੱਚ.ਡੀ ਕਰਨ ਲਈ ਗਿਆ। ਸੰਨ 1957 ਤੋਂ 1990 ਤੱਕ ਉਹ ਮਰਕ ਇਂਸਟੀਚਿਊਟ ਫਾਰ ਥੈਰਾਪਿਊਟਿਕ ਰੀਸਰਚ ਵਿਚ ਖੋਜ ਕਰਦਾ ਰਿਹਾ। ਹੁਣ ਅਮਰੀਕਾ ਦੀ ਡਰਿਊ ਯੂਨੀਵਰਸਿਟੀ ਵਿਚ ਫੈਲੋ ਐਮਰੀਟਸ ਵਜੋਂ ਕੰਮ ਕਰ ਰਿਹਾ ਹੈ।

2. **ਸਾਤੋਸ਼ੀ ਓਮੂਰਾ** :- ਸੰਨ 1935 ਵਿਚ ਜਪਾਨ ਵਿਚ ਜੰਮਿਆ ਓਮੂਰਾ, ਯੂਨੀਵਰਸਿਟੀ ਆਫ਼ ਟੋਕਿਓ ਵਿੱਚੋਂ 1968 ਵਿਚ ਪੀ.ਐੱਚ.ਡੀ ਕਰ ਕੇ, ਦੂਜੀ ਪੀ.ਐੱਚ.ਡੀ ਯੂਨੀਵਰਸਿਟੀ ਆਫ਼ ਸਾਇੰਸ ਵਿਚ ਕਰਨ ਗਿਆ। ਕਿਟਾਸਾਟੋ ਯੂਨੀਵਰਸਿਟੀ ਵਿਚ 1975 ਤੋਂ 2007 ਤਕ ਪ੍ਰੋਫੈੱਸਰ ਵਜੋਂ ਕੰਮ ਕਰ ਕੇ, ਹੁਣ ਉੱਥੇ ਹੀ ਪ੍ਰੋਫੈੱਸਰ ਐਮਰੀਟਸ ਵਜੋਂ ਸੇਵਾ ਨਿਭਾਅ ਰਿਹਾ ਹੈ।

3. **ਯੂਯੂ ਟੂ** :- ਚੀਨ ਵਿਚ ਸੰਨ 1930 ਵਿਚ ਜੰਮੀ ਯੂਯੂ ਨੇ 1955 ਵਿਚ ਬੀਜਿੰਗ ਮੈਡੀਕਲ ਯੂਨੀਵਰਸਿਟੀ ਤੋਂ ਪੜ੍ਹ ਕੇ ਸੰਨ 1979 ਤੋਂ 1984 ਤਕ ਬਤੌਰ ਸਹਾਇਕ ਪ੍ਰੋਫੈੱਸਰ ਵਜੋਂ ਨੌਕਰੀ ਕੀਤੀ ਤੇ

ਫੇਰ ਸੰਨ 1985 ਤੋਂ ਬਤੌਰ ਪ੍ਰੋਫੈੱਸਰ। ਸੰਨ 2000 ਤੋਂ ਬਤੌਰ ਚੀਫ਼ ਪ੍ਰੋਫੈੱਸਰ, ਚਾਈਨਾ ਅਕਾਦਮੀ ਆਫ਼ ਟਰਾਡੀਸ਼ਨਲ ਚਾਈਨੀਜ਼ ਮੈਡੀਸਨ ਵਿਖੇ ਕੰਮ ਕਰ ਰਹੀ ਹੈ।

ਇਨ੍ਹਾਂ ਨੋਬਲ ਪੁਰਸਕਾਰ ਜੇਤੂਆਂ ਨੂੰ ਸਮੂਹ ਮਨੁੱਖਤਾ ਵੱਲੋਂ ਸਲਾਮ !!


*ਬੱਚਿਆਂ ਦੀ ਮਾਹਿਰ, 28, ਪ੍ਰੀਤ ਨਗਰ,*

*ਲੋਅਰ ਮਾਲ, ਪਟਿਆਲਾ।*

*ਫੋਨ ਨੰ: 0175-2216783*




Namdhari Elibrary namdhariElibrary@gmail

# ਪ੍ਰਗਟੇ ਗੋਪਾਲ ਲਾਲ ਸਤਿਗੁਰੂ ਰਾਮ ਸਿੰਘ



*—ਕਵੀਸ਼ਰ ਗੁਰਸੇਵਕ ਸਿੰਘ*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿੱਚ ਆਉਣ ਬਾਰੇ ਭਵਿੱਖਤ ਵਾਕ :-

ਸ੍ਰੀ ਗੁਰੂ ਜੀ ਨੇ ਭਾਈ ਨੰਦ ਸਿੰਘ ਜੀ ਨਾਲ ਬਚਨ ਕਰਦਿਆਂ ਫੁਰਮਾਇਆ ਕਿ:

"ਨੰਦ ਸਿੰਘ ਸੁਣ ਤੋਹਿ ਸੁਨਾਊਂ, ਤੇਰੇ ਮਨ ਦਾ ਭਰਮ ਮਿਟਾਊਂ,

ਇੱਕ ਦਸਮੋ ਗੁਰ ਹੋਇ ਅਵਤਾਰਾ, ਹੋਵੈ ਨਹਿ ਪ੍ਰਗਟ ਸੰਸਾਰਾ।"

ਇਸ ਤੋਂ ਬਾਅਦ ਸਮਾ ਪਾ ਕੇ ਰਾਮ ਸਿੰਘ ਨਾਮ ਵਾਲਾ ਮੇਰਾ ਅੰਸ਼ਿਕ ਅਵਤਾਰ ਹੋਵੇਗਾ, ਜਿਹਾ ਕਿ:-

ਰਾਮ ਸਿੰਘ ਮੇਰੇ ਹੋਇ ਨਾਮਾ
ਬਾਢੀ ਸੁਤ ਭੈਣੀ ਕੋ ਧਾਮਾ

ਅਰਥਾਤ:- ਰਾਮ ਸਿੰਘ ਵਿੱਚ ਆਕੇ ਮੈਂ ਸਤਿਜੁਗੀ ਮਰਯਾਦਾ ਦਾ ਕਰੜਾ ਮਾਰਗ (ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕੀਤੇ ਵਾਕਾਂ ਅਨੁਸਾਰ ਕਿ ਬੱਚਾ ਅਜਿੱਤਿਆ ਬਾਰ੍ਹਵਾਂ ਜਾਮਾ ਬੜਾ ਕਰੜਾ ਮਾਰਗ ਦੱਸੇਗਾ, ਸੂਲੀ ਸ਼ਬਦ ਉਚਰੇਗਾ1 ਅਥਵਾ:- "ਕਲਯੁਗ ਮੈ ਸਤਿਜੁਗ ਵਰਤਾਊ, ਤਬੀ ਬਾਰ੍ਹਵਾਂ ਥਪ ਕਹਾਊਂ"

ਸਗੋਂ ਭਾਈ ਨੰਦ ਸਿੰਘ ਸੁਣ:- " ਰਾਮ ਸਿੰਘ ਉਠੈ ਨੀਚਨ ਡਰੈ, ਅਵਨੀ ਏਕ ਰਸੋਈ ਕਰੈ"

ਇਤਿਆਦਿਕ ਬਚਨ ਕੀਤੇ। ਸਮਾਂ ਆਉਣ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖੀ ਪਤਿਤ ਹੋਈ, ਧਰਮ ਸਥਿਰ ਨਾ ਰਿਹਾ। ਸਿੱਖਾਂ ਵਿੱਚ ਫੁੱਟ ਪੈ ਗਈ। ਉਸ ਵੇਲੇ ਦੇ ਹਾਲਾਤਾਂ ਨੂੰ ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਲਿਖਦੇ ਹਨ।

ਸਮੇਂ ਦੀ ਕੁਚਾਲ ਨੇ ਭੁਚਾਲ ਆਂਦਾ ਦੇਸ਼ ਵਿੱਚ
ਸਿੰਘ ਨਾ ਸੰਭਾਲ ਸਕੇ ਰਾਜ ਸਾਜ ਭਾਰਾ ਸੀ।
ਭਾਰਾ ਹੈਸੀ ਰੋਗ ਸੋਗ ਫੁੱਟ ਮਾਰੇ ਕੁੱਟ ਕੁੱਟ
ਪੁੱਟ ਪੁੱਟ ਬਾਗ ਸਤਲੁੱਜ ਬੀਜ ਡਾਰਾ ਸੀ।
ਡਾਰਾ ਸੀ ਗਵਾਂਢੀਆਂ ਨੇ ਜਾਲ ਆ ਬਸਾਲ ਸਾਰੇ
ਘਰ ਘਰ ਪੈਰ ਆ ਪਾਖੰਡ ਨੇ ਪਸਾਰਾ ਸੀ।
ਸਾਰਾ ਸੀ ਕਰਤਾਰ ਸਿੰਘ ਕਿਸੇ ਭੀ ਨਾ ਕਾਜ ਕੋਈ
ਚੱਲਕੇ ਕੁਪੰਥ ਪੰਥ ਰਾਜ ਭਾਗ ਹਾਰਾ ਸੀ।

ਲੋਕਾਂ ਨੇ ਸ੍ਰੀ ਕਲਗੀਧਰ ਜੀ ਦੀ ਸਿੱਖੀ ਨੂੰ ਤਿਆਗ ਦਿੱਤਾ ਕੁਧਰਮ ਵੱਲ ਧਿਆਨ ਹੋ ਗਿਆ। ਧਰਮ ਦੀਆਂ ਸ਼ੈਤਾਨ ਲੋਕਾਂ ਨੇ ਧਜੀਆਂ ਉਡਾ ਦਿੱਤੀਆ। ਘਰ ਘਰ ਵਿੱਚ ਪਾਖੰਡ ਦਾ ਪਸਾਰਾ ਹੋ ਗਿਆ। ਪਾਪਾਂ ਦੇ ਭਾਰ ਥੱਲੇ ਦੱਬੀ ਹੋਈ ਧਰਤੀ ਕੁਰਲਾ ਉੱਠੀ। ਕੁਰਲਾਉਂਦੀ ਹੋਈ ਧਰਤੀ ਦੀ ਪੁਕਾਰ ਸੁਣਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ ਹੋਇਆ। ਅਕਾਲ ਪੁਰਖ ਦੀ ਆਗਿਆ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਹੋਇਆ। ਕਵੀ ਲਿਖਦਾ ਹੈ:

ਗੁਰੂ ਦਸ਼ਮੇਸ਼ ਜੀ ਦੇ ਪਿੱਛੋਂ ਜਦੋਂ ਖਾਲਸੇ ਨੇ
ਛੱਡ ਦਿੱਤਾ ਰਾਹ ਤੇ ਕੁਰਾਹਾ ਆਣ ਮੱਲਿਆ।
ਬੁਰਛਿਆਂ ਨੇ ਲੁੱਟ ਮਾਰ ਦੇਸ਼ ਵਿੱਚ ਖੂਬ ਕੀਤੀ
ਗਰੀਬਾਂ ਨੂੰ ਮਾਰਿਆ ਬੇਦੋਸ਼ਿਆ ਨੂੰ ਦਬਾਲਿਆ।
ਅੱਤ ਦਾ ਤੇ ਖੁਦਾ ਦਾ ਹੈ ਵੈਰ ਮਸ਼ਹੂਰ ਧੁਰੋ
ਸਤਿਗੁਰੂ ਨੇ ਉਹਨਾਂ ਦਾ ਵੀ ਤਖਤਾ ਉਥੱਲਿਆ।
ਫੇਰ ਕਲਜੁਗ ਵਿੱਚ ਸਤਯੁੱਗ ਲਾਵਣੇ ਲਈ
ਓਸੇ ਨਿੱਜ ਰੂਪ ਗੁਰੂ ਰਾਮ ਸਿੰਘ ਘੱਲਿਆ।

ਕਹਿੰਦੇ ਹਨ ਕਿ ਅੱਤ ਦਾ ਤੇ ਖੁਦਾ ਦਾ ਵੈਰ ਧੁਰ ਤੋਂ ਹੀ ਚੱਲਿਆ ਆਉਂਦਾ ਹੈ। ਅੱਤ ਦਾ ਅੰਤ ਕਰਨ ਵਾਸਤੇ ਅਕਾਲ ਪੁਰਖ ਨੇ ਇੱਕ ਨੂਰਾਨੀ ਜੋਤ ਧਰਤੀ ਤੇ ਭੇਜ ਦਿੱਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਿਵਾਰ ਬਾਰੇ ਪੁਰਾਤਨ ਜਾਣਕਾਰੀ ਇਸ ਤਰ੍ਹਾਂ ਮਿਲਦੀ ਹੈ :

ਅਲਵਰ ਰਿਆਸਤ (ਮਠਾੜੂ ਗੋਤ) ਅਲਵਰ ਤੋਂ ਵੱਡੀ ਲਲਤੋਂ ਆ ਗਏ। ਬਾਬਾ ਹਰਸਾ ਸਿੰਘ ਤੇ ਇਸਦੀ ਇਸਤਰੀ ਪ੍ਰੇਮਾ ਤੇ ਗੁਰਸਾ ਸਿੰਘ ਤੇ ਇਸਦੀ ਇਸਤਰੀ ਨੰਦ ਤੇ ਸੋਹਲ ਸਿੰਘ ਤੇ ਇਸਦੀ ਇਸਤਰੀ ਭਾਗੋ ਤੇ ਬਾਬਾ ਲੱਧਾ ਸਿੰਘ ਤੇ ਇਸਦੀ ਧਨ ਦੇਈ ਇਸਤਰੀ ਤੋਂ ਚਾਰ ਪੁੱਤਰ ਹੋਏ, ਜੱਸਾ ਸਿੰਘ, ਨੱਥਾ ਸਿੰਘ, ਸਾਹਿਬ ਸਿੰਘ, ਤੇ ਸਰਵਣ ਸਿੰਘ। ਇਹ ਸਾਰਾ ਪਰਿਵਾਰ ਪਿੰਡ ਵੱਡੀ ਲਲਤੋਂ ਰਹਿੰਦਾ ਸੀ ਤੇ ਲੁਹਾਰਾਂ ਤਰਖਾਣਾਂ ਦਾ ਕੰਮ ਕਰਦਾ ਸੀ। ਰਾਈਆਂ ਪਿੰਡ ਦੇ ਚੈਨ ਸਿੰਘਾ ਨੰਬਰਦਾਰ ਨੇ ਲੋੜ ਮੁਤਾਬਕ ਬਾਬਾ ਲੱਧਾ ਸਿੰਘ ਜੀ ਅੱਗੇ ਜਾਕੇ ਅਰਜ ਕੀਤੀ ਕਿ ਸਾਡੇ ਪਿੰਡ ਲੁਹਾਰਾਂ ਤਰਖਾਣਾ ਦਾ ਕੰਮ ਕਰਨ ਵਾਲਾ ਕੋਈ ਮਿਸਤਰੀ ਨਹੀਂ ਹੈ। ਇਸਨੇ ਪੰਜ ਰੁਪਏ ਇੱਕ ਪੱਗ ਭੇਂਟ ਕੀਤੀ। ਤੇ ਬਾਬਾ ਲੱਧਾ


Namdhari Elibrary NamdhariElibrary@gmail.com

ਸਿੰਘ ਜੀ ਨੇ ਆਪਣੇ ਪੁੱਤਰ ਬਾਬਾ ਜੱਸਾ ਸਿੰਘ ਤੇ ਨੱਥਾ ਸਿੰਘ, ਲੰਬੜਦਾਰ ਚੈਨ ਸਿੰਘ ਦੇ ਨਾਲ ਪਿੰਡ ਰਾਈਆਂ ਤੋਰ ਦਿੱਤੇ। ਸ੍ਰੀ ਭੈਣੀਸਾਹਿਬ ਦੀ ਧਰਤੀ ਦਾ ਪਹਿਲਾ ਨਾਮ ਭੈਣੀ ਭੂੰਦੜ ਸੀ ਤੇ ਇਸ ਨੂੰ ਇੱਕ ਭੂੰਦੜ ਨਾਮ ਦੇ ਜਿਮੀਦਾਰ ਨੇ ਵਸਾਇਆ ਸੀ। ਤੇ ਇਹ ਭੈਣੀ ਭੂੰਦੜ ਹੋ ਗਿਆ। ਕੁਝ ਸਮੇਂ ਪਿੱਛੋਂ ਭੂੰਦੜ ਨਾਮ ਦਾ ਜਿਮੀਦਾਰ ਚੜਾਈ ਕਰ ਗਿਆ। ਉਸ ਤੋਂ ਬਾਅਦ ਇਸਨੂੰ ਆਲਾ ਨਾਮ ਦੇ ਜਿਮੀਦਾਰ ਨੇ ਵਸਾਇਆ। ਤੇ ਇਹ ਭੈਣੀ ਆਲਾ ਹੋ ਗਿਆ। ਏਥੇ ਹੀ ਬਾਬਾ ਜੱਸਾ ਸਿੰਘ ਦੇ ਗ੍ਰਹਿ ਵਿਖੇ ਮਾਤਾ ਸਦਾ ਕੌਰ ਨੂੰ ਵਧਾਈਆਂ ਹੋਈਆ ਤੇ ਸੰਨ 1816 ਈ: ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਹੋਇਆ ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਲਿਖਦੇ ਹਨ :

ਕਲਾ ਵਰਤਾਈ ਮਹਾਂਰਾਜ ਨੇ ਜਗਾਈ ਜੋਤਾ
ਭੈਣੀ ਪਿੰਡ ਵੀਚ ਭਯੋ ਭਾਨ ਉਜਿਯਾਰਾ ਸੀ।
ਪੂਰਨ ਪ੍ਰਤਾਪੀ ਨਾਮ ਜਾਪੀ ਥਾਪੀ ਸਿੱਖੀ ਸਾਖ
ਸਿਦਕ ਭਰੋਸੇ ਤੋਸੇ ਬੋਲ ਤੋਲ ਭਾਰਾ ਸੀ।
ਭਾਰਾ ਸੀ ਜਮਾਲ ਤੇ ਕਮਾਲ ਦੀ ਤਾਸੀਰ ਭਾਰੀ
ਨਾਮ ਦਾ ਬਜਾਯਾ ਸਾਰੇ ਜੱਗ ਤੇ ਨਗਾਰਾ ਸੀ।
ਗਾਰਾ ਸੀ ਕਰਤਾਰ ਸਿੰਘਾ ਗੁਰੂ ਰਾਮ ਸਿੰਘ ਜੀ ਨੇ
ਕਾਮ ਕਰੋਧ ਲੋਭ ਮੋਹ ਦੁਸਟ ਅਹੰਕਾਰਾ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਸਮੇਂ ਹੈਰਾਨ ਕਰਨ ਵਾਲਾ ਕੌਤਕ ਵਰਤਿਆ। ਜਿਸ ਕਮਰੇ ਵਿੱਚ ਮਾਤਾ ਸਦਾ ਕੌਰ ਜੀ ਸਨ ਉਸ ਕਮਰੇ ਵਿੱਚ ਉਹਨਾਂ ਦੀ ਸੇਵਾ ਵਾਸਤੇ ਇੱਕ ਦਾਈ ਸੀ। ਜਿਸਦਾ ਨਾਮ ਸੀ ਰਹਿਮਤੋ। ਮਾਤਾ ਸਦਾ ਕੌਰ ਦੇ ਪੇਟੋਂ ਇੱਕ ਮਸ਼ਕ ਪੈਦਾ ਹੋਈ ਜਿਸ ਨੂੰ ਟੋਆ ਪੁੱਟ ਕੇ ਦੱਬ ਦਿੱਤਾ ਗਿਆ। ਕੁਝ ਚਿਰ ਮਗਰੋਂ ਦਾਈ ਆਪਣੇ ਘਰ ਚਲੀ ਗਈ। ਥੋੜੇ ਸਮੇਂ ਬਾਅਦ ਦਾਈ ਜਦੋਂ ਵਾਪਸ ਆਈ ਤਾ ਉਸਨੇ ਵੇਖਿਆ ਮਾਤਾ ਸਦਾ ਕੌਰ ਜੀ ਵਾਲੇ ਕਮਰੇ ਵਿੱਚ ਪ੍ਰਕਾਸ਼ ਹੈ। ਇਹ ਕੋਈ ਸਾਧਾਰਣ ਪ੍ਰਕਾਸ਼ ਨਹੀਂ ਸੀ ਸਗੋਂ ਨੂਰੀ ਪ੍ਰਕਾਸ਼ ਸੀ। ਦਾਈ ਵੇਖਕੇ ਹੈਰਾਨ ਹੋ ਗਈ। ਇੱਕ ਸੁੰਦਰ ਬਾਲਕ ਮਾਤਾ ਸਦਾ ਕੌਰ ਜੀ ਦੇ ਨਾਲ ਖੇਡਦਾ ਪਿਆ ਸੀ। ਦਾਈ ਨੇ ਕੋਠੇ ਤੇ ਚੜਕੇ ਪਲੂ ਫੇਰਿਆ ਤੇ ਹੋਕਾ ਦਿੱਤਾ— ਪਿੰਡ ਵਾਲਿਓ ਜੱਸਾ ਸਿੰਘ ਦਾ ਬਾਲਕ ਖਾਕੀ ਨਹੀਂ ਨੂਰੀ ਹੈ। ਜਦੋਂ ਸਾਰੇ ਪਿੰਡ ਨੂੰ ਸ੍ਰੀ ਸਤਿਗੁਰੂ ਜੀ ਦੇ ਅਵਤਾਰ ਦਾ ਪਤਾ ਲੱਗਾ ਤਾਂ ਮਾਤਾ ਸਦਾ ਕੌਰ ਜੀ ਅਤੇ ਪਿਤਾ ਜੱਸਾ ਸਿੰਘ ਨੂੰ ਵਧਾਈਆਂ ਮਿਲਣ ਲੱਗ ਪਈਆਂ। ਇੱਕ ਸ਼ਾਇਰ ਲਿਖਦਾ ਹੈ:

ਸੋਹਣਿਆਂ ਦੇ ਸੋਹਣੇ ਸੁਲਤਾਨ ਗੁਰੂ ਰਾਮ ਸਿੰਘ
ਰੱਬੀ ਜੋਤ ਸ੍ਰੀ ਭੈਣੀ ਸਾਹਿਬ ਪ੍ਰਗਟਾਈ ਏ।
ਸਦਾ ਕੌਰ ਮਾਤਾ ਪਿਤਾ ਜੱਸਾ ਸਿੰਘ ਜੀ ਦੇ ਘਰ
ਅਰਸ਼ਾਂ ਦੀ ਮੂਰਤੀ ਏ ਧਰਤੀ ਤੇ ਆਈ ਏ।
ਪੰਚਮੀ ਪਿਆਰੀ ਦੀ ਨਿਆਰੀ ਸ਼ਾਨ ਅੱਜ ਹੋਈ
ਪਹਿਨ ਕੇ ਬਸੰਤੀ ਸਾੜ੍ਹੀ ਫੁੱਲੀ ਨਾ ਸਮਾਈ ਏ।
ਪ੍ਰਗਟੇ ਗੋਪਾਲ ਲਾਲ ਸਤਿਗੁਰੂ ਰਾਮ ਸਿੰਘ
ਨਾਮਧਾਰੀ ਪੰਥ ਨੂੰ ਵਧਾਈ ਏ ਵਧਾਈ ਏ

ਸਤਿਗੁਰੂ ਰਾਮ ਸਿੰਘ ਜੀ ਵੱਲੋਂ ਕੀਤੇ ਗਏ ਉਪਕਾਰਾਂ ਦੇ ਕੁਝ ਸੰਕੇਤ ਇਸ ਪ੍ਰਕਾਰ ਹਨ।

1. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਸਮ ਪਾਤਸ਼ਾਹ ਤੋਂ ਬਾਅਦ ਪਤਿਤ ਹੋਈ ਸਿੱਖੀ ਨੂੰ ਪਵਿੱਤਰ ਕਰਨ ਵਾਸਤੇ ਪੁਰਜ਼ੋਰ ਯਤਨ ਆਰੰਭ ਕੀਤੇ। ਸ੍ਰੀ ਗੁਰੂ ਜੀ ਨੂੰ ਦਸਮ ਪਾਤਸ਼ਾਹ ਦੇ ਵੇਲੇ ਦੇ ਢਾਈ ਸਿੱਖ ਮਿਲੇ— ਬਾਬਾ ਜਮੀਤ ਸਿੰਘ ਕਾਨੇ ਕੱਛ, ਬਾਬਾ ਲਹਿਣਾ ਸਿੰਘ ਘਰਜਾਖ (ਜਰਨੈਲ ਹਰੀ ਸਿੰਘ ਨਲੂਏ ਦੇ ਜਵਾਈ ਸਨ), ਬਾਬਾ ਜਮੀਤ ਸਿੰਘ ਗਿੱਲਾਂ ਵਾਲੇ ਜੋ ਵਿਆਜ ਲੈਣ ਕਰਕੇ ਅੱਧੇ ਗਿਣੇ ਗਏ। ਮੋਈ ਹੋਈ ਸਿੱਖੀ ਨੂੰ ਸੁਰਜੀਤ ਕਰਨ ਵਾਸਤੇ ਆਪ ਜੀ ਨੇ 12 ਅਪ੍ਰੈਲ ਸੰਨ 1857 ਈ: ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਦੀ ਪਾਵਨ ਪਵਿੱਤਰ ਧਰਤੀ ਤੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ। ਪੰਜ ਪਿਆਰਿਆਂ ਦੀ ਸਿਰਜਣਾ ਕੀਤੀ ਜਿੰਨ੍ਹਾਂ ਦੇ ਨਾਮ ਸਨ—

1. ਭਾਈ ਲਾਭ ਸਿੰਘ(ਅੰਮ੍ਰਿਤਸਰ)
2. ਬਾਬਾ ਆਤਮਾ ਸਿੰਘ (ਆਲੋਮੁਹਾਰ)
3. ਬਾਬਾ ਕਾਹਨ ਸਿੰਘ (ਚੱਕ ਮਲੇਰ ਕੋਟਲਾ)
4. ਬਾਬਾ ਨੈਣਾ ਸਿੰਘ (ਵਰਿਆਂਹ)
5. ਭਾਈ ਸੁੱਧ ਸਿੰਘ (ਮਢੌਰ ਅੰਬਾਲਾ)

ਇਹ ਪੰਜ ਪਿਆਰੇ ਸਾਜ ਕੇ ਸੰਤ ਖ਼ਾਲਸੇ ਦੀ ਨੀਹ ਰੱਖੀ।

2. 1 ਜੂਨ ਸੰਨ 1863 ਈ: ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿਆੜ ਪਿੰਡ ਵਿਖੇ ਮਾਈਆਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ। ਕਛਹਿਰੇ ਧਾਰਨ ਕਰਵਾਏ। ਗੁਰਮੁਖੀ ਅਨੁਸਾਰ ਕਾਰਜ ਕਰਨ ਵਾਸਤੇ ਪ੍ਰੇਰਨਾ ਦਿੱਤੀ।

3. 3 ਜੂਨ 1863 ਈ: ਨੂੰ ਖੋਟੇ ਪਿੰਡ ਗੁਰਮਤਿ ਮਰਿਯਾਦਾ ਅਨੁਸਾਰ 6 ਆਨੰਦ ਕਾਰਜ ਕੀਤੇ।

4. ਗੁਰਮਤਿ ਦਾ ਪ੍ਰਚਾਰ ਕਰਨ ਵਾਸਤੇ 22 ਸੂਬੇ ਸਥਾਪਿਤ ਕੀਤੇ।

ਸੂਬੇ ਕੀਨੇ ਬਾਈ ਤਿਨ ਅਕਬਰਸ਼ਾਹ ਕੀ ਨਿਆਈ

ਇਹਨਾਂ ਤੋਂ ਇਲਾਵਾ ਪੰਜਾਬ ਤੋਂ ਬਾਹਰ ਚਾਰ ਹੋਰ ਆਗੂ ਵੀ ਨਿਯੁਕਤ ਕੀਤੇ।


NamdhariElibrary NamdhariElibrary@gmail.com

ਮਾਈਆਂ ਵਿੱਚੋਂ ਮਾਤਾ ਹੁਕਮੀ ਵਰਿਆਂਹ ਵਾਲੀ ਨੂੰ ਸੂਬਾ ਥਾਪਿਆ ਜੋ ਮਰਦਾਵੇਂ ਲਿਬਾਸ ਵਿੱਚ ਦੌਰੇ ਤੇ ਪ੍ਰਚਾਰ ਕਰਦੀ ਸੀ। ਇਨ੍ਹਾਂ ਦੇ ਪ੍ਰਚਾਰ ਤੇ ਪ੍ਰਭਾਵ ਨਾਲ ਹੀ ਸਮਾਂ ਪਾ ਕੇ ਨਾਭੇ ਵਾਲੇ ਮਹਾਰਾਜਾ ਰਿਪੁਦਮਨ ਸਿੰਘ ਤੇ ਉਸਦੀ ਰਾਣੀ ਨੇ ਭਜਨ ਪੁੱਛਿਆ ਸੀ ਤੇ ਪੁਤਰ ਦਾ ਵਰਦਾਨ ਪ੍ਰਾਪਤ ਕੀਤਾ ਸੀ। ਇਹਨਾਂ ਸੂਬਿਆਂ ਬਾਬਤ ਭਾਈ ਚੰਦਾ ਸਿੰਘ ਲਿਖਦੇ ਹਨ:

ਸੁਣ ਭਾਈ ਚੰਦਾ ਸਿੰਘ ਗੱਲ ਮਾਰ
ਸਤਿਗੁਰ ਆ ਬੈਠੇ ਘਰ ਬਾਰ।
ਕੀਤੇ ਸੂਬੇ ਸਭ ਤਿਆਰ
ਜਿਹੜੇ ਆਦ ਅੰਤ ਦੇ ਯਾਰ।
ਯੁੱਗ ਯੁੱਗ ਧਾਰਨ ਨਾਲ ਅਵਤਾਰ
ਦਿੱਤੇ ਸਭ ਦੇਸ਼ਾਂ ਤੇ ਚਾੜ੍ਹ
ਜਾਕੇ ਆਵੋ ਕਾਜ ਸਵਾਰ
ਕਿਰਤ ਕਰਤਾਰ ਦੀ।

5. ਗੁਰਸਿੱਖੀ ਦੇ ਪ੍ਰਚਾਰ ਵਾਸਤੇ ਆਪ ਜੀ ਨੇ ਕੁਝ ਮਹੱਤਵਪੂਰਨ ਹੋਲੇ ਵੀ ਕੀਤੇ—

ਸੰਮਤ 1922:- ਹੋਲਾ ਪਿੰਡ ਖੋਟੇ ਫਿਰੋਜ਼ਪੁਰ
ਸੰਮਤ 1923:- ਹੋਲਾ ਅਨੰਦਪੁਰ ਸਾਹਿਬ
ਸੰਮਤ 1924:- ਹੋਲਾ ਭੈਣੀ ਸਾਹਿਬ
ਸੰਮਤ 1925:- ਹੋਲਾ ਮਾਨਾ ਵਾਲੇ
ਸੰਮਤ 1926:- ਹੋਲਾ ਫਿਰ ਸ੍ਰੀ ਭੈਣੀ ਸਾਹਿਬ
ਸੰਮਤ 1927:- ਹੋਲਾ ਦੂਜੀ ਵਾਰ ਅਨੰਦਪੁਰ ਸਾਹਿਬ

ਇਹਨਾਂ ਹੋਲਿਆਂ ਦੀ ਬਾਬਤ ਗੁਰਸਿੱਖੀ ਦਾ ਪ੍ਰਚਾਰ ਸਿਖਰਾਂ ਤੇ ਪਹੁੰਚ ਗਿਆ। ਤੇ ਸੰਤ ਖਾਲਸੇ ਦੀ ਗਿਣਤੀ ਵਿੱਚ ਲੱਖਾਂ ਦੇ ਹਿਸਾਬ ਨਾਲ ਵਾਧਾ ਹੋਇਆ।

6. ਅੰਗਰੇਜ਼ੀ ਵਸਤੂਆਂ ਦਾ ਬਾਈਕਾਟ ਕੀਤਾ

1) ਅੰਗਰੇਜ਼ ਦੀ ਕਚਹਿਰੀ ਨਹੀਂ ਜਾਣਾ
2) ਅੰਗਰੇਜ਼ ਦੇ ਸਕੂਲਾਂ ਵਿੱਚ ਪੜ੍ਹਾਈ ਨਹੀਂ ਕਰਨੀ
3) ਨਹਿਰਾਂ ਦਾ ਪਾਣੀ ਨਹੀਂ ਵਰਤਣਾ
4) ਡਾਕਖਾਨੇ ਦੀ ਵਰਤੋਂ ਦੀ ਮਨਾਹੀ ਕੀਤੀ
5) ਵਿਦੇਸ਼ੀ ਕੱਪੜਾ ਪਹਿਨਣ ਤੋਂ ਇਨਕਾਰ

7. ਜੰਮਦੀਆਂ ਲੜਕੀਆਂ ਨੂੰ ਮਾਰਨ ਤੇ ਰੋਕ, ਲੜਕੀਆਂ ਦਾ ਵੱਟਾ ਕਰਨਾ ਵੇਚਣ ਤੇ ਰੋਕ

8. ਬੱਚਿਆਂ ਨੂੰ ਗੁਰਮੁੱਖੀ ਅੱਖਰ ਪੜ੍ਹਨ ਵਾਸਤੇ ਪ੍ਰੇਰਤ ਕਰਨਾ।

ਇਸ ਤੋਂ ਇਲਾਵਾ ਜੰਮੂ, ਕਾਬਲ, ਰੂਸ, ਹੈਦਰਾਬਾਦ, ਲਖਨਊ, ਬਨਾਰਸ, ਗਵਾਲੀਅਰ, ਭੂਟਾਨ ਆਦ ਸਹਿਰਾਂ ਵਿੱਚ ਵੱਸਦੇ ਸਿੱਖਾਂ ਨਾਲ ਵੀ ਗੁਪਤ ਤੌਰ ਤੇ ਮੇਲ ਮਿਲਾਪ ਰੱਖਿਆ ਹੋਇਆ ਸੀ। ਇੱਕ ਅੰਗਰੇਜ਼ ਲੇਖਕ ਲਿਖਦਾ ਹੈ ਕਿ ਗੁਰੂ ਰਾਮ ਸਿੰਘ ਜੀ ਨੇ ਤਾਂਤੀਆ ਟੋਪੇ ਤੇ ਝਾਂਸੀ ਦੀ ਰਾਣੀ ਨਾਲ ਵੀ ਸਬੰਧ ਕਾਇਮ ਕੀਤੇ ਸਨ। ਸੋ ਉਪਰੋਕਤ ਵਿਚਾਰਾਂ ਤੋਂ ਪਤਾ ਲਗਦਾ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜ ਨੂੰ ਉੱਚਾ ਚੁੱਕਣ ਵਾਸਤੇ ਬਹੁਤ ਭਾਰੀ ਉਪਰਾਲੇ ਕੀਤੇ ਹਨ।

ਕਵੀਸ਼ਰ ਗੁਰਸੇਵਕ ਸਿੰਘ

## ਸਹਾਇਤਾ

| | | |
|---|---|---|
| ਹਰਮਿੰਦਰ ਸਿੰਘ ਚਾਨਾ | 100 | ਪੌਂਡ |
| ਕਿਰਪਾਲ ਸਿੰਘ ਚਾਨਾ | 100 | ,, |
| ਨਾਮਧਾਰੀ ਸਿੱਖ ਸੰਗਤ | 100 | ,, |
| ਉਸਤਾਦ ਹਰਭਜਨ ਸਿੰਘ | 50 | ,, |
| ਕਿਰਪਾਲ ਸਿੰਘ ਚਾਨਾ | 10 | ,, |
| ਅਰਜਨ ਤੇ ਕ੍ਰਿਸ਼ਨ ਤਾਰਾ ਸਿੰਘ | 20 | ,, |
| ਸੰਤ ਵਾਨਤ ਸਿੰਘ ਪਨੇਸਰ | 11 | ,, |
| ਨਵਤੇਜ ਸਿੰਘ ਸੱਗੂ | 15 | ,, |
| ਗੁਰਦਿਆਲ ਸਿੰਘ ਫਲੋਰਾ | 10 | ,, |

| | |
|---|---|
| - ਠੇਕੇਦਾਰ ਹਰਭਜਨ ਸਿੰਘ ਔਰੰਗਾਬਾਦ ਵਾਲਿਆਂ ਵਲੋਂ ਬਲਵੰਤ ਸਿੰਘ ਧਨੰਵਦ ਸਮੇਂ ਵਰਿਆਮ ਨੂੰ ਸਹਿਯੋਗ | -500 ਰੁਪੈ |
| ਠੇਕੇਦਾਰ ਸਾਧਾ ਸਿੰਘ ਜੀ (ਲਾਈਫ ਮੈਂਬਰ) ਮੰਡੀ ((ਹਿਮਾਚਲ ਪ੍ਰਦੇਸ਼) ਵਲੋਂ ਵਰਿਆਮ - ਦੀ ਚੜ੍ਹਦੀ ਕਲਾ ਵਾਸਤੇ- | 500 ਰੁਪੈ |
| ਸ੍ਰ. ਗੁਰਦੇਵ ਸਿੰਘ ਕਵੀਸ਼ਰ ਸ੍ਰੀ ਭੈਣੀ ਸਾਹਿਬ ਵਲੋਂ ਵਰਿਆਮ ਨੂੰ ਸਹਾਇਤਾ | -200 ਰੁਪੈ |
| - ਸੂਬਾ ਕਿਨਰੰਜਨ ਸਿੰਘ ਟਮਕੋਦੀ ਵਲੋਂ ਵਰਿਆਮ ਨੂੰ ਚੜ੍ਹਦੀ ਕਲਾ ਲਈ | -250 ਰੁਪੈ |
| - ਬੀਬੀ ਬਲਵੀਰ ਕੌਰ ਪਰਿਵਾਰ ਵਲੋਂ ਵਰਿਆਮ ਨੂੰ ਸਹਾਇਤਾ ਤਾਰਾ ਸਿੰਘ ਅਨਜਾਣ ਰਾਹੀ | -500 ਰੁਪੈ |
| - ਜਰਨੈਲ ਸਿੰਘ ਬੱਧਣ, ਜਲੰਧਰ ਵਲੋਂ ਵਰਿਆਮ ਨੂੰ ਸਹਿਯੋਗ | -1100 ਰੁਪੈ |


Namdhari Elibrary NamdhariElibrary@gmail.com

# ਆਓ ਕੁਝ ਸਬਕ ਸਿੱਖੀਏ

—ਜਰਨੈਲ ਸਿੰਘ ਬੱਧਣ

ਪੰਜਾਬੀ ਸਭਿਆਚਾਰ ਨੂੰ ਢਾਅ ਲਾਉਣ ਦੀਆਂ ਚਾਲਾਂ ਗੰਗਾ ਜਮਨਾ ਤਹਿਜ਼ੀਬ, ਅਦਬ, ਸਕਾਫਤ ਅਤੇ ਸਭਿਆਚਾਰ ਨਾਲ ਜਾਣੇ ਜਾਂਦੇ ਆਪਣੇ ਦੇਸ਼ ਭਾਰਤਵਰਸ਼ ਦੇ ਇਤਿਹਾਸ ਨੂੰ ਸੰਵਾਰਨ ਵਿੱਚ ਸਾਡੇ ਪੰਜਾਬ ਦਾ ਅਹਿਮ ਰੋਲ ਰਿਹਾ ਹੈ। ਸਾਡੇ ਇਸ ਅਮੀਰ ਸਭਿਆਚਾਰ ਅਦਬ ਸਕਾਫਤ ਅਤੇ ਧਾਰਮਿਕ ਧਰੋਹਰ ਨੇ ਸਦੀਆਂ ਤੋਂ ਹੀ ਬਾਹਰਲੇ ਧਾੜਵੀਆਂ ਨੂੰ ਧੂਹ ਪਾਈ ਹੈ। ਸਾਡੀ ਇਸ ਜਰਖੇਜ਼ ਜਮੀਂ ਉਪਰ ਦੁਸ਼ਮਣ ਦੀ ਬਾਜ਼ ਅੱਖ ਹਮੇਸ਼ਾ ਰਹੀ ਹੈ। ਚਾਹੇ ਉਹ ਸਿਕੰਦਰ ਜਿਹਾ ਵਿਸ਼ਾਲ-ਬਾਦਸ਼ਾਹ ਸੀ ਚਾਹੇ ਚੰਗੇਜੀ ਤੀਰ ਅੰਦਾਜ਼ ਫੌਜ਼ਾ ਸਨ ਜਾਂ ਚਾਹੇ ਉਹ ਧੋਖੇਬਾਜ ਦੁਰਾਨੀ ਰਾਜੇ ਸਨ। ਇਨ੍ਹਾਂ ਸਭ ਹਮਲਾਵਰਾਂ ਨੂੰ ਬਹਾਦਰ ਪੰਜਾਬੀਆਂ ਨੇ ਆਪਣੀਆਂ ਜਾਨਾਂ ਵਾਰ ਕੇ ਵੀ ਖਦੇੜ ਕੇ ਰੱਖ ਦਿੱਤਾ ਸੀ। ਪੰਜਾਬੀਆਂ ਨੇ ਆਪਣੇ ਲਹੂ ਮਿੱਝ ਨਾਲ ਸਿੰਜ ਕੇ ਇਸ ਅਮੀਰ ਵਿਰਾਸਤ ਨੂੰ ਸੰਭਾਲੀ ਰਖਿਆ ਹੈ। ਇਹ ਉਹ ਮੁਕੱਦਰ ਪੁਰ ਜਮੀਂ ਹੈ ਜਿੱਥੇ ਵੇਦ ਸ਼ਾਸਤਰ ਰਮਾਇਣ ਮਹਾਭਾਰਤ ਅਤੇ ਹੋਰ ਅਨੇਕਾਂ ਗ੍ਰੰਥਾਂ ਦੀ ਰਚਨਾ ਹੋਈ ਹੈ। ਦੁਨੀਆਂ ਦੇ ਇਤਿਹਾਸ ਨੂੰ ਬਦਲਣ ਵਾਲੇ ਮਹਾਪੁਰਖ ਗੌਤਮ ਬੁੱਧ ਮਹਾਂਵੀਰ ਜੈਨ, ਗੁਰੂਆਂ ਪੀਰਾਂ ਅਤੇ ਔਲੀਆਂ ਦੀ ਚਰਨ ਛੋਹ ਨਾਲ ਨਿਵਾਜ਼ੀ ਇਸ ਪਵਿਤੱਰ ਸਰ ਜ਼ਮੀਨ ਦੇ ਸਭਿਆਚਾਰ ਨੂੰ ਤਹਿਸ ਨਹਿਸ ਕਰਨ ਲਈ ਦੁਸ਼ਮਣ ਆਪਣੀ ਕੋਝੀਆਂ ਵਿੱਚ ਚਾਲਾਂ ਉੱਪਰ ਉੱਤਰ ਆਇਆ ਹੈ। ਚੰਗੇਜੀ ਹਾਕਮਾ ਨੇ ਇਹ ਜਾਣ ਕੇ ਇੱਥੋਂ ਦੇ ਕਾਰੀਗਰ ਆਪਣੇ ਕੰਮ ਅਤੇ ਫਨ ਦੇ ਮਾਹਿਰ ਹਨ, ਉਨ੍ਹਾਂ ਸਾਡੇ-ਕਾਰੀਗਰਾਂ ਦੇ ਹੱਥ ਹੀ ਵੱਜ ਸੁੱਟੇ। ਅੰਗਰੇਜ਼ਾ ਨੇ ਸਭ ਤੋ ਪਹਿਲੀ ਸੱਟ ਸਾਡੇ ਚਰਖੇ ਉੱਪਰ ਮਾਰੀ। ਉਨ੍ਹਾਂ ਖੱਦਰ ਤਹਿਜ਼ੀਬ ਦੇ ਇਸ ਦੇਸ਼ ਨੂੰ ਮਸ਼ੀਨੀ ਖੱਦਰ ਨਾਲ ਭਰ ਦਿੱਤਾ। ਸਾਡੀ ਦੁੱਧੋ ਵਿੱਚ ਕਪਾਰ ਨੂੰ ਉਹ ਬਰਹਾਨੀਆਂ ਲੈ ਜਾਂਦੇ, ਉਥੋਂ ਮਸ਼ੀਨੀ ਖੱਦਰ ਭੇਜ ਦਿੰਦੇ। ਚਰਖਾ ਉਦਾਸ ਹੋ ਗਿਆ, ਸਾਡੀ ਤ੍ਰਿਝਣ ਟੁਟ-ਗਈ ਸੁਆਣੀਆਂ ਗੀਤ ਗਾਉਦੇ ਭੁੱਲ ਗਈਆਂ, ਮੁਟਿਆਰਾਂ ਨੇ ਬੁੱਕਲਾਂ ਚੋਂ ਮੂੰਹ ਦੇ ਕੇ ਧਾਹਾਂ ਮਾਰੀਆਂ, ਕਾਮੇ ਭੁੱਖੇ ਮਰਨ ਲੱਗ ਪਏ, ਪੇਂਜੇ ਲਲਾਰੀ ਜੁਲਾਹੇ, ਕਾਰੀਗਰ ਆਪਣੀ ਕਲਾ ਭੁੱਲ ਗਏ। ਅਗਲੀ ਪੀੜ੍ਹੀ ਨਸ਼ਿਆਂ ਨੇ ਲਪੇਟ ਲਈ। ਵੀਰਨੋਂ ਸਾਡੀ ਅਮੀਰ ਸੰਗੀਤਕ ਧਰੋਹਰ ਨੂੰ ਲੱਚਰ ਸਭਿਆਚਾਰਕ ਹਮਲੇ ਨਾਲ ਅਲੋਪ ਕਰਨ ਦੀਆਂ ਕੋਝੀਆਂ ਚਾਲਾਂ ਦੁਸ਼ਮਣ ਚਲ ਰਿਹਾ ਹੈ। ਦੁਸ਼ਮਣ ਸਭਿਆਚਾਰ ਨੂੰ ਅਮੀਰ ਦੱਸ ਕੇ ਇਨਾਮ ਸਨਮਾਨ ਦੇ ਕੇ ਲੋਕਾਂ ਸਾਹਮਣੇ ਪੇਸ਼ ਕਰ ਰਿਹਾ ਹੈ। ਪਰ ਦੋਸਤੋ ਇਹ ਸਾਡਾ ਸਭਿਆਚਾਰ ਨਹੀਂ ਹੈ। ਅੱਜ ਲੋੜ ਹੈ ਉਦਾਸ ਚਰਖੇ ਨੂੰ ਖੂੰਜੇ ਵਿੱਚੋ ਕੱਢਣ ਦੀ, ਅੱਜ ਲੋੜ ਹੈ ਤ੍ਰਿੰਝਣਾਂ ਪਾਉਣ ਦੀ, ਗੀਤ ਗਾਉਣ ਦੀ ਸਭਿਆਚਾਰ ਨੂੰ ਬਚਾਉਣ ਦੀ। ਹੈ ਕੋਈ ਸੂਰਮਾ ਜਿਹੜਾ ਮੇਰੇ ਰੰਗਲੇ ਪੰਜਾਬ ਨੂੰ ਬਚਾ ਸਕੇ।

ਜਦੋਂ ਦੇਸ਼ ਤੇ ਭੀੜ ਬਣੀ ਜਦੋ ਜ਼ਾਲਿਮ ਫਰੰਗੀ ਨੇ ਗੁਲਾਮੀ ਦੇ ਜੂਲੇ ਖੱਲੇ ਦੇਕੇ ਹਿੰਦੋਸਤਾਨੀਆਂ ਨੂੰ ਪਸ਼ੂਆਂ ਵਾਂਗ ਨੂੜਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਤਾਂ ਉਸ ਵਕਤ ਮੇਰੇ ਪਿਆਰੇ-ਵਤਨ ਦੇ ਦੇਸ਼ ਭਗਤਾਂ ਨੇ ਅੰਗਰੇਜ਼ੀ ਸਾਮਰਾਜ ਦਾ ਵਿਰੋਧ ਕਰਕੇ ਉਨ੍ਹਾਂ ਨੂੰ ਇਸ ਪਵਿੱਤਰ ਸਰ ਜ਼ਮੀਨ ਤੋਂ ਭੱਜਣ ਲਈ ਮਜ਼ਬੂਰ ਕਰ ਦਿੱਤਾ ਸੀ। ਉਨ੍ਹਾਂ ਮਹਾਨ ਦੇਸ਼ ਭਗਤ ਸੂਰਮਿਆਂ ਵਿਚੋ ਸਤਿਗੁਰੂ ਰਾਮ ਸਿੰਘ ਜੀ ਦਾ ਨਾਂ ਹਮੇਸ਼ਾ ਮੁਹਰਲੀਆਂ ਸਫਾਂ ਵਿੱਚ ਰਹੇਗਾ। ਭਗਤੀ ਤੇ ਸ਼ਕਤੀ ਦੇ ਸੁਮੇਲ ਸਤਿਗੁਰੂ ਜੀ ਨੇ ਜਿੱਥੇ ਹਿੰਦੁਸਤਾਨੀਆਂ ਨੂੰ ਆਪਣੇ ਦੇਸ਼ ਦੇ ਬਣੇ ਬਸਤਰ ਧਾਰਨ ਕਰਨ ਲਈ ਪ੍ਰੇਰਨਾ ਦੇ ਕੇ ਚਰਖੇ ਨੂੰ ਟੁੱਟਣੋਂ ਬਚਾ ਲਿਆ, ਉਸਦੇ ਨਾਲ ਖੱਦਰ ਤਹਿਜ਼ੀਬ ਨੂੰ ਸੁਰਜੀਤ ਕੀਤਾ ਅਤੇ ਦੇਸ਼ ਵਾਸੀਆਂ ਅੰਦਰ ਦੇਸ਼ ਭਗਤੀ ਦੀ ਜਵਾਲਾ ਪ੍ਰਚੰਡ ਕੀਤੀ। ਜਲਾਵਤਨੀ ਦੌਰਾਨ ਆਪਣਾ ਡਾਕ ਪ੍ਰਬੰਧ ਚਲਾ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਸਾਮਾਰਾਜੀਆਂ ਦੀ ਨੀਂਦ ਉਤਾਰ ਕੇ ਰੱਖ ਦਿੱਤੀ ਸੀ।

ਆਓ ਕਿ ਗਰੀਬੀ ਨਾਲ ਜੂਝ ਰਹੇ ਦਲਿਤਾਂ ਤੇ ਹੋ ਰਹੇ ਔਰਤਾਂ ਜ਼ੁਲਮਾਂ ਦੀ ਬੇਪਤੀ ਸਹਿ ਰਹੀ ਖੱਦਰ ਤਹਿਜ਼ੀਬ ਨੂੰ ਬਚਾਉਣ ਲਈ ਯਤਨ ਕਰੀਏ ਅਤੇ ਦੁਸ਼ਮਣ ਨੂੰ ਖਦੇੜ ਕੇ ਰੱਖ ਦੇਈਏ।

ਫੋਨ ਨੰ. 9464796287


NamdhariElibrary NamdhariElibrary@gmail.com

# ਬੀਤੇ ਦੀਆਂ ਯਾਦਾਂ



*—ਮਹਿੰਦਰ ਸਿੰਘ ਧੰਜਲ*

ਬੀਤੇ ਸਮੇਂ ਦੀ ਇੱਕ ਯਾਦ ਜਿਸਦਾ ਮੈਂ ਜ਼ਿਕਰ ਕਰ ਰਿਹਾ ਹਾਂ, ਇਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਅੰਤਿਮ ਦਰਸ਼ਨਾਂ ਬਾਰੇ ਹੈ। ਇਸਨੂੰ ਬੀਤਿਆਂ ਭਾਵੇਂ ਤਿੰਨ ਸਾਲ ਤੋਂ ਵੱਧ ਦਾ ਸਮਾਂ ਲੰਘ ਚੁੱਕਾ ਹੈ, ਪਰ ਫਿਰ ਵੀ ਉਸ ਸਮੇਂ ਦੀ ਯਾਦ ਮੇਰੇ ਹਿਰਦੇ ਵਿੱਚ ਤਰੋਤਾਜ਼ਾ ਹੈ।

12 ਦਸੰਬਰ, 2012 ਈ: ਰਾਤ ਦੇ ਤਕਰੀਬਨ ਨੌਂ ਕੁ ਵਜੇ ਦਾ ਸਮਾਂ, ਟੈਲੀਫੋਨ ਦੀ ਘੰਟੀ ਵੱਜਣ ਲੱਗੀ। ਫੋਨ ਉਠਾਇਆ, ਚੰਡੀਗੜ ਤੋਂ ਵੱਡਾ ਲੜਕਾ ਬੋਲ ਰਿਹਾ ਸੀ। 'ਅਜੇ ਸੁੱਤੇ ਤਾਂ ਨਹੀਂ, ਜੇਕਰ ਨਹੀਂ ਤਾ ਟੀ.ਵੀ. ਚਲਾਕੇ ਵੇਖੋ, ਖਬਰ ਆ ਰਹੀ ਹੈ। ਇਤਨਾ ਕਹਿਕੇ ਉਸਨੇ ਫੋਨ ਬੰਦ ਕਰ ਦਿੱਤਾ। ਮੈਨੂੰ ਆਪਣੇ ਮੁੰਡੇ ਤੇ ਥੋੜ੍ਹਾ ਜਿਹਾ ਗੁੱਸਾ ਵੀ ਆਇਆ। ਭਲਾ, ਇੱਹ ਕੀ ਗੱਲ ਹੋਈ। ਖਬਰ ਉਹ ਆਪ ਵੀ ਦੱਸ ਸਕਦਾ ਸੀ। ਇਹੋ ਜਿਹੀ ਕਿਹੜੀ ਖਬਰ ਹੈ, ਜਿਹੜੀ ਉਹ ਕਹਿ ਨਹੀਂ ਸਕਿਆ।

ਜਲਦੀ ਨਾਲ ਟੈਲੀਵੀਜ਼ਨ ਚਲਾਕੇ ਵੇਖਿਆ, ਖਬਰ ਪ੍ਰਕਾਸ਼ਤ ਹੋ ਰਹੀ ਸੀ। 'ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਬ੍ਰਹਮਲੀਨ ਹੋ ਗਏ ਹਨ।' ਖਬਰ ਸੁਣਕੇ ਮੇਰੀਆਂ ਅੱਖਾਂ 'ਚੋ ਹੰਝੂ ਆਪ ਮੁਹਾਰੇ ਵਗਣੇ ਸ਼ੁਰੂ ਹੋ ਗਏ। ਜੀ ਕਰਦਾ ਸੀ ਕਿ ਹੁਣੇ ਹੀ ਸ੍ਰੀ ਭੈਣੀ ਸਾਹਿਬ ਨੂੰ ਚੱਲ ਪਵਾਂ, ਪਰ ਆਪਣਾ ਕੋਈ ਸਾਧਨ ਨਾ ਹੋਣ ਕਰਕੇ ਅਗਲੀ ਸਵੇਰ ਪਹਿਲੀ ਬੱਸ ਜਾਣ ਦਾ ਪ੍ਰੋਗਰਾਮ ਬਣਾਇਆ।

ਸਵੇਰੇ ਸੁੱਵਖਤੇ ਹੀ ਮੈਂ ਅਤੇ ਮੇਰੀ ਪਤਨੀ ਦੋਵੇਂ ਸਤਿਗੁਰੂ ਜੀ ਦੇ ਪੰਜ ਭੂਤਕ ਸਰੀਰ ਦੇ ਦਰਸ਼ਨ ਕਰਨ ਲਈ ਭੈਣੀ-ਸਾਹਿਬ ਨੂੰ ਚੱਲ ਪਏ। ਬਰਨਾਲਾ ਕਚਿਹਰੀ ਬਾਈ ਪਾਸ ਅੱਡੇ ਤੋਂ ਲੁਧਿਆਣੇ ਜਾਣ ਵਾਲੀ ਬੱਸ ਵਿੱਚ ਸਵਾਰ ਹੋਏ। ਬੱਸ ਵਿਚੱ ਬੜੀ ਭੀੜ ਸੀ। ਇਤਨੀ ਭੀੜ ਵਿੱਚ ਲੁਧਿਆਣੇ ਤੱਕ ਖੜ੍ਹਕੇ ਸਫਰ ਕਰਨਾ, ਮੈਨੂੰ ਮੁਸ਼ਕਿਲ ਲੱਗਿਆ। ਇਸ ਕਰਕੇ ਜਦੋਂ ਬੱਸ ਤਰਕਸ਼ੀਲ ਚੌਂਕ ਤੇ ਰੁੱਕੀ, ਤਾਂ ਅਸੀਂ ਬੱਸ ' ਚੋਂ ਉੱਤਰਨ ਲੱਗੇ, ਪਰ ਕੰਡਕਟਰ ਨੇ ਸਾਨੂੰ ਉੱਤਰਨ ਨਾ ਦਿੱਤਾ। ਉਸਨੇ ਕਿਹਾ, ਤੁਸੀਂ ਕਿਉਂ ਉੱਤਰ ਰਹੇ ਹੋ। ਮੈਂ ਕਿਹਾ, ' ਬੱਸ ਵਿੱਚ ਸਵਾਰੀ ਬਹੁਤ ਜਿਆਦਾ ਹੈ, ਉਸਨੇ ਸਾਨੂੰ ਉੱਤਰਣ ਤੋਂ ਇਹ ਕਹਿਕੇ ਰੋਕ ਲਿਆ ਕਿ ਤੁਸੀਂ ਕਿਥੇ ਜਾ ਰਹੇ ਹੋ? ਮੈਂ ਤੁਹਾਨੂੰ ਬੈਠਣ ਲਈ ਸੀਟ ਦਿਵਾ ਦਿੰਦਾ ਹਾਂ। ਮੈਂ ਇਹ ਵੀ ਜਾਣਦਾ ਹਾਂ,

— ਅਸੀਂ ਕਿਥੇ ਜਾਰਹੇ ਹਾਂ, ਤੈਨੂੰ ਕੀ ਪਤਾ, ਮੈਂ ਕੰਡਕਟਰ ਨੂੰ ਹੈਰਾਨੀ ਨਾਲ ਪੁਛਿਆ।

— ਮੈਨੂੰ ਪਤਾ ਹੈ, ਤੁਸੀਂ ਭੈਣੀ ਸਾਹਿਬ ਜਾ ਰਹੇ ਹੋ ਉਸਨੇ ਕਿਹਾ।

— ਉਸਦੇ ਮੂੰਹੋ ਇਸ ਤਰ੍ਹਾਂ, ਦੇ ਬੋਲ ਸੁਣਕੇ ਮੈਂ ਹੋਰ ਵੀ ਹੈਰਾਨ ਹੋ ਗਿਆ।

ਮੈਂ ਹੈਰਾਨ ਸੀ ਕਿ ਉਸਨੇ ਇਹ ਕਿਵੇਂ ਅੰਦਾਜ਼ਾ ਲਾ ਲਿਆ ਜਦ ਕਿ ਮੈਂ ਨਾਮਧਾਰੀ ਪਹਿਰਾਵੇ ਵਿੱਚ ਵੀ ਨਹੀਂ ਸੀ। ਅਸੀਂ ਬੱਸ 'ਚੋ ਉੱਤਰਨ ਦਾ ਇਰਾਦਾ ਛੱਡ ਦਿੱਤਾ। ਥੋੜੇ ਜਿਹੇ ਮਿੰਟਾ ਬਾਅਦ ਹੀ ਕੰਡਕਟਰ ਨੇ ਇੱਕ ਸਵਾਰੀ ਨੂੰ ਉਠਾਕੇ ਸ੍ਰੀ ਮਤੀ ਜੀ ਨੂੰ ਬਿਠਾ ਦਿੱਤਾ ਤੇ ਮੈਨੂੰ ਕੁਛ ਚਿਰ ਹੋਰ ਉਡੀਕ ਕਨ ਲਈ ਕਿਹਾ।

ਸੰਘੇੜਾ ਪਿੰਡ ਲੰਘਕੇ ਬੱਸ ਲੁਧਿਆਣੇ ਵਾਲੀ ਸੜਕ ਤੇ ਚੱਲਣ ਲੱਗ ਪਈ। ਮੈਂ ਬੱਸ ਦੇ ਵਿਚਕਾਰ ਖੜ੍ਹਾ ਤਾਕੀ ਵਿੱਚਦੀ ਬਾਹਰ ਵੱਲ ਦੇਖ ਰਿਹਾ ਸੀ। ਨਾਮਧਾਰੀ ਸਿੱਖਾਂ ਨਾਲ ਭਰੀਆਂ ਕਾਰਾਂ ਬੜੀ ਤੇਜ਼ੀ ਨਾਲ ਲੰਘ ਰਹੀਆਂ ਸਨ। ਸ਼ਾਇਦ ਇਹ ਨਾਮਧਾਰੀ ਸਿੱਖ ਸੰਗਤ ਸ੍ਰੀ ਜੀਵਨ ਨਗਰ ਦੇ ਇਲਾਕੇ ਜਾਂ ਉਸਤੋਂ ਅਗੇ ਹੋਰ ਥਾਵਾਂ ਤੋਂ ਆ ਰਹੀ ਸੀ।

ਬੱਸ 'ਚੋਂ ਬਾਹਰ ਵੱਲ ਵੇਖਦਿਆਂ ਹੋਇਆਂ ਮੈਂ ਹੌਲੀ ਹੌਲੀ ਡਰਾਈਵਰ ਵੱਲ ਆਇਆ। ਮੇਰੀ ਨਜ਼ਰ ਸਭ ਤੋਂ ਪਹਿਲੀ ਇੱਕ ਵਾਲੀ ਸੀਟ ਤੇ ਪਈ ਜਿਸਤੇ ਇੱਕ ਜਨਾਨੀ, ਉੱਮਰ ਵੀ ਕੋਈ ਜਿਆਦਾ ਨਹੀਂ, ਪੰਜਾਬ ਕੁ ਸਾਲ ਦੇ ਕਰੀਬ, ਸਫੈਦ ਵਸਤਰ ਪਹਿਨੀ ਤੇ ਉੱਪਰ ਦੀ ਗਰਮ ਸ਼ਾਲ ਦੀ ਬੁੱਕਲ ਮਾਰੀ ਬੈਠੀ ਸੀ। ਮੈਨੂੰ ਲੱਗਿਆ ਜਿਵੇਂ ਉਹ ਵੀ ਸ੍ਰੀ ਭੈਣੀ ਸਾਹਿਬ ਜਾ ਰਹੀ ਹੈ। ਪਹਿਲਾਂ ਤਾਂ ਮੈਂ ਉਸਨੂੰ ਔਰਤ ਸਮਝਕੇ ਪੁੱਛਣ ਤੋਂ ਝਿਜਕ ਮਹਿਸੂਸ ਕੀਤੀ, ਪਰ ਫਿਰ ਪੁੱਛ ਹੀ ਲਿਆ, ਬੀਬੀ ਜੀ, ਕੀ ਤੁਸੀਂ ਭੈਣੀ ਸਾਹਿਬ ਜਾ ਰਹੇ ਹੋ। ਹਾਂ ਜੀ, ਉਸਨੇ ਕਿਹਾ। ਮੈਂ ਫਿਰ ਆਪਣੀ ਗੱਲ ਨੂੰ ਦੁਹਰਾਦਿਆਂ ਪੁੱਛਿਆ, ਬਠਿੰਡੇ ਤੋਂ ਆ ਰਹੇ ਹੋਵੋਗੇ। ਨਹੀਂ ਵੀਰ ਜੀ, ਮੈਂ ਬਹੁਤ ਦੂਰ ਤੋਂ ਆਈ ਹਾਂ। ਰਾਤ ਦੇ ਗਿਆਰਾਂ ਵਜੇ ਦੀ ਘਰੋਂ ਤੁਰੀ ਹੋਈ ਹਾਂ। ਉਸਦੇ ਮੂੰਹੋ ਗਿਆਰਾਂ ਵਜੇ ਰਾਤ ਦੇ ਬੋਲ ਸੁਣਕੇ, ਮੈਨੂੰ ਸਤਿਗੁਰੂ ਪ੍ਰਤੀ ਆਪਣੀ ਆਸਥਾ, ਉਸ ਜਨਾਨੀ ਦੇ ਸਿੱਦਕ ਅਤੇ ਹੌਸਲੇ ਅਗੇ ਨਿਗੂਣੀ ਜਿਹੀ ਜਾਪਣ ਲੱਗੀ। ਮੈਂ ਆਪਣੇ ਮਨ ਵਿੱਚ ਸੋਚਣ ਲੱਗਾ ਕਿ- ਕਿਸ ਤਰ੍ਹਾਂ ਇੱਕਲੀ ਇਕਹਿਰੀ ਔਰਤ ਆਪਣੇ ਮਹਿਬੂਬ ਸਤਿਗੁਰੂ ਦੇ ਦਰਸ਼ਨ ਕਰਨ ਲਈ ਜਾ ਰਹੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿੱਚ ਸਿੱਖ ਦੇ ਗੁਰੂ ਦਰਸ਼ਨ ਦੀ ਖਿੱਚ ਨੂੰ ਕਿੰਨੇ ਸੁੰਦਰ ਸ਼ਬਦਾ ਵਿੱਚ ਚਿਤਰਿਆ ਹੈ।

ਕਵਨ ਗੁਨ ਪ੍ਰਾਣਪਤਿ ਮਿਲਉ ਮੇਰੀ ਮਾਈ ॥ ਰਹਾਉ ॥
ਰੂਪ ਹੀਣ ਬੁਧਿ ਬਲ ਹੀਨੀ ਮੋਹਿ,
ਪ੍ਰਦੇ ਸਨਿ, ਦੂਰ ਤੇ ਆਈ ॥

ਨਾਹਿਨ ਦਰਬ ਨਾ ਜੋਬਨ ਮਾਤੀ
ਮੋਹਿ ਅਨਾਥ ਕੀ ਕਰਹੁ ਸਮਾਈ।।
ਖੋਜਤ ਖੋਜਤ ਭਈ ਬੈਰਾਗਨਿ ਪ੍ਰਭ
ਦਰਸ਼ਨ ਕਉ ਹਉ ਫਿਰਤ ਤਿਸਾਈ॥
ਦੀਨ ਦਇਆਲ ਕ੍ਰਿਪਾਲ ਪ੍ਰਭੂ
ਨਾਨਕ ਸਾਧ ਸੰਗਤ ਮੇਰੀ ਜਲਨਿ ਬੁਝਾਈ॥

(ਰਾਗ ਗਉੜੀ ਮਹਲਾ 4 ਅੰਕ 204)

ਉਸ ਬੀਬੀ ਦਾ ਹੌਸਲਾ ਅਤੇ ਸਿੱਦਕ ਹੀ ਮੇਰੇ ਲਈ ' ਵਰਿਆਮ ਦੇ ਪਾਠਕਾਂ ਨਾਲ ਸੁਰ ਸਾਂਝ ਕਰਨ ਦਾ ਪ੍ਰੇਰਨਾ ਸਰੋਤ ਬਣਿਆ ਹੈ। ਇਸਤੋਂ ਪਤਾ ਲੱਗਦਾ ਹੈ ਕਿ ਕਿਤਨੀ ਪ੍ਰੇਮ ਭਾਵਨਾ ਹੁੰਦੀ ਹੈ ਸਿੱਖ ਨੂੰ ਆਪਣੇ ਗੁਰੂ ਪ੍ਰਤੀ ਜਿਸਨੂੰ ਆਂਕਿਆ ਨਹੀਂ ਜਾ ਸਕਦਾ।

ਅਸੀਂ ਲੁਧਿਆਣੇ ਪਹੁੰਚਕੇ ਅੱਗੋਂ ਕਟਾਣੀ ਹੁੰਦੇ ਹੋਏ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਭੈਣੀ ਸਾਹਿਬ ਦੀ ਲਿੰਕ ਰੋਡ ਤੇ ਪੁਲੀਸ ਦੀਆਂ ਗੱਡੀਆਂ ਖੜ੍ਹੀਆਂ ਸਨ ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ: ਪਰਕਾਸ਼ ਸਿੰਘ ਬਾਦਲ ਸਤਿਗੁਰੂ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਆ ਰਿਹਾ ਸੀ। ਇਸ ਤੋਂ ਇਲਾਵਾ ਹੋਰ ਸਾਰੀਆਂ ਪਾਰਟੀਆਂ ਦੇ ਵੱਡੇ ਵੱਡੇ ਨੇਤਾ ਆ ਗਏ ਸਨ ਜਾਂ ਆ ਰਹੇ ਸਨ।

ਸੰਗਤ ਵੀ ਬਹੁਤ ਵੱਡੀ ਗਿਣਤੀ ਵਿੱਚ ਆ ਰਹੀ ਸੀ। ਸਤਿਗੁਰੂ ਜੀ ਦਾ ਪਾਰਥੀ ਪੰਜ ਭੂਤਕ ਸਰੀਰ ਸਾਧ ਸੰਗਤ ਦੇ ਦਰਸ਼ਨਾਂ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਿਰ ਦੇ ਹਾਲ ਵਿੱਚ ਰੱਖਿਆ ਹੋਇਆ ਸੀ।

ਰਾਤੀਂ ਥੋੜੀ ਜਿਹੀ ਬਾਰਸ਼ ਹੋਣ ਕਾਰਨ ਮੰਦਰ ਦੇ ਸਾਹਮਣੇ ਘਾਹ ਵਾਲਾ ਗਰਾਊਂਡ ਗਿੱਲਾ ਸੀ, ਕਈ ਥਾਂਈ ਥੋੜ੍ਹਾ ਥੋੜ੍ਹਾ ਪਾਣੀ ਵੀ ਖੜ੍ਹਾ ਸੀ, ਪਰ ਸੰਗਤ ਠੰਡ ਤੋਂ ਬੇਪ੍ਰਵਾਹ ਚੁੱਪ-ਚਾਪ, ਹੱਥ ਬੰਨ੍ਹੀ, ਨੰਗੇ ਪੈਰੀਂ ਗੁਰੂ ਜੀ ਦੇ ਸਰੀਰ ਦੇ ਆਖਰੀ ਦਰਸ਼ਨ ਕਰਨ ਲਈ ਲਾਈਨਾਂ ਵਿਚ ਖੜੋਤੀ ਸੀ। ਰਾਗੀ ਸਿੰਘ ਲਗਾਤਾਰ ਗੁਰਬਾਣੀ ਦਾ ਕਰੁਣਾਮਈ ਕੀਰਤਨ ਕਰ ਰਹੇ ਸਨ :

— ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ।
ਹੰਭੀ ਵੰਞਾ ਡੁਮਣੀ ਰੋਵਾਂ ਝੀਣੀ ਬਾਣ॥
— ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ॥
ਜੋਤੀ ਜੋਤੀ ਰਲੀ ਸੰਪੂਰਨ ਥੀਆ ਰਾਮ॥

ਜਿਸ ਲਾਈਨ ਵਿਚੋਂ ਮੈਂ ਦਰਸ਼ਨਾਂ ਲਈ ਖੜਾ ਸੀ, ਉਸ ਲਾਈਨ ਵਿੱਚ ਨਾਮਧਾਰੀ ਸਿੱਖਾਂ ਦੀ ਗਿਣਤੀ ਘੱਟ ਪਰ ਗੈਰ ਨਾਮਧਾਰੀ ਸਿੱਖਾਂ ਦੀ ਗਿਣਤੀ ਵੱਧ ਸੀ। ਇਸਤੋਂ ਪਤਾ ਲਗਦਾ ਸੀ ਕਿ ਸਤਿਗੁਰੂ ਜੀ ਕੇਵਲ ਨਾਮਧਾਰੀਆਂ ਦੇ ਹੀ ਰਹਿਬਰ ਨਹੀਂ ਸਨ, ਬਲਕਿ ਉਹ ਤਾਂ ਸਾਰੇ ਲੋਕਾਂ ਦੇ ਭਾਵੇਂ ਉਹ ਹਿੰਦੂ, ਸਿੱਖ ਜਾਂ ਮੁਸਲਮਾਨ ਹੋਣ, ਉਹਨਾਂ ਦੇ ਵੀ ਅਧਿਆਤਮਕ ਗੁਰੂ ਸਨ।

ਸਤਿਗੁਰੂ ਜੀ ਦੇ ਬਚਨ ਖਾਸ ਕਰਕੇ ਮੇਰੀਆਂ ਅੱਖਾਂ ਵਾਰ ਵਾਰ ਨਮ ਹੋ ਰਹੀਆਂ ਸਨ। ਕਿੰਨੀ ਅਪਣਤ ਤੇ ਮਿਠਾਸ ਸੀ ਗੁਰੂ ਜੀ ਦੇ ਬਚਨਾਂ ਵਿੱਚ। ਉਹ ਤਾਂ ਗੁਣਾਂ ਦੇ ਭੰਡਾਰ ਸਨ। ਕੇਵਲ ਇੱਕ ਰਮਜ਼ ਨਾਲ ਹੀ ਮੇਰੇ ਵਰਗੇ ਅਨੁਗਾਮੀਆਂ ਦੇ ਮਨ ਰੂਪੀ ਦਰਵਾਜੇ ਦੀਆਂ ਭਿਤਾਂ ਖੋਲ ਦਿੰਦੇ ਸਨ।

ਦਿਨ ਦਾ ਇੱਕ ਵੱਜ ਚੁੱਕਾ ਸੀ। ਮੰਦਰ ਦੇ ਹਾਲ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਸਨ ਕਿਉਂਕਿ ਹੁਣ ਗੁਰੂ ਜੀ ਦੇ ਸਰੀਰ ਦਾ ਇਸ਼ਨਾਨ ਕਰਵਾਕੇ ਅੰਤਿਮ ਰਸਮ ਲਈ ਅਗਨ ਭੇਟ ਕਰਨ ਲਈ ਚਿਖਾਂ ਤੇ ਲਿਆਂਦਾ ਜਾਣਾ ਸੀ। ਇਸ ਲਈ ਸੰਗਤ ਦੇ ਇੱਕਠ ਨੇ ਚਿੱਖਾ ਦੇ ਦੁਆਲੇ ਇੱਕਤਰ ਹੋਣਾ ਸ਼ੁਰੂ ਕਰ ਦਿੱਤਾ ਸੀ। ਖੜੋਣ ਲਈ ਹੇਠਾਂ ਜਗਾ ਨਾ ਮਿਲਣ ਕਰਕੇ ਲੋਕ ਖੜੇ ਟਰਕਾਂ ਦਾ ਸਹਾਰਾ ਲੈਕੇ ਕਮਰਿਆਂ ਦੀਆ ਛੱਤਾਂ ਉਪਰ ਚੜ ਗਏ। ਬਹੁਤ ਹੀ ਕਰੁਣਾਮਈ ਦ੍ਰਿਸ਼ ਸੀ। ਮੈਂ ਵੀ ਇੱਕ ਟਰੱਕ ਰਾਹੀਂ ਕਮਰੇ ਦੀ ਛੱਤ ਉਪਰ ਚੜ੍ਹਕੇ ਆਪਣੇ ਮਨ ਦੀ, ਦਰਸ਼ਨ ਕਰਨ ਦੀ ਇੱਛਾ ਪੂਰੀ ਕੀਤੀ।

ਸਾਰੀ ਸਾਧ ਸੰਗਤ ਦੇ ਚਿਹਰਿਆਂ ਤੇ ਉਦਾਸੀ ਅਤੇ ਅੱਖਾਂ ਹੰਝੂਆਂ ਨਾਲ ਨਮ ਹੋਈਆ ਪਰਤੱਖ ਦਿਖਾਈ ਦੇ ਰਹੀਆਂ ਸਨ। ਸੰਗਤ ਵਿੱਚ ਇਹ ਸੁਰ ਵੀ ਉੱਠ ਰਹੀ ਸੀ ਕਿ ਇਸਤੋਂ ਅੱਗੇ ਨਾਮਧਾਰੀ ਸੰਗਤ ਕਿਸਦੇ ਚਰਨ ਸਪਰਸ਼ ਕਰਿਆ ਕਰੇਗੀ। ਅੰਤਿਮ ਰਸਮ ਤੋਂ ਥੋੜੇ ਜਿਹੇ ਸਮੇਂ ਬਾਅਦ ਸੂਬਾ ਬਲਵਿੰਦਰ ਸਿੰਘ ਨੇ ਪੂਜਯ ਮਾਤਾ ਚੰਦ ਕੌਰ ਜੀ ਦੀ ਆਗਿਆ ਅਨੁਸਾਰ ਐਲਾਨ ਕੀਤਾ ਕਿ ਠਾਕੁਰ ਉਦੈ ਸਿੰਘ ਜੀ ਨੂੰ ਡੇਰੇ ਦਾ ਕਾਰ ਮੁਖਤਾਰ ਮੁਕਰਰ ਕੀਤਾ ਜਾਂਦਾ ਹੈ।

ਨਾਮਧਾਰੀ ਸੰਗਤ ਨੂੰ ਧਰਵਾਸ ਮਿਲੀ। ਠਾਕਰ ਜੀ ਨੂੰ ਡੇਰੇ ਦਾ ਪ੍ਰਬੰਧਕ ਬਨਾਉਣ ਨਾਲ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਸੀ ਕਿ ਅਗੋਂ ਨਾਮਧਾਰੀ ਪੰਥ ਦੀ ਵਾਗਡੋਰ ਸਤਿਗੁਰੂ ਉਦੈ ਸਿੰਘ ਜੀ ਸੰਭਾਲਣਗੇ।

ਉਦਾਸੀ ਨਾਲ ਭਰੇ ਮਨਾਂ ਨਾਲ ਅਸੀ ਵੀ ਵਾਪਸ ਘਰ ਨੂੰ ਚੱਲ ਪਏ। ਡੇਰੇ 'ਚੋਂ ਬਾਹਰ ਆਉਦਿਆਂ ਮੈਂ ਸੋਚ ਰਿਹਾ ਸੀ ਕਿ ਅੱਜ ਤੋਂ ਬਾਅਦ ਅਸੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਤੱਖ ਰੂਪ ਵਿੱਚ ਦਰਸ਼ਨ ਨਹੀਂ ਕਰ ਸਕਾਂਗੇ। ਆਪਣੇ ਪਿਆਰੇ ਸਤਿਗੁਰੂ ਜੀ ਦੀ ਮੂਰਤ ਨੂੰ ਆਪਣੇ ਦਿਲ ਦੀਆਂ ਪਰਤਾਂ ਵਿੱਚੋਂ ਵੇਖਕੇ ਹੀ ਆਪਣੇ ਮਨ ਨੂੰ ਧਰਵਾਸ ਦਿਆ ਕਰਾਂਗੇ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ :

" ਦਿਲ ਕੇ ਆਈਨੇ ਮੇਂ ਹੈ ਤਸਵੀਰੇ ਯਾਰ,
ਜਰਾਂ ਕੁ ਗਰਦਨ ਝੁਕਾਈ ਦੇਖ ਲੀ"

95011-62101


Namdhari Elibrary NamdhariElibrary@gmail.com



# ਚੌਥਾ : ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ



*—ਹਰਪਾਲ ਸਿੰਘ ਸੇਵਕ*

ਭੈਣੀ ਸਾਹਿਬ ਦੀ ਧਰਤੀ ਦਾ ਹਰ ਰੁੱਖ ਹੀ ਸਾਜ ਬਣ ਗਿਆ। ਜਿਹੜਾ ਗੁਰੂ ਨਾਨਕ ਸਾਹਿਬ ਦੀ ਸੰਗਤ 'ਚ ਮਰਦਾਨੇ ਦੀ ਰਬਾਬ ਦਾ ਮਧੁਰ ਅਲਾਪ ........ 'ਮਰਦਾਨਿਆਂ ਰਬਾਬ ਬਜਾਇ' ......... 'ਮਰਦਾਨੇ ਰਬਾਬ ਬਜਾਇਆ, ਬਾਬੇ ਰਾਗ ਵਿੱਚ ਸਬਦ ਉਠਾਇਆ।' ਉਸ ਸਰ-ਚਸ਼ਮੇਂ 'ਚੋਂ ਜਿਹੜਾ ਰਾਗ ਦਾ, ਪ੍ਰੇਮ ਦਾ, ਭਗਤੀ ਦਾ ਦਰਿਆ ਫੁੱਟਿਆ ਸੀ, ਉਹ ਦਰਿਆ ਭੈਣੀ ਸਾਹਿਬ ਦੇ ਕੋਲ ਦੀ ਹੋ ਕੇ ਲੰਘਦਾ ਹੈ ਅਤੇ ਸੰਗੀਤ ਦੇ ਦਰਿਆ ਦੇ ਇਸ ਪੱਤਣ ਤੇ ਬਹੁਤ ਵੱਡਾ ਮੇਲਾ ਲੱਗਦਾ ਹੈ।" ਇਹ ਸ਼ਬਦ ਸਨ, ਪੰਜਾਬੀ ਸ਼ਾਇਰੀ ਦੇ ਨਾਮਵਰ ਹਸਤਾਖਰ ਪਦਮ ਸ੍ਰੀ ਸੁਰਜੀਤ ਪਾਤਰ ਜੀ ੨੨ ਨਵੰਬਰ ੨੦੧੫ ਨੂੰ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੇ ਸਮਾਪਨ ਸਮਾਰੋਹ ਸਮੇਂ ਕਹੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬ੍ਰਹਮਲੀਨ ਹੋਣ ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨਾਂ ਦੀ ਲੜੀ ਅਰੰਭ ਕੀਤੀ। ਪਹਿਲਾ ਸੰਗੀਤ ਸੰਮੇਲਨ ਜਨਵਰੀ ੨੦੧੩ ਈ., ਦੂਸਰਾ ਨਵੰਬਰ ੨੦੧੩ ਈ., ਤੀਸਰਾ ਨਵੰਬਰ ੨੦੧੪ ਈ. ਅਤੇ ਚੌਥਾ ਸੰਮੇਲਨ ੨੧-੨੨ ਨਵੰਬਰ ੨੦੧੫ ਈ. ਨੂੰ ਹੋਇਆ।

ਇਸ ਸੰਮੇਲਨ ਵਿੱਚ ਉਸਤਾਦ ਅੱਲਾ ਰੱਖਾ ਜੀ ਦੇ ਤਿੰਨੋਂ ਕਲਾਕਾਰ ਸਪੁੱਤਰਾਂ ਦੀ ਜੁਗਲਬੰਦੀ ਸ਼ਾਸ਼ਤਰੀ ਸੰਗੀਤ ਦੇ ਤਿੰਨ ਘਰਾਣਿਆਂ ਦੀ ਗਾਇਨ ਸ਼ੈਲੀ ਨਾਲ ਪਾਰੰਗਤ ਪੰਡਿਤ ਉਲਹਾਸ ਕਸ਼ਾਲਕਰ ਜੀ ਅਤੇ ਨਾਲ ਪੰ. ਯੁਗੇਸ਼ ਸਾਮਸੀ ਜੀ ਦੀ ਤਬਲਾ ਸੰਗਤ। ਪੰ. ਰਾਜੇਂਦਰ ਗੰਗਾਨੀ ਜੀ ਦਾ ਕੱਥਕ ਨ੍ਰਿਤ ਅਤੇ ਨਾਲ ਤਬਲੇ ਤੇ ਬਨਾਰਸ ਘਰਾਣੇ ਦੇ ਵਿਸ਼ਵ ਪ੍ਰਸਿੱਧ ਤਬਲਾ ਵਾਦਕ ਸ. ਸੁਖਵਿੰਦਰ ਸਿੰਘ ਨਾਮਧਾਰੀ ਅਤੇ ਸ੍ਰੀ ਫਤਹਿ ਸਿੰਘ ਗੰਗਾਨੀ ਜੀ ਦੀ ਸੰਗਤ।

੨੧ ਨਵੰਬਰ ੨੦੧੫ ਦਿਨ ਸ਼ਨੀਵਾਰ, ਸਾਰਾ ਸ੍ਰੀ ਭੈਣੀ ਸਾਹਿਬ ਬਸੰਤ-ਬਹਾਰ ਵਾਂਗ ਸੱਜਿਆ ਸੰਵਰਿਆ ਸੀ। ਰਾਮ-ਮੰਦਰ, ਲੰਗਰ ਅਤੇ ਰਾਮਸਰ ਵਾਲੇ ਪਾਸੇ ਸਾਰੀਆਂ ਸੜਕਾਂ ਦੇ ਦੋਹੀਂ ਪਾਸੀਂ ਜਗ ਰਹੇ ਦੀਵਿਆਂ ਦੀਆਂ ਕਤਾਰਾਂ ਜਿਵੇਂ ਆ ਰਹੇ ਸੰਗੀਤ ਪ੍ਰੇਮੀਆਂ ਨੂੰ ਜੀਓ ਆਇਆਂ ਆਖ ਰਹੀਆਂ ਹੋਣ।

ਪਹਿਲੇ ਦਿਨ ਦਾ ਸੰਗੀਤ ਪ੍ਰੋਗਰਾਮ ਅਰੰਭ ਕਰਨ ਸਮੇਂ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਭਰਪੂਰ ਸੰਗਤਾਂ ਦੀ ਹਾਜ਼ਰੀ ਵਿਚ ਮੰਚ ਤੇ ਹਾਜ਼ਰ ਹੋਏ ਵਿਦਿਅਕ ਜਥੇ ਦੇ ਸਕੱਤਰ ਸੁਖਵਿੰਦਰ ਸਿੰਘ ਲਾਇਲ। ਮੰਚ-ਸੰਚਾਲਕ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਹੁ-ਪੱਖੀ ਜੀਵਨ ਦੇ ਸੰਗੀਤਕ ਪੱਖ ਬਾਰੇ ਦਿੱਤੀ ਜਾਣਕਾਰੀ ਦੇਂਦਿਆਂ ਇਸ ਪ੍ਰੰਪਰਾ ਨੂੰ ਗੁਰੂ ਨਾਨਕ ਹੱਡ ਲੈਜਾਇਆ ਸਿੰਘ।

ਫਿਰ ਸੇਵਕ ਹਰਪਾਲ ਸਿੰਘ ਨੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ : ਸਤਿਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੀ ਗਈ ਨਾਮ-ਬਾਣੀ ਅਤੇ ਰਾਗ ਦੀ ਪਰੰਪਰਾ, ਦਸਮ ਪਾਤਸ਼ਾਹ ਦੇ ਖਾਲਸੇ ਦੀ ਨਿਆਰੀ ਸ਼ਾਨ-ਪਹਿਚਾਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਪ੍ਰਚਲਿਤ ਰਹਿਤ ਮਰਯਾਦਾ ਨੂੰ ਵਿਸ਼ਵ ਭਰ ਵਿੱਚ ਪ੍ਰਚਾਰਨ-ਪ੍ਰਸਾਰਨ ਲਈ ਸਤਿਗੁਰੂ ਜਗਜੀਤ ਸਿੰਘ ਜੀ ਪੰਜ ਮਹਾਂਦੀਪਾਂ ਵਿੱਚ ਅੱਧੀ ਸਦੀ ਤੋਂ ਵੱਧ ਸਮਾਂ ਭ੍ਰਮਣ ਕੀਤਾ, ਨੂੰ ਸਵੇ ਸੰਮਤਿ ਹਰ ਖੇਤਰ ਵਿੱਚ ਅਗਵਾਈ ਦਿੱਤੀ।

ਸੰਗੀਤ ਦੇ ਖੇਤਰ ਵਿੱਚ ਸਰੋਦ ਸਮਰਾਟ ਉਸਤਾਦ ਅਮਜ਼ਦ ਅਲੀ ਜੀ ਦਾ ਕਥਨ ਹੈ- "ਹਮਾਰੇ ਪਿਤਾ ਜੀ ਹਮੇਸ਼ਾਂ ਕਹਿਤੇ ਥੇ ਸ਼ਾਸ਼ਤਰੀ ਸੰਗੀਤ ਕੀ ਸੇਵਾ ਹਰ ਇਨਸਾਨ ਨਹੀਂ ਕਰ ਸਕਤਾ। ਇਸੇ ਕਰਨੇ ਵਾਲਾ ਬਾਦਸ਼ਾਹ ਹੋ ਯਾ ਫਕੀਰ ਹੋ। ਸਤਿਗੁਰੂ ਜਗਜੀਤ ਸਿੰਘ ਜੀ ਬਾਦਸ਼ਾਹ ਭੀ ਹੈਂ ਔਰ ਫਕੀਰ ਭੀ। ਆਪ ਏਕ ਐਸੀ ਰੌਸ਼ਨੀ ਹੈਂ ਜੋ ਪੂਰੇ ਹਿਦੁਸਤਾਨ ਕੋ ਰਾਸਤਾ ਦਿਖਾ ਰਹੇ ਹੈਂ ਕਿ ਸ਼ਾਸ਼ਤਰੀ ਸੰਗੀਤ ਕਿਆ ਹੈ, ਤਾਰਾਂ ਬੋਲੀਆਂ- ਰਾਗ ਬਿਹਾਗ 'ਚ ਅਲਾਪ ਤੋਂ ਅਰੰਭ ਹੋਇਆ। ਅਲਾਪ, ਜੋੜ ਤੋਂ ਅਰੰਭ ਕਰਕੇ ਵਿਲੰਬਤ ਗਤ ਤਿੰਨ ਤਾਲ ਵਿੱਚ ਸਰੋਦ ਅਤੇ ਤਬਲੇ ਦੇ ਸੰਜੋਗ ਨੇ ਪ੍ਰਵੇਸ਼ ਕੀਤਾ। ਕਾਕਾ ਜੈਤਾ ਸਿੰਘ ਨੇ ਮੱਧਮ ਗਤ ਵੀ ਅਤੇ ਦਰੁਤ ਵੀ ਤਿਨਤਾਲ 'ਚ ਵਜਾਇਆ।

ਸੇਵਕ ਅਨੁਸਾਰ

ਰਾਗ ਕੀ ਹੈ, ਨਾਦ ਕੀ ਹੈ ਅਤੇ ਹੈ ਕੀ ਸੰਗੀਤ,
ਤੇਰੇ ਤੀਕਰ ਪਹੁੰਚਣ ਲਈ ਤੇਰੀ ਬਣਾਈ ਹੈ ਇਹ ਰੀਤ।

ਸ੍ਰੀ ਸਤਿਗੁਰੂ ਜੀ ਦੇ ਨਾਲ ਸੰਤ ਜਗਤਾਰ ਸਿੰਘ ਜੀ, ਬਲਵੰਤ ਸਿੰਘ ਹਜ਼ੂਰੀ ਰਾਗੀ ਅਤੇ ਅੱਜ ਦੇ ਪ੍ਰਮੁੱਖ ਕਲਾਕਾਰ ਸ੍ਰੀ ਉਲਹਾਸ ਜੀ, ਸਾਮਸੀ ਜੀ ਅਤੇ ਸ਼੍ਰੀ ਵਿਨੇ ਮਿਸ਼ਰਾ ਜੀ ਸਭ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਦੇ ਸਾਹਮਣੇ ਜੋਤ ਜਗਾਈ।

ਪੰ. ਉਲਹਾਸ ਜੀ ਆਪਣੇ ਸਾਥੀਆਂ ਨਾਲ ਮੰਚ ਤੇ ਸੁਭਾਇਮਾਨ ਹੋਏ। ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ ਦੀਆਂ ਬੱਚੀਆਂ ਸੁੰਦਰ ਟਰੇਆਂ ਵਿੱਚ ਫੁੱਲਾਂ ਦੇ ਬੁੱਕੇ ਲੈ ਕੇ ਮੰਚ ਤੇ ਕਲਾਕਾਰਾਂ ਦੇ ਸਨਮੁੱਖ ਹਾਜ਼ਰ ਹੋਈਆਂ। ਸ੍ਰੀ ਰਾਜੇਸ਼ ਮਾਲਵੀਆ


Namdhari Elibrary NamdhariElibrary@gmail.com

ਜੀ ਨੇ ਸੰਗੀਤਾਚਾਰੀਆ ਉਸਤਾਦ ਸਾਹਿਬਾਨਾਂ ਨੂੰ ਫੁੱਲ ਭੇਟ ਕਰਕੇ ਸਵਾਗਤ ਕੀਤਾ।

ਸ੍ਰੀ ਉਲਹਾਸ ਜੀ ਨੇ ਮਧੁਰ ਅਤੇ ਗੰਭੀਰ ਸੁਰ 'ਚ 'ਧੰਨ ਧੰਨ ਭਾਗ ..........' ਵਿਲੰਭਤ ਤਿੰਨਤਾਲ ਰਾਗ ਕੇਦਾਰ ਤੋਂ ਆਰੰਭ ਕੀਤਾ। ਜਿਵੇਂ ਆਪ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੀ ਵਰੋਸਾਈ ਨਗਰੀ ਵਿੱਚ ਪਹਿਲੀ ਵੇਰ ਆਉਣ ਤੇ ਆਖ ਰਹੇ ਹੋਣ- ਧੰਨ ਭਾਗ ਹਨ ਮੇਰੇ, ਜੋ ਗੁਰੂ ਦਰਬਾਰ ਵਿਚ ਮੈਂ ਹਾਜ਼ਰੀ ਲਵਾ ਸੱਕਿਆ ਹਾਂ¢ ਫੇਰ ਰਾਗ ਕੇਦਾਰ ਵਿੱਚ ਹੀ ਛੋਟਾ ਖਿਆਲ ਮੱਧਮ ਲੈਅ ਇੱਕ ਤਾਲ ਵਿੱਚ 'ਤੁਮ ਸੁਘੜ ਚਤੁਰ ਬਈਆਂ ਪਕਕਤ ਹੋ ਬਲਮਾਂ ਗਾਇਆ। ਰਾਗ ਕੇਦਾਰ ਸ਼ਿੰਗਾਰ ਰਸ ਪ੍ਰਧਾਨ ਰਾਗ ਹੈ। ਫੇਰ ਜਦੋਂ ਆਪ ਨੇ ਰਾਗ ਕੇਦਾਰ ਦਾ ਦਰੁੱਤ ਤਿੰਨਤਾਲ ਵਿੱਚ ਤਰਾਨਾ ਗਾਇਆ।

ਰਾਗ ਕੇਦਾਰ ਤੋਂ ਕਾਫੀ ਕਾਨੜਾ, ਸ਼ਿੰਗਾਰ ਰਸ ਵਿੱਚੋਂ ਗੰਭੀਰ ਪਰਵਿਰਤੀ 'ਚ ਪ੍ਰਵੇਸ਼ ਹੋਇਆ¢ ਵੱਡਾ ਖਿਆਲ, ਵਿਲੰਭਤ ਤਿਨਤਾਲ 'ਚ 'ਮੋਰੇ ਘਰ ਆਉ ..........' ਦਾ ਗਾਇਨ ਕੀਤਾ ਅਤੇ ਛੋਟਾ ਖਿਆਲ ਮੱਧਮ ਲੈਅ ਤਿੰਨ ਤਾਲ ਵਿੱਚ 'ਸਾਂਵਰੀਆ ਤੋਰੇ ਬਿਨ ਮੋਹੇ ਨੀਂਦ ਨਾ ਆਵਤ ਸਗਰੀ ਰੈਨ' ਗਾਉਂਦਿਆਂ ਸ੍ਰੀ ਉਲਹਾਸ ਜੀ ਨੇ ਸਰੋਤਿਆਂ ਨੂੰ ਬਿਰਹਾ ਰਸ 'ਚ ਗੰਭੀਰ ਕਰ ਦਿੱਤਾ। ਫੇਰ ਆਪ ਨੇ ਰਾਗ ਖਮਾਜ ਛੋਟਾ ਖਿਆਲ-

ਕੋਇਆਲੀਆ ਕੂਕ ਸੁਣਾਵੇ, ਸਖੀ ਰੀ ਮੋਹੇ ਬਿਰਹਾ ਸਤਾਵੇ।
ਉਨ ਬਿਨ ਕਛੂ ਨਾ ਸੁਹਾਵੇ ..............................।

ਸ੍ਰੀ ਸਤਿਗੁਰੂ ਜੀ ਨੇ ਉਸਤਾਦ ਉਲਹਾਸ ਕਸ਼ਾਲਕਰ ਜੀ, ਸ੍ਰੀ ਯੁਗੇਸ਼ ਸਾਮਸੀ ਜੀ, ਸ੍ਰੀ ਵਿਨੋ ਮਿਸ਼ਰਾ ਜੀ ਅਤੇ ਤਾਨਪੁਰੇ ਤੇ ਸੰਗਤ ਕਰ ਰਹੇ ਸ੍ਰੀ ਆਦਿਤਯ ਸ਼ਰਮਾ ਜੀ ਅਤੇ ਪ੍ਰੋ. ਉਜੇਸ਼ ਪ੍ਰਤਾਪ ਸਿੰਘ ਜੀ ਨੂੰ ਸਿਰੋਪਾਓ ਬਖਸ਼ ਕੇ ਸਨਮਾਨਿਤ ਕੀਤਾ।

ਅਗਲਾ ਪ੍ਰੋਗਰਾਮ ਕੱਥਕ ਨ੍ਰਿਤ ਦੀ ਪੇਸ਼ਕਾਰੀ ਲਈ ਮੰਚ ਦੀ ਰੂਪ ਰੇਖਾ ਉਸ ਅਨੁਸਾਰ ਕੀਤੀ ਜਾ ਰਹੀ ਸੀ

ਕਲਾਕਾਰਾਂ ਨੂੰ ਪੇਸ਼ ਕਰਨ ਲਈ ਆਏ ਉਦੋਂ ਹੀ ਸੁਖਵਿੰਦਰ ਸਿੰਘ¢ ਆਪ ਦੇ ਅਨਾਉਂਸ ਕਰਨ ਤੇ ਪ੍ਰੋ. ਕਰਤਾਰ ਸਿੰਘ ਜੀ ਨੇ ਆਪਣੀ ਪੁਸਤਕ 'ਗੁਰਮਤਿ ਸੰਗੀਤ ਦਰਸ਼ਨ' ਦੇ ਤਿੰਨ ਭਾਗ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੇ। ਪ੍ਰੋਫੈਸਰ ਸਾਹਿਬ ਸੰਗੀਤ ਨਾਟਕ ਅਕੈਡਮੀ ਅਵਾਰਡ ਨਾਲ ਸਨਮਾਨਿਤ ਹੋ ਚੁੱਕੇ ਹਨ।

ਮੰਚ ਤੇ, ਕੱਥਕ ਨ੍ਰਿਤ ਲਈ ਜਗ੍ਹਾ ਖਾਲੀ ਕਰ ਦਿੱਤੀ ਗਈ। ਇੱਕ ਪਾਸੇ ਤਬਲਾ, ਮਰਦੰਗ, ਹਰਮੋਨੀਅਮ ਅਤੇ ਦਿਲਰੁਬਾ ਵਾਦਕਾਂ ਲਈ ਬੈਂਚ ਲੱਗ ਗਏ। ਪੰ. ਰਾਜਿੰਦਰ ਗੰਗਾਨੀ, ਸ੍ਰੀ ਫਤਹਿ ਸਿੰਘ ਗੰਗਾਨੀ ਜੀ, ਸ੍ਰੀ ਸੁਖਵਿੰਦਰ ਸਿੰਘ ਜੀ ਨਾਮਧਾਰੀ, ਸ੍ਰੀ ਯੁਗੇਸ਼ ਗੰਗਾਨੀ, ਸ੍ਰੀ ਵਿਜੇ ਪਰੀਹਾਰ ਅਤੇ ਸ੍ਰੀ ਉਦੇ ਸਿੰਘ ਨਾਲ ਮੰਚ ਤੇ ਹਾਜ਼ਰ ਹੋਏ, ਸ੍ਰੀ ਸਤਿਗੁਰੂ ਜੀ ਨੂੰ ਨਤਮਸਤਕ ਹੋਏ, ਸਵਾਗਤ ਵਜੋਂ ਹਾਲ ਤਾਲੀਆਂ ਨਾਲ ਗੂੰਜ ਉੱਠਿਆ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਗੰਗਾਨੀ ਜੀ ਦਾ ਨਾਤਾ ਭਗਤ ਅਤੇ ਭਗਵਾਨ ਵਾਲਾ, ਸ਼ਰਧਾ-ਭਗਤੀ ਵਾਲਾ ਸੀ।

ਸ੍ਰੀ ਰਾਜੇਂਦਰ ਗੰਗਾਨੀ ਜੀ ਨੇ ਨ੍ਰਿਤ ਆਰੰਭ ਬੜੇ ਭਗਤੀ ਭਾਵ ਨਾਲ ਚਾਰ ਤਾਲ ਅਤੇ ਰੂਪਕ ਤਾਲ ਵਿੱਚ ਸ਼ਿਵ-ਸਤੁਤੀ ਕਰਦਿਆਂ ਕੀਤੀ। ਨਟ-ਰਾਜ ਸ਼ਿਵ ਦੀ ਸਤੁਤੀ ਬੜੇ ਸੁਹਜ ਅਤੇ ਗੰਭੀਰ ਅੰਦਾਜ਼ ਵਿੱਚ ਸੀ ਇੱਕ ਪ੍ਰਾਰਥਨਾ ਵਾਂਗ। ਉਪਰੰਤ ਕੱਥਕ ਨ੍ਰਿਤ ਦੀਆਂ ਵੱਖੋ ਵੱਖ ਪੇਸ਼ਕਾਰੀਆਂ ਵਿਲੰਭਤ ਤਿੰਨ ਤਾਲ, ਧਮਾਰ ਤਾਲ ਵਿੱਚ ਜੈਪੁਰ ਘਰਾਣੇ ਦੀਆਂ ਨ੍ਰਿਤ ਬੰਦਿਸ਼ਾਂ ਪੇਸ਼ ਕੀਤੀਆਂ। ਜੈਪੁਰ ਘਰਾਣੇ ਦਾ ਕੱਥਕ ਨ੍ਰਿਤ ਅਤੇ ਬਨਾਰਸ ਘਰਾਣੇ ਦੇ ਪਖਾਵਜ ਦੇ ਅਨੂਠੇ ਸੰਗਮ ਨੇ ਸਰੋਤਿਆਂ ਨੂੰ ਕੀਲ ਲਿਆ।

ਉਪਰੰਤ ਗੰਗਾਨੀ ਜੀ ਨੇ ੩੩ ਚੱਕਰੀ ਪ੍ਰਕਰਮਾ ਦੀ ਸੁੰਦਰ ਪੇਸ਼ਕਾਰੀ ਕੀਤੀ- ਇਹ ੩੩ ਕਰੋੜ ਦੇਵਤਿਆਂ ਦੁਆਰਾ ਭਗਵਾਨ ਦੀ ਪਰਕਰਮਾ ਦੀ ਪ੍ਰਤੀਕ ਵੀ ਹੈ। ਫੇਰ ਜੁਗਲਬੰਦੀ ਗੰਗਾਨੀ ਜੀ ਅਤੇ ਸ੍ਰੀ ਪਿਕੀ ਜੀ ਦੀ, ਗੰਗਾਨੀ ਜੀ ਨੇ ਅਰਜ਼ ਕੀਤੀ ਕਿ ਹੁਕਮ ਹੋਵੇ ਤਾਂ ਤ੍ਰਿਗਲਬੰਦੀ ਪੇਸ਼ ਕਰੀਏ। ਸ੍ਰੀ ਰਾਜੇਂਦਰ ਗੰਗਾਨੀ ਜੀ ਅਤੇ ਫਤਹਿ ਗੰਗਾਨੀ ਜੀ ਅਤੇ ਸ੍ਰੀ ਸੁਖਵਿੰਦਰ ਪਿਕੀ ਜੀ ਦੀ ਤ੍ਰਿਗਲਬੰਦੀ, ਜੋ ਬੋਲ ਪੈਰਾਂ ਰਾਹੀਂ ਘੁੰਗਰੂਆਂ ਵਿਚੋਂ ਨਿਕਲਦੇ, ਓਹੀ ਬੋਲ ਵਾਰੋ ਵਾਰੀ ਦੋਵੇਂ ਤਬਲਾ ਵਾਦਕ ਹੱਥਾਂ ਦੀਆਂ ਉਂਗਲਾਂ ਰਾਹੀਂ ਕੱਢਦੇ। ਗੁਰੂ ਦੇ ਸਨਮੁਖ ਨ੍ਰਿਤ ਬਾਰੇ ਰਾਗ ਗੂਜਰੀ ਵਿੱਚ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ-

ਨਾਚੁ ਰੇ ਮਨ ਗੁਰ ਕੈ ਆਗੈ ॥
ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ
ਅੰਤੇ ਜਮ ਭਉ ਭਾਗੈ ॥

ਕਰੀਬ ਡੇਢ ਘੰਟੇ ਦੀ ਕੱਥਕ ਨ੍ਰਿਤ ਦੀ ਅਦਭੁਤ ਪੇਸ਼ਕਾਰੀ ਉਪਰੰਤ ਸ੍ਰੀ ਰਾਜੇਂਦਰ ਗੰਗਾਨੀ ਜੀ ਬੜੀ ਸੁਹਜ ਅਦਾ ਵਿੱਚ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਨਤਮਸਤਕ ਹੋ ਬੰਦਨਾ ਕੀਤੀ। ਸ੍ਰੀ ਸਤਿਗੁਰੂ ਜੀ ਅਸ਼ੀਰਵਾਦ ਬਖਸ਼ਿਆ।

ਮੰਚ ਤੇ ਸੇਵਕ ਹਰਪਾਲ ਸਿੰਘ ਸਮਾਪਨ ਸ਼ਬਦਾਂ ਨਾਲ ਹਾਜ਼ਰ ਹੋਇਆ:

ਰਾਤ ਦੇ ਸਾਢੇ ਦਸ ਹੋ ਚੁੱਕੇ ਸਨ, ਸ੍ਰੀ ਸਤਿਗੁਰੂ ਜੀ ਨੇ ਕਲਾਕਾਰਾਂ ਨੂੰ ਸਿਰੋਪਾਓ ਬਖਸ਼ ਕੇ ਸਨਮਾਨਿਤ ਕੀਤਾ।


NamdhariElibrary NamdhariElibrary@gmail

# ਸੰਗੀਤ ਸੰਮੇਲਨ : ਦੂਸਰਾ ਦਿਨ

ਸ੍ਰੀ ਕਿਰਪਾਲ ਸਿੰਘ ਪਨੇਸਰ ਨੇ ਤਾਰ ਸ਼ਹਿਨਾਈ ਵਾਦਨ ਰਾਗ ਕਿਰਵਾਨੀ ਮੱਧਮ ਲੈਅ ਇੱਕ ਤਾਲ 'ਚ ਅਰੰਭ ਕੀਤਾ। ਪ੍ਰਕਾਸ਼ ਪੁਰਬ ਤੇ ਸ਼ਹਿਨਾਈ ਵਾਦਨ ਦੀ ਵਰਖਾ ਦਾ ਅਰੰਭ ਹੋ ਗਿਆ¢ ਸੁਰ, ਲੈਅ ਅਤੇ ਤਾਲ ਦਾ ਸੰਗਮ : ਤਬਲੇ ਦੀ ਸੰਗਤ¢ ਸ੍ਰੀ ਕਿਰਪਾਲ ਸਿੰਘ ਪਨੇਸਰ ਅਤੇ ਨੌਜੁਆਨ ਅਜੇਪਾਲ ਸਿੰਘ ਦੀ ਲੈਅ-ਤਾਲ ਦੀ ਮੁਹਾਰਤ ਅਤੇ ਜੁਗਲਬੰਦੀ ਦੇ ਅਨੂਠੇ ਸੰਗਮ ਨੇ ਸਰੋਤਿਆਂ ਨੂੰ ਮੋਹ ਲਿਆ, ਰਾਗ ਕਿਰਵਾਨੀ ਦੱਖਣ ਭਾਰਤੀ ਰਾਗ ਹੈ, ਜੋ ਆਮ ਤੌਰ ਤੇ ਚੰਚਲ ਪ੍ਰਵਿਰਤੀ ਦਾ ਹੈ ਪਰ ਇਸ ਵਿੱਚ ਭਗਤੀ ਰਸ ਵੀ ਵਜਾਇਆ ਜਾਂਦਾ ਹੈ, ਇਹ ਸ਼ਾਮ ਦਾ ਰਾਗ ਹੈ। ਅਖੀਰ ਇਸ ਨਾਮਧਾਰੀ ਜੋੜੀ ਨੇ ਸੁਗਮ ਪਰਿਵਰਤੀ ਦੇ ਰਾਗ ਤਿਲੰਗ ਤਾਲ ਕੈਹਰਵਾ ਵਿਚ ਬੜੀ ਮਨਮੋਹਕ ਧੁਨ ਵਜਾਈ।

ਸੁਖਵਿੰਦਰ ਸਿੰਘ, ਕਲਾਕਾਰਾਂ ਦੇ ਦੂਸਰੇ ਗਰੁੱਪ ਨੂੰ ਪੇਸ਼ ਕਰਨ ਲਈ ਮੰਚ ਤੇ ਹਾਜ਼ਰ ਹੋਏ, ਆਪ ਨੇ ਦੱਸਿਆ ਕਿ ਸ੍ਰੀ ਕਿਰਪਾਲ ਸਿੰਘ ਪਨੇਸਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ-ਬਖਸ਼ਿਸ਼ਾਂ ਦੇ ਪਾਤਰ ਰਹੇ ਹਨ, ਸ੍ਰੀ ਸਤਿਗੁਰੂ ਜੀ ਇਸ ਨੌਜੁਆਨ ਨੂੰ ਰੋਜ਼ਾਨਾ ਇੰਗਲੈਂਡ ਫੋਨ ਕਰਕੇ ਪੁਛਦੇ ਕਿ ਕਿੰਨਾ ਚਿਰ ਰਿਆਜ਼ ਕੀਤਾ ਹੈ, ਕੀ ਗਾਇਆ, ਵਜਾਇਆ ਹੈ? ਇਸ ਤਰ੍ਹਾਂ ਨਿਵਾਜਦੇ ਕਿ ਕਿਰਪਾਲ ਸਿੰਘ ਵਾਸਤੇ ਸੰਗੀਤ ਹੀ ਭਗਤੀ ਬਣ ਗਿਆ, ਸਾਧਨਾ ਬਣ ਗਿਆ।

'ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ............' ਜੋ ਸਤਿਗੁਰ ਨੂੰ ਭਾਉਂਦੇ ਹਨ, ਉਸਨੂੰ ਚੰਗੇ ਲਗਦੇ, ਸਿਫਤ-ਸਲਾਹ ਕਰਦੇ ਹੀ ਗੁਰੂ-ਪਿਆਰੇ ਸ੍ਰੀ ਵੀਰ ਸਿੰਘ ਜੀ ਸਪੁੱਤਰ ਸ੍ਰੀ ਵੀ. ਪੀ. ਸਿੰਘ ਹਨ, ਜਿਨ੍ਹਾਂ ਦੇ ਜੀਵਨ ਦਾ ਇੱਕੋ-ਇੱਕੋ ਮਨੋਰਥ ਹੈ, ਸੰਗੀਤ ਸਿੱਖਣਾ ਅਤੇ ਕੀਰਤਨ ਕਰਨਾ¢ ਆਪ ਦੇ ਨਾਲ ਤਬਲੇ ਤੇ ਸੰਗਤ ਕਰਨਗੇ-ਸ੍ਰੀ ਹਰਪ੍ਰੀਤ ਸਿੰਘ ਜੀ ਸੈਨੂੰ (ਹਜ਼ੂਰੀ ਰਾਗੀ) ਹਰਮੋਨੀਅਮ ਤੇ ਸਾਜਨ ਸਿੰਘ, ਤਾਨਪੁਰੇ ਤੇ ਜਸਵੰਤ ਸਿੰਘ ਅਤੇ ਮਾਨ ਕੌਰ ਸਪੁਤਰੀ ਸਵ. ਸੰਤ ਮੋਹਨ ਸਿੰਘ ਜੀ ਰਾਗੀ, ਨਾਲ ਮੁਖਤਿਆਰ ਕੌਰ।

ਸ੍ਰੀ ਵੀਰ ਸਿੰਘ ਨੇ ਰਾਗ ਮਾਲਕੌਂਸ, ਵੱਡਾ ਖਿਆਲ-'ਜਿਨਕੇ ਮਨ ਰਾਮ ਬਿਰਾਜੇਂ ਵਿਲੰਭਤ ਇਕ ਤਾਲ ਦੀ ਬੰਦਿਸ਼ ਤੋਂ ਅਰੰਭ ਕੀਤਾ। ਮਾਲਕੌਂਸ, ਭੈਰਵੀ ਥਾਟ ਦਾ, ਗੰਭੀਰ ਪਰਿਵਰਤੀ ਦਾ ਰਾਤ ਨੂੰ ਗਾਇਆ ਜਾਣ ਵਾਲਾ ਰਾਗ ਹੈ। ਦੂਸਰੀ ਬੰਦਿਸ਼ ਵੀ ਮਾਲਕੌਂਸ ਵਿਚ ਹੀ, ਛੋਟਾ ਖਿਆਲ ਮਧਮ ਲੈਅ ਇਕ ਤਾਲ ਵਿਚ 'ਮਗ ਰੋਕਤ ਢਟਿ ਲੰਗਰਵਾ......' ਪੇਸ਼ ਕੀਤੀ¢ ਆਖਰੀ ਬੰਦਿਸ਼ 'ਆਜ ਮੋਰੇ ਘਰ ਆਏ ਰੇ ਬਲਮਾਂ' ਦਰੁਤ ਖਿਆਲ ਤਿੰਨਤਾਲ ਵਿੱਚ ਗਾਇਨ ਕੀਤੀ।

ਸ੍ਰੀ ਸਤਿਗੁਰੂ ਜੀ ਨੇ ਵੀਰ ਸਿੰਘ, ਹਰਪ੍ਰੀਤ ਸਿੰਘ ਅਤੇ ਸਹਿਯੋਗੀ ਕਲਾਕਾਰਾਂ ਨੂੰ ਸਿਰੋਪਾਓ ਬਖਸ਼ ਕੇ ਨਿਵਾਜਿਆ।



ਇਸ ਸੰਗੀਤ ਸੰਮੇਲਨ ਵਿਚ ਜਲੰਧਰ ਦੇ ਤਿੰਨ ਸੰਗੀਤਾਚਾਰੀਆ ਨੂੰ 'ਸਤਿਗੁਰੂ ਜਗਜੀਤ ਸਿੰਘ ਸੰਗੀਤ ਸਨਮਾਨ' ਨਾਲ ਸਨਮਾਨਿਤ ਕੀਤਾ।-ਪ੍ਰਸਿੱਧ ਸਿਤਾਰ ਵਾਦਕ ਪੰ. ਵਰਿੰਦਰ ਕੁਮਾਰ ਜੀ, ਤਬਲਾ ਵਾਦਕ ਪੰ: ਰਮਾਂਕਾਤ ਜੀ ਅਤੇ ਗਾਇਨ ਦੇ ਉਸਤਾਦ ਪ੍ਰੋਫੈਸਰ ਕਿਰਪਾਲ ਸਿੰਘ ਜੀ ਸਭ ਤੋਂ ਪਹਿਲੋਂ ਪੰਡਿਤ ਵਰਿੰਦਰ ਕੁਮਾਰ ਜੀ ਦਾ ਮਾਣ ਪੱਤਰ ਰਾਗੀ ਹਰਨਾਮ ਸਿੰਘ ਉਰਫ ਹਰਜਿੰਦਰ ਸਿੰਘ ਨੇ ਪੜ੍ਹਿਆ। ਮਾਣ ਪੱਤਰ ਦਾ ਸੰਖੇਪ ਸਾਰ ਹੈ-ਉਸਤਾਦ ਲਛਮਣ ਦਾਸ ਜੀ ਦੇ ਫਰਜ਼ੰਦ ਪੰ: ਵਰਿੰਦਰ ਕੁਮਾਰ ਜੀ ਨੇ ਪ੍ਰਯਾਗ ਰਾਜ ਸੰਗੀਤ ਸਮਿਤੀ ਤੋਂ ਇੰਸਟਰੂਮੈਂਟਲ ਮਿਊਜ਼ਿਕ ਵਿਚ ਮਾਸਟਰ ਡਿਗਰੀ ਹਾਸਲ ਕੀਤੀ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਿਰਪਾ ਦ੍ਰਿਸ਼ਟੀ ਹੋਈ ਤਾਂ ੧੯੭੪ ਵਿਚ ਉਸਤਾਦ ਵਲੈਤ ਹੁਸੈਨ ਖਾਂ ਸਾਹਿਬ ਤੋਂ ਸਿਤਾਰ ਦੀ ਉਚੇਰੀ ਸਿੱਖਿਆ ਗ੍ਰਹਿਣ ਕੀਤੀ¢ ੧੯੮੮ ਈ: ਵਿਚ ਦਿੱਲੀ ਯੂਨੀਵਰਸਿਟੀ ਤੋਂ ਐਮ.ਫਿਲ. ਅਤੇ ੨੦੦੧ ਵਿਚ ਆਪ ਨੇ 'ਟੈਕਨੀਕਲ ਡਿਵੈਲਪਮੈਂਟ ਇਨ ਸਿਤਾਰ ਪਲੇਇੰਗ ਇਨ ਮਾਡਰਨ ਪੀਰੀਅਡ 'ਤੇ ਥੀਸਿਸ ਲਿਖਕੇ-ਪੀ.ਐਚ.ਡੀ.ਦੀ ਡਿਗਰੀ।

ਦੂਸਰਾ ਮਾਣ ਪੱਤਰ ਪ੍ਰੋ: ਕਿਰਪਾਲ ਸਿੰਘ ਜੀ ਜੰਡੂ ਬਾਰੇ ਸੁਖਵਿੰਦਰ ਸਿੰਘ ਲਾਇਲ ਨੇ ਪੜਿਆ-ਮਾਣ ਪੱਤਰ ਦਾ ਸੰਖੇਪ ਸਾਰ ਹੈ: "ਪਿਤਾ ਸਰਦਾਰ ਜਗਜੀਤ ਸਿੰਘ ਜੀ ਦੇ ਸੁਯੋਗ ਸਪੁਤਰ ਨੂੰ ਬਾਣੀ ਅਤੇ ਸੰਗੀਤ ਦੀ ਗੁੜਤੀ ਆਪਣੇ ਤਾਇਆ ਪਰਮਾਤਮਾ ਸਿੰਘ ਜੀ ਤੋਂ ਪ੍ਰਾਪਤ ਹੋਈ¢ ਕਲਾਸੀਕਲ ਗਾਇਨ ਦੀ ਉਚੇਰੀ ਸਿੱਖਿਆ ਆਪਣੇ ਬਾਬਾ ਹਰਿੱਵਲਭ ਸੰਗੀਤ ਅਕੈਡਮੀ ਵਿਖੇ ਪੰਡਿਤ ਹਰੀਸ਼ ਚੰਦਰ ਬਾਲੀ ਜੀ ਤੋਂ ਪ੍ਰਾਪਤ ਕੀਤੀ-ਵੱਖੋ ਵੱਖ ਸੰਗੀਤ ਅਦਾਰਿਆਂ ਵਿਚ ਆਪ ਨੇ ਬਤੌਰ ਸੰਗੀਤ ਉਸਤਾਦ ਪਿਛਲੇ ੨੯ ਸਾਲ ਵਿਚ ਪੱਚੀ ਹਜ਼ਾਰ ਵਿਦਿਆਰਥੀਆਂ ਨੂੰ ਸੰਗੀਤ ਸਿਖਿਆ ਦਿੱਤੀ। ਸ੍ਰੀ ਸਤਿਗੁਰੂ ਜੀ ਨੇ ਉਸਤਾਦ ਕਿਰਪਾਲ ਸਿੰਘ ਜੀ ਨੂੰ ਸਿਰੋਪਾਓ-ਸਨਮਾਨ ਬਖਸ਼ ਕੇ ਨਿਵਾਜਿਆ।

ਉਪਰੰਤ ਜਲੰਧਰ ਦੀ ਹੀ ਜਾਣੀ-ਪਹਿਚਾਣੀ ਹਸਤੀ ਪੰ. ਰਮਾਕਾਂਤ ਜੀ ਮੰਚ ਤੇ ਹਾਜ਼ਰ ਹੋਏ। ਮਾਣ ਪੱਤਰ ਪੜ੍ਹਦਿਆਂ ਹਰਪਾਲ ਸਿੰਘ ਸੇਵਕ ਨੇ ਦੱਸਿਆ ਕਿ "ਖਿਆਲ ਗਾਇਕੀ ਦੇ ਖੇਤਰ ਵਿੱਚ ਮਕਬੂਲ ਸਖਸ਼ੀਅਤ ਪੰਡਿਤ ਕੁੰਜ ਲਾਲ ਜੀ ਦੇ ਸਪੁੱਤਰ ਪੰਡਿਤ ਰਮਾਕਾਂਤ ਜੀ ਨੇ ਮੁਢਲੀ ਸਿਖਿਆ ਆਪਣੇ



ਪਿਤਾ ਜੀ ਪਾਸੋਂ ਅਤੇ ਤਬਲੇ ਦੀ ਉਚੇਰੀ ਸਿਖਿਆ ਪੰਜਾਬ ਘਰਾਣੇ ਦੇ ਪ੍ਰਸਿੱਧ ਉਸਤਾਦ ਸ੍ਰੀ ਬਹਾਦਰ ਸਿਘ ਜੀ ਤੋਂ ਪ੍ਰਾਪਤ ਕੀਤੀ। ਆਪ ਵਿਸ਼ਵ ਭਰ ਵਿੱਚ ਵੱਡੇ ਸੰਗੀਤਾਚਾਰੀਯ ਉਸਤਾਦਾਂ ਨਾਲ ਤਬਲੇ ਤੇ ਸੰਗਤ ਕਰ ਚੁੱਕੇ ਹਨ ਅਤੇ ਬਹੁਤ ਸਾਰੇ ਮਾਣ-ਸਨਮਾਨ ਆਪ ਨੇ ਪ੍ਰਾਪਤ ਕੀਤੇ ਹਨ। ਸ੍ਰੀ ਸਤਿਗੁਰੂ ਜੀ ਨੇ ਪੰਡਿਤ ਰਮਾਕਾਂਤ ਜੀ ਨੂੰ ਸਨਮਾਨ ਬਖਸ਼ ਕੇ ਨਿਵਾਜਿਆ।

ਕਲਾ ਨਾਲ ਸਪੁਤਰ ਮੰਚ ਤੇ ਜਿਉਂ ਹੀ ਉਸਤਾਦ ਜ਼ਾਕਿਰ ਹੁਸੈਨ ਜੀ, ਸ੍ਰੀ ਫਜ਼ਲ ਜੀ ਅਤੇ ਸ੍ਰੀ ਤੌਫੀਕ ਕੁਰੈਸ਼ੀ ਜੀ ਹਾਜ਼ਰ ਹੋਏ, ਹਾਲ ਤਾੜੀਆਂ ਨਾਲ ਗੂੰਜ ਉਠਿਆ। ਸ੍ਰੀ ਸਤਿਗੁਰੂ ਜੀ ਨਾਲ ਉਸਤਾਦ ਜ਼ਾਕਿਰ ਜੀ, ਸ੍ਰੀ ਫਜ਼ਲ ਜੀ, ਸ੍ਰੀ ਕੁਰੈਸ਼ੀ ਜੀ, ਸ੍ਰੀ ਜੋਗਲੇਕਰ ਜੀ, ਸੰਤ ਜਗਤਾਰ ਸਿਘ ਜੀ ਅਤੇ ਸ੍ਰੀ ਬਲਵੰਤ ਸਿਘ ਆਦਿ ਸਭ ਨੇ ਜੋਤ ਪ੍ਰਜਵਲਤ ਕਰਨ ਦੀ ਰਸਮ ਅਦਾ ਕੀਤੀ। ਜਿਉਂ ਹੀ ਸ੍ਰੀ ਜ਼ਾਕਿਰ ਜੀ ਨੇ ਵੇਖਿਆ ਕਿ ਸ੍ਰੀ ਮਾਤਾ ਜੀ ਸਾਮ੍ਹਣੇ ਸੰਗਤ ਵਿਚ ਸਭ ਤੋਂ ਅੱਗੇ ਬੀਬੀਆਂ ਵਾਲੇ ਪਾਸੇ ਬੈਠੇ ਹਨ, ਆਪ ਉਸੇ ਵੇਲੇ ਚਾਰ ਫੁੱਟ ਉੱਚੇ ਮੰਚ ਤੋਂ ਸਿੱਧਾ ਹੇਠਾਂ ਉੱਤਰੇ, ਛਾਲ ਮਾਰ ਕੇ ਬੜੇ ਹੀ ਅਦਬ ਸਹਿਤ ਮਾਤਾ ਚੰਦ ਕੌਰ ਜੀ ਨੂੰ ਮੱਥਾ ਟੇਕਿਆ।

ਮੰਚ ਤੇ ਪੰਜਾਬ ਦੇ ਪ੍ਰਸਿੱਧ ਵਿਦਵਾਨ ਅਤੇ ਅਰਥ ਸ਼ਾਸ਼ਤਰੀ ਸ੍ਰੀ ਸਰਦਾਰਾ ਸਿਘ ਜੌਹਲ ਵੀ. ਸੀ. ਕੇਂਦਰੀ ਯੂਨੀਵਰਸਿਟੀ, ਪ੍ਰਸਿੱਧ ਗਾਇਕ ਸ੍ਰੀ ਦੇਵ ਦਿਲਦਾਰ ਜੀ, ਪ੍ਰਸਿੱਧ ਤਬਲਾ ਵਾਦਕ ਸ੍ਰੀ ਸੁਸ਼ੀਲ ਕੁਮਾਰ ਜੈਨ ਜੀ ਅਤੇ ਸ੍ਰੀਮਤੀ ਸਰੋਜ ਕੁਮਾਰੀ ਪਤਨੀ ਸ. ਰਣਜੀਤ ਸਿਘ ਡਰਬੀ ਨੇ ਉਸਤਾਦ ਕਲਾਕਾਰਾਂ ਨੂੰ ਫੁੱਲਾਂ ਦੇ ਬੁਕੇ ਭੇਟ ਕਰਕੇ ਅਭਿਨੰਦਨ ਕੀਤਾ।

ਮੰਚ ਤੇ ਸਭ ਤੋਂ ਪਹਿਲਾਂ ਉਸਤਾਦ ਜ਼ਾਕਿਰ ਹੁਸੈਨ ਜੀ ਅਤੇ ਹਰਮੋਨੀਅਮ ਤੇ ਸ੍ਰੀ ਅਜੈ ਜੋਗਲੇਕਰ ਜੀ ਸੰਗੀਤ ਪ੍ਰੇਮੀਆਂ ਦੇ ਸਨਮੁਖ ਹੋਏ।

ਉਸਤਾਦ ਜ਼ਾਕਿਰ ਜੀ ਦੀ ਤਬਲੇ ਤੇ ਪਹਿਲੀ ਥਾਪ ਨਾਲ ਹੀ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਆਪ ਨੇ ਪੰਜਾਬ ਘਰਾਣੇ ਦੇ ਉਪਜ ਅੰਗ ਦੀ ਪੇਸ਼ਕਾਰ ਵਿਲੰਬਤ ਤਿੰਨਤਾਲ ਵਿੱਚ ਅਰੰਭ ਕੀਤਾ। ਕੁਝ ਸਮੇਂ ਦੇ ਸ੍ਰੀ ਜ਼ਾਕਿਰ ਹੁਸੈਨ ਜੀ ਦੇ ਵਾਦਨ ਉਪਰੰਤ ਮੰਚ ਤੇ ਸ੍ਰੀ ਫਜ਼ਲ ਕੁਰੈਸ਼ੀ ਜੀ ਵੀ ਹਾਜ਼ਰ ਹੋਏ ਆਪਣੇ ਤਬਲੇ ਨਾਲ¢ ਸ੍ਰੀ ਫਜ਼ਲ ਜੀ ਨੇ ਆਪਣੇ ਵੱਡੇ ਭਾਈ ਦੇ ਪੈਰ ਛੂਹੇ, ਸਿਰ ਨਿਵਾਇਆ ਅਤੇ ਸ੍ਰੀ ਸਤਿਗੁਰੂ ਜੀ ਤੋਂ ਹੱਥ ਜੋੜ ਕੇ ਨਿਮਰਤਾਪੂਰਵਕ ਵਾਦਨ ਅਰੰਭ ਕਰਨ ਦੀ ਆਗਿਆ ਮੰਗੀ।

ਦੋਹਾਂ ਭਰਾਵਾਂ ਨੇ ਪੰਜਾਬੀ ਧਮਾਰ ਚੌਦਾਂ ਮਾਤਰ ਪੇਸ਼ਕਾਰ ਤੋਂ ਆਰੰਭ ਕੀਤਾ। ਧਰੁਪਦ ਸ਼ੈਲੀ ਵਿੱਚ ਪੰਜਾਬੀ ਧਮਾਰ ਵਿਲੰਭਤ ਅਤੇ ਮੱਧਮ ਲੈਅ ਵਿੱਚ ਵਜਇਆ ਜਾਂਦਾ ਹੈ। ਇਸ ਵਿੱਚ ਵੀ ਆਪ ਨੇ ਤਾਲ-ਵਾਦਨ ਦੇ ਪਹਿਲੇ ਪੜਾਅ ਦੀ ਪੇਸ਼ਕਾਰੀ ਵਿੱਚ ਕਾਇਦਾ, ਚਲਨ ਅਤੇ ਰੇਲਾ ਪੇਸ਼ ਕੀਤਾ।

ਸ੍ਰੀ ਤੌਫੀਕ ਕੁਰੈਸ਼ੀ ਜੀ ਆਪਣੇ ਸਾਜ ਜ਼ੇਂਬੇ ਨਾਲ ਹਾਜ਼ਰ ਹੋਏ, ਆਪ ਨੇ ਵੀ ਅਦਬ-ਅਦਾਬ ਦੀ ਮਰਯਾਦਾ ਪੂਰੀ ਤਰ੍ਹਾਂ ਨਿਭਾਈ। ਜ਼ੇਂਬੇ ਜੋ ਖੜ੍ਹੇ ਹੋ ਕੇ ਵਜਾਇਆ ਜਾਂਦਾ ਹੈ, ਉਪਰ-ਹੇਠਾਂ ਅਤੇ ਵਾਦਨ ਦੇ ਸ਼ਬਦਾਂ ਨੂੰ ਬੋਲਣ ਲਈ ਮਾਈਕ ਸੈਟ ਕੀਤੇ ਗਏ। ਸ੍ਰੀ ਜ਼ਾਕਿਰ ਜੀ ਅਤੇ ਸ੍ਰੀ ਤੌਫੀਕ ਜੀ ਨੇ ਗਿਆਰਾਂ ਮਾਤਰ ਵਿੱਚ ਚਾਰ ਤਾਲ ਦੀ ਸਵਾਰੀ ਤੋਂ ਅਰੰਭ ਕੀਤਾ¢ ਇਸਨੂੰ ਚੰਪਕ ਸਵਾਰੀ ਵੀ ਕਿਹਾ ਜਾਂਦਾ ਹੈ ਜੋ ਉਪਜ ਅੰਗ ਦੀ ਪੇਸ਼ਕਾਰੀ ਹੈ। ਦੋਹਾਂ ਭਰਾਵਾਂ ਦੇ ਵਾਦਨ ਵਿੱਚ ਤਰ੍ਹਾਂ-ਤਰ੍ਹਾਂ ਦੀ ਵੰਨਗੀ ਸੀ- ਚਲਨ, ਮੁਖੜੇ, ਰੇਲਾ, ਛੰਦਕਾਰੀ ਅਤੇ ਚੱਕਰਦਾਰ ਤਿਹਾਈਆਂ ਦੁਆਰਾ ਤਬਲਾ ਅਤੇ ਜ਼ੇਂਬੇ ਦੀ ਸਾਂਝੀ ਸੰਗਤ ਪੰਜਾਬ ਦੇ ਬਹੁਤ ਸਾਰੇ ਸੰਗੀਤ ਪ੍ਰੇਮੀਆਂ ਨੂੰ ਪਹਿਲੀ ਵੇਰ ਹੀ ਸੁਨਣ ਨੂੰ ਮਿਲੀ।

ਆਖ਼ਰੀ ਪੜਾਅ ਤੇ ਤਿੰਨਾਂ ਭਰਾਵਾਂ ਦਾ ਵਾਦਨ ਤਿੰਨ ਤਾਲ ਦੁਰੱਤ ਲੈਅ ਵਿੱਚ ਪੰਜਾਬ ਘਰਾਣੇ ਦੀਆਂ ਬੰਦਿਸ਼ਾਂ ਤੋਂ ਆਰੰਭ ਹੋਇਆ। ਦੋਵੇਂ ਤਬਲਿਆਂ ਅਤੇ ਜ਼ੇਂਬੇ ਤੇ ਫਰਮਾਇਸ਼ੀ ਚਕਰਦਾਰ ਅਤੇ ਚਕਰਦਾਰ ਵਾਦਨ ਕੀਤਾ¢ ਅਖੀਰ ਤੇ ਰੇਲਾ ਵਾਦਨ ਦੀ ਅਦਭੁੱਤ ਪੇਸ਼ਕਾਰੀ। ਉਸਤਾਦ ਜ਼ਾਕਿਰ ਜੀ ਅਤੇ ਆਪ ਦੇ ਭਰਾਵਾਂ ਦੀ ਪੇਸ਼ਕਾਰੀ ਵਿੱਚ ਇੱਕ ਵਿਅਕਤੀਗਤ ਵਿਲੱਖਣਤਾ ਹੈ ਕਿ ਇਹਨਾਂ ਦੀ ਪੇਸ਼ਕਾਰੀ ਵਿੱਚ ਵੱਡੇ ਉਸਤਾਦਾਂ ਵਾਲੀ ਗੰਭੀਰਤਾ ਨਹੀਂ ਸੀ, ਸਗੋਂ ਬਚਪਨ ਦਾ ਖੇੜਾ, ਸਾਦਗੀ, ਚੰਚਲਤਾ ਅਤੇ ਮਾਸੂਮੀਅਤ ਇਨ੍ਹਾਂ ਮਹਾਨ ਕਲਾਕਾਰਾਂ ਨੇ ਪ੍ਰਭੁਤਾ, ਮਹਾਨਤਾ ਅਤੇ ਸ਼ੋਭਾ ਵਿੱਚ ਗਵਾਚਣ ਨਹੀਂ ਦਿੱਤੀ।

ਫਿਰ ਸੇਵਕ ਹਰਪਾਲ ਸਿਘ ਸਰੋਤਿਆਂ ਦੇ ਰੂਬਰੂ ਹੋਏ:

ਮੇਰੀ ਝੋਲੀ ਵਿੱਚ ਪੈ ਗਏ, ਤਾਰਿਆਂ ਦੇ ਫੁੱਲ ਕਿਰ ਕਿਰ ਕੇ।

ਕਿਸੇ ਰਾਤ ਦੇ ਰੁੱਖ ਦੀ, ਕੋਈ ਟਾਹਣੀ ਹਿਲਾ ਦਿੱਤੀ।

ਸਚਮੁੱਚ ਹੀ ਤਾਰੇ ਜ਼ਮੀਨ ਤੇ ਆ ਗਏ, ਫੁੱਲਾਂ ਨਾਲ ਸਾਡੀਆਂ ਸਭ ਝੋਲੀਆਂ ਭਰ ਗਈਆਂ- ਇਹ ਹੈ ਸੰਗੀਤ ਦਾ ਕੁੰਭ, ਰਿਦਮ ਦੀ ਤ੍ਰਿਵੇਣੀ, ਇਹ ਸਨ ਬੋਲਦੇ ਹੱਥ, ਸੁਣਦੀਆਂ ਅੱਖਾਂ ਅਤੇ ਨੱਚ ਰਹੀ ਫਿਜ਼ਾ।

ਕਿਹਾ, "ਪਰਮ ਸਤਿਕਾਰਯੋਗ ਸ੍ਰੀ ਸਤਿਗੁਰੂ ਉਦੇ ਸਿਘ ਜੀ, ਮੇਰੇ ਸਨਮੁਖ ਸੁਸ਼ੋਭਤ ਸਾਧ ਸੰਗਤ- ਕਲਾ ਨੂੰ, ਹੁਨਰ ਨੂੰ, ਸ਼ਾਇਰੀ ਨੂੰ ਪਿਆਰ ਕਰਨ ਵਾਲੇ ਵਿਸ਼ੇਸ਼ ਮਹਿਮਾਨ, ਸੰਗੀਤ ਸਮਰਾਟ, ਸਾਡੇ ਆਪਣੇ ਕਲਾਕਾਰ, ਸਾਡੀ ਜਿੰਦ ਜਾਨ।


hari Elibrary mdhariElibrary@gm

ਸਤਿਗੁਰੂ ਜਗਜੀਤ ਸਿੰਘ ਜੀ ਦੀ ਹਾਜ਼ਰੀ ਵਿੱਚ ਜਿਹੜਾ ਮੈਂ ਆਖਰੀ ਗੀਤ ਪੜ੍ਹਿਆ ਸੀ, ਉਹਦੇ ਸ਼ਬਦ ਸਨ:

ਹਰ ਰੁੱਖ ਸਾਜ ਰਿਹਾ ਵਜਦਾ ਹੈ
ਪੱਤਾ-ਪੱਤਾ ਸੁਰ ਲੱਗਦਾ ਹੈ,
ਇਹ ਦਰਬਾਰ ਸਦਾ ਸਜਦਾ ਹੈ,
ਰਿਸ਼ਮਾਂ ਕਿਰਨਾਂ ਬੁਣਨ ਚੰਦੋਏ,
ਤੇਰੀ ਲੋਏ, ਲਫਜ਼ ਪਰੋਏ ................

ਏਸੇ ਧਰਤੀ ਤੇ ਪਹਿਲੀ ਵੇਰ ਵੇਖਿਆ ਸੀ- ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁਖ ਉਸਤਾਦ ਵਾਲਇਤ ਖਾਂ ਦਾ ਸਿਤਾਰ ਵਾਦਨ ਸੁਣਿਆ ਸੀ। ਔਰ ਇਹ ਸੰਗੀਤ ਸੁਣਦਿਆਂ ਕਿਹੜੇ ਕਿਹੜੇ ਮੰਜ਼ਰਾਂ ਚੋਂ ਅਸੀਂ ਲੰਘੇ ਹਾਂ- ਉਸਤਾਦ ਜਾਕਿਰ ਹੁਰਾਂ ਦੇ ਨਾਲ ਬੇਸ਼ਕ ਅੱਲਾ ਦਾ ਫਜ਼ਲ ਹਮੇਸ਼ਾ ਹੀ ਸੀ- ਹਮੇਸ਼ਾ ਹੀ ਉਨ੍ਹਾਂ ਦੇ ਕੋਲ ਤੌਫੀਕ ਸੀ ਪਰ ਅਸੀਂ ਉਨ੍ਹਾਂ ਦੇ ਨਾਲ ਉਸ ਫਜ਼ਲ ਨੂੰ ਅਤੇ ਤੌਫੀਕ ਨੂੰ ਸਾਖਸ਼ਾਤ ਰੂਪ ਵੇਖਿਆ। ਇਹਨਾਂ ਤਿਨਾਂ ਭਰਾਵਾਂ ਦੀ ਪਰਫਾਰਮੈਂਸ ਵੇਖ ਕੇ, ਸੁਣ ਕੇ, ਹੈਰਾਨੀ ਹੁੰਦੀ ਸੀ ਕਿ ਕਿੰਨੀ ਮਿਹਨਤ, ਕਿੰਨੀ ਲਗਨ, ਕਿੰਨੀ ਸਾਧਨਾ ਇਨ੍ਹਾਂ ਦੇ ਪਿਛੇ ਹੋਵੇਗੀ ਜਿਹੜੇ ਇਸ ਮੁਕਾਮ ਤੇ ਪੁੱਜੇ ਹਨ। ਅਣਥੱਕ ਕਿਸਮ ਦੇ ਪਰਫਾਰਮਰ, ਏਨੀ ਊਰਜਾ ਭਰੇ, ਏਨੀ ਸ਼ਕਤੀ ਭਰੇ ਪਰਫਾਰਮਰ ਕਿ ਆਖਰੀ ਆਈਟਮ ਤੱਕ ਉਹ ਤਰੋਤਾਜ਼ਾ ਸਨ, ਭਰਪੂਰ ਸਨ, ਜਿਸ ਤਰ੍ਹਾਂ ਬਾਵਾ ਬਲਵੰਤ ਨੇ ਕਿਹਾ ਹੈ:

ਕਿਸ ਤਰ੍ਹਾਂ ਪੂਰਨ ਹੁਨਰ ਦਰਸ਼ਨ ਦਏ,
ਜ਼ਿੰਦਗੀ ਜੇ ਉਸਦੇ ਅਰਪਨ ਨਹੀਂ।

ਇਹਨਾਂ ਲੋਕਾਂ ਨੇ ਕਲਾ ਨੂੰ, ਸੰਗੀਤ ਨੂੰ ਜ਼ਿੰਦਗੀ ਅਰਪਨ ਕੀਤੀ ਹੈ ਮੈਂ ਸ੍ਰੀ ਸਤਿਗੁਰੂ ਜੀ ਅਤੇ ਨਾਲ ਹੀ ਮੈਂ ਉਸਤਾਦ ਅੱਲਾ ਰੱਖਾ ਜੀ, ਜਿਨ੍ਹਾਂ ਦੇ ਇਹ ਫਰਜ਼ੰਦ ਨੇ, ਉਹਨਾਂ ਦੀ ਪਿਆਰੀ ਯਾਦ ਅੱਗੇ ਵੀ ਸਿਰ ਝੁਕਾਉਂਦਾ ਹਾਂ ਪਾਤਰ ਜੀ ਨੇ ਆਦੇਸ਼ ਅਨੁਸਾਰ ਤਰੰਨਮ ਵਿੱਚ ਗ਼ਜ਼ਲ ਗਾਈ।

ਅਸਾਡੀ ਤੁਸਾਡੀ ਮੁਲਾਕਾਤ ਹੋਈ
ਜਿਵੇਂ ਬਲਦੇ ਜੰਗਲ ਤੇ ਬਰਸਾਤ ਹੋਈ।
ਸੀ ਚਾਰੋ ਦਿਸ਼ਾ ਰਾਤ ਹੀ ਰਾਤ ਹੋਈ,
ਤੇਰਾ ਮੁਖੜਾ ਦਿਸਿਆ ਤਾਂ ਪਰਭਾਤ ਹੋਈ।
ਤੂੰ ਤੱਕਿਆ ਤਾਂ ਰੁੱਖਾਂ ਨੂੰ ਫੁੱਲ ਪੈ ਗਏ ਸਨ,
ਮੇਰੇ ਤੱਕਦੇ ਤੱਕਦੇ ਇਹ ਕਰਾਮਾਤ ਹੋਈ।
ਰਗਾਂ ਰਾਗ ਹੋਈਆਂ, ਲਹੂ ਲਫਜ਼ ਬਣਿਆ,
ਕਵੀ ਤੇ ਕਵਿਤਾ ਦੀ ਇੱਕ ਜਾਤ ਹੋਈ।
ਅਸਾਡੀ ਤੁਹਾਡੀ ਮੁਲਾਕਾਤ ਹੋਈ।



ਮੰਚ ਸੰਚਾਲਕ ਨੇ ਸਮੂਹ ਸੰਗਤ ਵਲੋਂ ਨਿਮਰਤਾ ਸਹਿਤ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਕਲਿਆਣਕਾਰੀ ਪ੍ਰਵਚਨ ਦੇਣ ਲਈ ਬੇਨਤੀ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸੰਖੇਪ ਸਮਾਪਨ ਪ੍ਰਵਚਨ ਦਿੱਤੇ।

ਉਪਰੰਤ ਸਤਿਗੁਰੂ ਜੀ ਨੇ ਕਿਰਪਾ ਕੀਤੀ-

ਆਦਰਣੀਯ ਉਸਤਾਦ ਜ਼ਾਕਿਰ ਹੁਸੈਨ ਜੀ, ਤੌਫੀਕ ਜੀ, ਫਜ਼ਲ ਜੀ ਅਤੇ ਜੋਗਲੇਕਰ ਜੀ, ਯੁਗੇਸ਼ ਜੀ, ਜੈਨ ਸਾਹਿਬ, ਜੌਹਲ ਸਾਹਿਬ, ਮਾਣਯੋਗ ਸੰਤ ਜਸਵੰਤ ਸਿੰਘ ਜੀ ਨਾਨਕਸਰ ਵਾਲੇ- ਆਪ ਨੇ ਜੋ ਸੰਗੀਤ ਸੁਣਿਆ ਹੈ, ਪਾਤਰ ਜੀ ਦੇ ਸ਼ਬਦ ਸੁਣੇ ਹਨ ਉਸਤੋਂ ਬਾਦ ਕੁਝ ਕਹਿਣ ਦੀ ਜ਼ਰੂਰਤ ਨਹੀਂ ਸੀ¢ ਇਹ ਮੇਰੇ, ਤੁਹਾਡੇ, ਜਾਕਿਰ ਜੀ ਦੇ, ਫਜ਼ਲ ਜੀ ਅਤੇ ਤੌਫੀਕ ਜੀ ਦੇ ਸ਼ਰਧਾ ਦੇ ਫੁੱਲ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਔਰ ਸਾਡੀ ਅਰਦਾਸ ਹੈ, ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ, ਇਸੇ ਤਰ੍ਹਾਂ ਹੀ ਉਨ੍ਹਾਂ ਦਾ ਆਸ਼ੀਰਵਾਦ ਸਾਡੇ ਤੇ ਬਣਿਆ ਰਹੇ¢ ਅਸੀਂ ਉਨ੍ਹਾਂ ਦੇ ਬਖਸ਼ੇ ਸੰਗੀਤ ਦੀ ਏਸੇ ਤਰ੍ਹਾਂ ਸੇਵਾ ਕਰਦੇ ਰਹੀਏ¢ ਨਾਮਧਾਰੀਆਂ ਵਾਸਤੇ ਜੋ ਕੁਝ ਪਾਤਰ ਜੀ ਨੇ ਕਿਹਾ ਹੈ ਅਤੇ ਜੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਡੇ ਵਾਸਤੇ ਲੀਹਾਂ ਪਾਈਆਂ ਨੇ, ਸਾਡੇ ਤੇ, ਨਾਮਧਾਰੀਆਂ ਵਾਸਤੇ ਬੜੀ ਵੱਡੀ ਜ਼ੁੰਮੇਵਾਰੀ ਬਣ ਜਾਂਦੀ ਹੈ ਕਿ ਅਸੀਂ ਸੱਚੇ ਪਾਤਸ਼ਾਹ ਜੀ ਦੇ ਪਦ-ਚਿੰਨ੍ਹਾਂ ਤੇ ਚਲਦਿਆਂ ਉਹਨਾਂ ਦਾ ਨਾਮ ਹੋਰ ਉੱਚਾ ਕਰੀਏ¢ ਮੇਰੇ ਵਿੱਚ ਜਿਨ੍ਹਾਂ ਸਿੰਘਾਂ, ਬੀਬੀਆਂ ਭੈਣਾਂ ਨੇ ਸੇਵਾ ਕੀਤੀ ਹੈ, ਉਹ ਤੁਹਾਡੀ ਸੇਵਾ ਮਹਾਨ ਹੈ¢ ਤੁਸੀਂ ਸਾਰਿਆਂ ਨੇ ਇਹ ਸੇਵਾ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਖੁਸ਼ੀ ਲਈ ਕੀਤੀ ਹੈ ਔਰ ਜਿਹੜੇ ਸੰਗੀਤਕਾਰ ਉਸਤਾਦ ਸਾਹਿਬਾਨ ਏਥੇ ਪਰਫਾਰਮ ਕਰਨ ਆਏ ਨੇ ਉਹ ਵੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਪ੍ਰਤੀ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਹੀ ਆਏ ਹਨ¢ ਏਸੇ ਆਸ ਨਾਲ ਅਰਦਾਸ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਦੇ ਰਹਿਣ, ਅਸੀਂ ਉਹਨਾਂ ਦੇ ਸੰਗੀਤ ਦੀ ਸੇਵਾ ਕਰਦੇ ਰਹੀਏ¢ ਇਸ ਸੰਗੀਤ ਨਾਲ ਸਾਨੂੰ ਸ਼ਾਂਤੀ ਮਿਲੇ ਅਤੇ ਉਹ ਸ਼ਾਂਤੀ ਸਾਰੀ ਦੁਨੀਆਂ ਵਿੱਚ ਫੈਲੇ¢ ਏਨੀਆਂ ਅਰਜ਼ਾਂ ਕਰਕੇ ਹੀ ਖਿਮਾਂ ਦਾ ਜਾਚਕ ਹਾਂ¢ ਸਾਧ ਸੰਗਤ ਨੇ ਸੀਸ ਨਿਵਾ ਕੇ ਆਪਣੀ ਅਕੀਕਤ ਪੇਸ਼ ਕੀਤੀ ਤੇ ਕੁਝ ਖੱਟ ਕੇ ਲੈ ਗਈ।

# ਲਾਲਾ ਧਨੀ ਰਾਮ ਚਾਤ੍ਰਿਕ ਨੂੰ ਯਾਦ ਕਰਦਿਆਂ

—ਭੁਪਿੰਦਰ ਉਸਤਾਦ

" ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ।
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ।
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।"

ਇਹ ਬੋਲ ਹਨ ਪੰਜਾਬੀ ਦੇ ਅਲਬੇਲੇ ਸ਼੍ਰੋਮਣੀ ਸ਼ਾਇਰ ਲਾਲਾ ਧਨੀ ਰਾਮ ਚਾਤ੍ਰਿਕ ਜੀ ਦੇ। ਬੇਸ਼ੱਕ ਉਹ ਬਹੁਤਾ ਸਕੂਲੀ ਗਿਆਨ ਹਾਸਲ ਨਹੀਂ ਸਨ ਕਰ ਸਕੇ, ਪਰ ਉਨ੍ਹਾਂ ਦੀ ਸ਼ਾਇਰੀ ਉਸ ਵੇਲੇ ਦੇ ਮੋਹਰਲੀ ਕਤਾਰ ਦੇ ਸ਼ਾਇਰਾਂ ਨਾਲ ਕਦਮ ਮਿਲਾਕੇ ਚਲਦੀ ਰਹੀ। ਅੱਜ ਵੀ ਉਨ੍ਹਾਂਦੀ ਕਵਿਤਾ, ਪੜ੍ਹਣ ਵਾਲਿਆਂ ਨੂੰ ਉੱਨਾ ਹੀ ਅਨੰਦਤ ਕਰਦੀ ਹੈ। ਇਹੋ ਵਧੀਆ ਰਚਨਾ ਦਾ ਸੁਨਹਿਰੀ ਗੁਣ ਹੈ।

ਲਾਲਾ ਧਨੀ ਰਾਮ ਜੀ ਦਾ ਜਨਮ ਚਾਰ ਅਕਤੂਬਰ 1876 ਨੂੰ ਮਾਤਾ ਲੱਕਛਮੀ ਦੇਵੀ ਦੇ ਉਦਰ ਤੋਂ, ਪਿਤਾ ਪੋਹੂਮੱਲ ਦੇ ਘਰ ਰਾਵੀ ਦੇ ਮੁੱਢ ਵਸੇ ਪਿੰਡ ਪੱਸੀਆਂਵਾਲਾ ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। ਪੱਸੀਆਂਵਾਲਾ ਤਾਂ ਉਦੋਂ ਕਿੱਸਾਕਾਰ ਮੀਆਂ ਇਮਾਮ ਬਖਸ਼ ਦੀ ਕਲਾ ਕਰਕੇ ਵੀ ਮਸ਼ਹੂਰ ਹੋ ਚੁੱਕਾ ਸੀ। ਜਦੋਂ ਚਾਤ੍ਰਿਕ ਪੈਦਾ ਹੋਏ ਤਾਂ ਉਨ੍ਹਾਂ ਦੀ ਮਾਤਾ ਦੀ ਸਿਹਤ ਬਹੁਤ ਕੰਮਜ਼ੋਰ ਹੋਣ ਕਰਕੇ ਦੁੱਧ ਨਹੀਂ ਸੀ ਬਣ ਰਿਹਾ। ਇਸਕਰਕੇ ਚਾਤ੍ਰਿਕ ਦੀ ਮਾਸੀ ਨੇ ਕਈ ਮਹੀਨੇ ਆਪਣਾ ਦੁੱਧ ਚਾਤ੍ਰਿਕ ਨੂੰ ਦਿੱਤਾ। ਚਾਤ੍ਰਿਕ ਜਦੋ ਤਿੰਨ ਚਾਰ ਸਾਲ ਦੇ ਸਨ, ਉਨ੍ਹਾਂ ਦੇ ਚਾਚਾ ਜੀ, ਉਨ੍ਹਾਂ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ, ਮੇਲਿਆਂ, ਭਜਨ ਮੰਡਲੀਆਂ, ਰਾਸਾਂ ਅਤੇ ਛਿੰਝਾਂ ਦੇਖਣ ਲਈ ਨਾਲ ਲੈ ਜਾਂਦੇ। ਸੁਣੇ ਹੋਏ ਭਜਨ, ਗੀਤ, ਛੰਦ, ਟੱਪੇ, ਚਾਤ੍ਰਿਕ ਦੇ ਬਾਲਮਨ ਉੱਤੇ ਉਕਰ ਹੁੰਦੇ ਰਹੇ। ਚਾਤ੍ਰਿਕ ਉਨ੍ਹਾਂ ਨੂੰ ਗੁਣਗੁਣਾਉਂਦੇ ਹੋਏ ਆਪ ਵੀ ਕਵਿਤਾ ਲਿਖਣ ਵੱਲ ਨੂੰ ਹੋ ਤੁਰੇ। ਚਾਤ੍ਰਿਕ ਜੀ ਦੇ ਦੋ ਭਰਾ ਅਤੇ ਤਿੰਨ ਭੈਣਾਂ ਸਨ। ਜਿਨ੍ਹਾਂ ਵਿਚੋਂ ਦੋ ਭੈਣਾ ਤੇ ਇਕ ਭਰਾ ਉਨ੍ਹਾਂ ਤੋ ਪਹਿਲਾਂ ਗੁਜਰ ਗਏ।

ਚਾਤ੍ਰਿਕ ਜੀ ਦਾ ਪਰਿਵਾਰ ਆਰਥਕ ਪੱਖੋਂ ਉਦੋਂ ਕਮਜ਼ੋਰ ਹੋਣ ਕਰਕੇ, ਲੰਡੇ, ਤੇ ਗੁਰਮੁਖੀ ਦਾ ਮੁਢਲਾ ਗਿਆਨ ਚਾਤ੍ਰਿਕ ਜੀ ਨੇ ਪਿਤਾ ਕੋਲੋਂ ਹੀ ਲਿਆ। ਚਾਤ੍ਰਿਕ ਜੀ ਨੇ ਹੋਸ਼ ਸੰਭਾਲੀ ਹੀ ਸੀ ਕਿ ਪਰਿਵਾਰ ਨੇ ਪੱਸੀਆਂਵਾਲਾ ਤੋਂ "ਲੋਪੋਕੇ" ਪਿੰਡ ਵਿਚ ਆ ਵਸੇਰਾ ਕਰ ਲਿਆ। ਏਥੇ ਹੀ ਛੇਵੇਂ ਸਾਲ ਵਿਚ ਉਨ੍ਹਾਂ ਨੂੰ ਸਕੂਲੇ ਪੜ੍ਹਣ ਲਈ ਦਾਖਲ ਕਰਾਇਆ ਗਿਆ। ਦੋ ਜਮਾਤਾਂ ਏਥੇ ਪਾਸ ਕੀਤੀਆਂ ਤੇ ਅਗਲੀਆਂ ਤਿੰਨ ਜਮਾਤਾਂ ਉਨ੍ਹਾਂ ਨੇ " ਬੱਦੋ-ਮੱਲੀ" ਪਿੰਡ ਦੇ ਪ੍ਰਾਇ ਪ੍ਰੇਮਰੀ ਸਕੂਲ ਵਿਚ ਜਾਕੇ ਪਾਸ ਕੀਤੀਆਂ। ਉਹ ਪੰਜਵੀ ਜਮਾਤ ਤੱਕ ਹੀ ਪੜ੍ਹ ਸਕੇ। ਏਥੇ ਉਨ੍ਹਾਂ ਉਰਦੂ ਪੜ੍ਹਨਾ ਲਿਖਣਾ ਸਿੱਖਿਆ। ਕਈ ਧਾਰਮਿਕ ਗ੍ਰੰਥਾਂ ਦੀ ਪੜ੍ਹਾਈ ਉਨ੍ਹਾਂ ਨੇ ਘਰ ਵਿਚ ਹੀ ਪਿਤਾ ਦੀ ਅਗਵਾਈ ਵਿਚ ਕੀਤੀ।

ਚਾਤ੍ਰਿਕ ਜੀ ਦਾ ਪਹਿਲਾ ਵਿਆਹ ਉਦੋਂ ਦੇ ਰਿਵਾਜ਼ ਅਨੁਸਾਰ ਛੋਟੀ ਉਮਰ ਵਿਚ ਹੀ ਸਕੂਲ ਪੜ੍ਹਦਿਆਂ ਹੋ ਗਿਆ ਸੀ। ਇਸ ਸ਼ਾਦੀ ਵਿਚੋਂ ਕੋਈ ਬੱਚਾ ਨਹੀਂ ਹੋਇਆ। " ਬੱਦੋ-ਮੱਲੀ" ਤੋਂ ਉਹ ਅੰਮ੍ਰਿਤਸਰ ਆ ਗਏ। ਏਥੇ ਉਨ੍ਹਾਂ ਇਸਲਾਮੀਆ ਸਕੂਲ ਵਿਚ ਦਾਖਲ ਹੋਕੇ ਅੰਗਰੇਜ਼ੀ ਦੇ ਨਾਲ ਪਰ,ਸ਼ਿਅਨ ਲਿਖਣੀ ਪੜ੍ਹਣੀ ਸਿੱਖੀ, ਤੇ ਨਾਲ ਹੀ ਵਸੀਕਾ ਨਵੀਸੀ ਦਾ ਕੰਮ ਵੀ ਸਿੱਖਿਆ। ਵਾਪਸ ਪਿੰਡ ਜਾਕੇ ਪਿਤਾ ਨਾਲ ਦੁਕਾਨ ਉੱਤੇ ਵੀ ਕੰਮ ਕਰਦੇ ਰਹੇ। ਪਰ ਹਾਲਾਤ ਕਾਬੂ ਵਿਚ ਨਾ ਆਉਂਦੇ ਦੇਖ ਕੇ ਫਿਰ ਅੰਮ੍ਰਿਤਸਰ ਆ ਗਏ, ਨੌਕਰੀ ਕਰਨ ਲਈ।

ਨੌਕਰੀ ਦੀ ਭਾਲ ਵਿਚ ਪਿੰਡੋਂ ਅੰਮ੍ਰਿਤਸਰ ਆਏ ਚਾਤ੍ਰਿਕ ਜੀ ਦਾ ਮੇਲ ਭਾਈ ਵੀਰ ਸਿੰਘ ਨਾਲ ਹਇਆ। ਭਾਈ ਵੀਰ ਸਿੰਘ ਹੁਰਾਂ ਨੇ ਚਾਤ੍ਰਿਕ ਜੀ ਨੂੰ " ਕਾਤਿਬ" ਦੇ ਕੰਮ ਲਈ ਪ੍ਰੇਰਿਆ ਅਤੇ ਆਪਣੀ, ਭਾਈ ਵਜ਼ੀਰ ਸਿੰਘ ਹੁਰਾਂ ਨਾਲ ਸਾਂਝੀ ਪ੍ਰਿੰਟਿਗ ਪ੍ਰੈਸ ਵਿਚ ਕੰਮ ਉੱਤੇ ਰੱਖ ਲਿਆ। ਕਾਤਿਬ ਦਾ ਕੰਮ ਹੁੰਦਾ ਸੀ ਕਿਸੇ ਦੀ ਬਿਆਨ ਕੀਤੀ ਗੱਲਬਾਤ ਜਾਂ ਵਾਰਤਾ ਨੂੰ ਸੋਹਣੇ ਸ਼ਬਦਾਂ ਵਿਚ ਲਿਖਣਾ। ਚਾਤ੍ਰਿਕ ਜੀ ਦੀ ਲਿਖਾਈ ਬਹੁਤ ਸੋਹਣੀ ਖੁਸ਼ਕੱਤ ਹੁੰਦੀ ਸੀ। ਇਸ ਕਰਕੇ ਉਨ੍ਹਾਂ ਦਾ ਕੰਮ ਚੱਲ ਨਿਕਲਿਆ। ਇਸੇ ਪ੍ਰੈਸ ਵਿਚ ਹੀ ਭਾਈ ਵੀਰ ਸਿੰਘ ਜੀ ਦੀਆਂ ਕਿਤਾਬਾਂ ਛਪਦੀਆਂ ਸਨ। ਉਦੋਂ ਚਾਤ੍ਰਿਕ ਜੀ ਦੀ ਉਮਰ ਸਤਾਰਾਂ ਕੁ ਸਾਲ ਦੀ ਸੀ।

" ਕਾਤਿਬ " ਬਣਕੇ ਚਾਤ੍ਰਿਕ ਨੇ ਕਈ ਕਿਤਾਬਾਂ ਹੱਥੀਂ ਲਿਖੀਆਂ। ਇਸੇ ਪ੍ਰੈਸ ਵਿਚ ਕੰਮ ਕਰਦਿਆਂ ਹੀ ਚਾਤ੍ਰਿਕ ਜੀ ਨੇ ਆਪਣਾ ਪਹਿਲਾ ਨਾਵਲ, " ਰਸੀਆ ਸੇਠ" ਲਿਖਿਆ। ਏਥੇ ਕੰਮ ਕਰਦਿਆਂ ਬਹੁਤ ਸਾਰੀਆਂ ਸਾਹਿਤਕ ਕਿਤਾਬਾਂ ਪੜ੍ਹਣ ਨੂੰ ਮਿਲ ਜਾਂਦੀਆਂ ਸਨ। ਜਿਸ ਨਾਲ ਚਾਤ੍ਰਿਕ ਦੀ ਸਾਹਿਤਕ ਭੁੱਖ ਪੂਰੀ ਹੋ ਜਾਂਦੀ ਸੀ, ਅਤੇ ਕੁਝ ਲਿਖਣ ਲਈ ਮਸਾਲਾ ਵੀ ਮਿਲ


NamdhariElibrary NamdhariElibrary@gmail.com

ਜਾਂਦਾ ਸੀ। ਜਦੋਂ ਉਹ ਖਾਲਸਾ ਸਮਾਚਾਰ ਵਿਚ ਛਪਦੇ ਸਨ ਤਾਂ ਉਹ ਆਪਣੇ ਨਾਮ ਦੀ ਥਾਂ ਤੇ " ਹਰ ਧਨੀ" ਦੀ ਮੋਹਰ ਲਾਉਂਦੇ ਸਨ। ਬਾਅਦ ਵਿਚ ਉਨ੍ਹਾਂ ਆਪਣਾ ਨਾਮ " ਚਾਤ੍ਰਿਕ " ਰੱਖ ਲਿਆ।

ਮਨ ਵਿਚ ਨਵੇਂ ਖ਼ਿਆਲ ਲੈਕੇ ਉਹ ਕੁਝ ਚਿਰ ਲਈ ਬੰਬਈ ਚਲੇ ਗਏ। ਉੱਥੇ ਉਨ੍ਹਾਂ ਨੇ ਪੰਜਾਬੀ ਦਾ ਪਹਿਲਾ ਟਾਈਪਰਾਈਟਰ ਆਪਣੇ ਹੱਥੀਂ ਤਿਆਰ ਕੀਤਾ। ਦੋ ਢਾਈ ਸਾਲ ਪਿੱਛੋਂ ਉਹ ਬੰਬਈ ਤੋਂ ਕੁਝ ਕਾਰੀਗਰ ਨਾਲ ਲੈਕੇ ਵਾਪਸ ਅੰਮ੍ਰਿਤਸਰ ਆ ਗਏ। ਏਥੇ ਉਨ੍ਹਾਂ ਨੇ ਸਟੈਂਡਰਡ ਟਾਈਪ ਫਾਉਂਡਰੀ ਲਾਕੇ ਗੁਰਮੁਖੀ ਦੇ ਟਾਈਪ ਨੂੰ ਹੋਰ ਵੀ ਸੁਧਾਰਿਆ, ਤਾਂਕਿ ਪੰਜਾਬੀ ਭਾਸ਼ਾ ਵਿਚ ਕਿਤਾਬਾਂ ਦੀ ਛਪਾਈ ਸੌਖੀ ਤੇ ਵਧੀਆ ਹੋ ਸਕੇ। ਸਟੈਂਡਰਡ ਟਾਈਪ ਫਾਉਂਡਰੀ ਲੱਗਣ ਨਾਲ ਉਨ੍ਹਾਂ ਦਾ ਰੁਜ਼ਗਾਰ ਵੀ ਚੱਲ ਪਿਆ। ਜਿਸ ਨਾਲ ਘਰ ਦਾ ਗੁਜ਼ਾਰਾ ਸੌਖਾ ਤੁਰਨ ਲੱਗਾ।

ਚਾਤ੍ਰਿਕ ਜੀ ਦੀ ਪਹਿਲੀ ਬੀਵੀ ਗੁਜਰਨ ਬਾਅਦ ਦੂਜੀ ਸ਼ਾਦੀ ਤੋਂ ਅਗਸਤ 1909 ਵਿਚ ਚਾਤ੍ਰਿਕ ਜੀ ਦੇ ਘਰ ਪਹਿਲੀ ਬੇਟੀ ਨੇ ਜਨਮ ਲਿਆ। ਉਸ ਦਿਨ ਬਸੰਤ ਪੰਚਮੀ ਦਾ ਦਿਨ ਸੀ। ਇਸ ਕਰਕੇ ਉਸਦਾ ਨਾਮ ਵਿੱਦਿਆ ਵੰਤੀ ਰੱਖਿਆ ਗਿਆ। ਉਸਤੋਂ ਪਿੱਛੋਂ ਚਾਰ ਪੁੱਤਰ ਹੋਏ। ਪੰਜਾਬੀ ਬੋਲੀ ਅਤੇ ਕਵਿਤਾ ਨੂੰ ਅੱਗੇ ਤੋਰਨ ਲਈ ਉਨ੍ਹਾਂ ਨੇ 1926 ਵਿਚ ਹਿੰਦੂ, ਸਿੱਖ, ਮੁਸਲਮਾਨ, ਤੇ ਇਸਾਈਆਂ ਦਾ ਇਕ ਸਾਂਝਾ ਧੜਾ ਬਣਾਕੇ ਪੰਜਾਬੀ ਸਭਾ ਕਾਇਮ ਕੀਤੀ ਅਤੇ, ਕਵੀ ਦਰਬਾਰਾਂ ਦਾ ਸਿਲਸਲਾ ਸ਼ੁਰੂ ਕੀਤਾ। ਜਿਸਦੇ ਪ੍ਰਧਾਨ ਚਾਤ੍ਰਿਕ ਜੀ ਨੂੰ ਬਣਾਇਆ ਗਿਆ। ਇਨ੍ਹਾਂ ਦੀ ਹਿੰਮਤ ਨਾਲ ਹੀ ਅਕਤੂਬਰ 1927 ਵਿਚ ਪਹਿਲੀ ਪੰਜਾਬੀ ਕਾਨਫ੍ਰੰਸ ਅੰਮ੍ਰਿਤਸਰ ਵਿਚ ਹੋ ਸਕੀ। ਉਨ੍ਹਾਂ ਕਵੀ ਦਰਬਾਰਾਂ ਨਾਲ ਪੰਜਾਬੀ ਕਵਿਤਾ ਨੂੰ ਬਹੁਤ ਸਹਾਰਾ ਮਿਲਿਆ। ਵਿਧਾਤਾ ਸਿੰਘ ਤੀਰ, ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਹੀਰਾ ਸਿੰਘ ਦਰਦ, ਪ੍ਰੋ.ਆਈ.ਸੀ. ਨੰਦਾ, ਐਸ.ਐਸ.ਚਰਨ ਸਿੰਘ ਸ਼ਹੀਦ ਅਤੇ ਇਨ੍ਹਾਂ ਵਰਗੇ ਹੋਰ ਪੰਜਾਬੀ ਦੇ ਬਹੁਤ ਵਧੀਆ, ਸਿਰੜੀ ਤੇ ਨਾਮਵਰ ਲੇਖਕ ਪੰਜਾਬੀ ਬੋਲੀ ਅਤੇ ਪਾਠਕਾਂ ਨੂੰ ਮਿਲੇ।

ਚਾਤ੍ਰਿਕ ਪੇਂਡੂ ਆਵੋ -ਹਵਾ ਵਿਚ ਜੰਮਿਆ, ਪਲਿਆ, ਪੜ੍ਹਿਆ ਸੀ, ਅਤੇ ਪੇਂਡੂ ਮੇਲਿਆਂ, ਛਿੰਝਾਂ ਵਿਚ ਹੀ ਉਹ ਬਚਪਨ ਤੋਂ ਗੀਤ ਸੰਗੀਤ ਸੁਣਦਾ ਰਿਹਾ ਸੀ। ਇਸ ਕਰਕੇ ਉਸ ਵਿਚ ਪੰਜਾਬੀ ਸੱਭਿਆਚਾਰ ਦਾ ਅਸਰ ਨੱਕੋਨੱਕ ਭਰਿਆ ਹੋਇਆ ਸੀ। ਉਸਦੀਆਂ ਰੁਚੀਆਂ ਧਾਰਮਿਕ ਅਤੇ ਮਨੁੱਖੀ ਮੁਹੱਬਤਾਂ ਦੀ ਸਾਂਝੀਵਾਲਤਾ ਨਾਲ ਭਰਪੂਰ ਸਨ। ਉਸਨੇ ਆਪਣੀਆਂ ਰਚਨਾਵਾਂ ਵਿਚ ਕਿਰਸਾਨੀ ਜੀਵਨ, ਰੁੱਤਾਂ, ਤਿਉਹਾਰਾਂ, ਗੀਤਾਂ, ਰਸਮਾਂ, ਅਤੇ ਮਨੁੱਖਤਾ ਦੀ ਉਸਾਰੀ ਲਈ ਸਿੱਖਿਆ ਦੇ ਪਸਾਰ ਨੂੰ ਹੁਲਾਰਾ ਦਿੱਤਾ। ਦੇਸ਼ ਪਿਆਰ ਅਤੇ ਮਨੁੱਖੀ ਭਾਈਚਾਰੇ ਦੀ ਆਪਸੀ ਏਕਤਾ ਲਈ ਉਸਨੇ ਖ਼ਾਸ ਕਰਕੇ ਲਿਖਿਆ।

ਚਾਤ੍ਰਿਕ ਦੀ " ਚੰਦਨਵਾੜੀ " ਕਾਵਿ ਪੁਸਤਕ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ, ਪਹਿਲਾ ਇਨਾਮ ਦਿੱਤਾ ਗਿਆ। ਉਸਦੀ ਕਵਿਤਾ ਵਿਚ ਪੰਜਾਬੀ ਜੀਵਨ ਦਾ ਪ੍ਰਗਟਾਵਾ, ਕੁਦਰਤ ਦਾ ਵਰਨਣ, ਦੇਸ਼ ਪਿਆਰ ਦਾ ਜਜ਼ਬਾ ਅਤੇ ਸਦਾਚਾਰ ਖੁੱਲਕੇ ਦਿਸਦਾ ਹੈ। ਇਸੇ ਕਰਕੇ ਚਾਤ੍ਰਿਕ ਨੂੰ ਪੰਜਾਬ ਦਾ ਕੌਮੀ ਕਵੀ ਕਹਿਕੇ ਸਤਿਕਾਰਿਆ ਗਿਆ। ਵਾਹਿਗੁਰੂ ਦੀ ਕਿਰਪਾ ਨਾਲ ਉਨ੍ਹਾਂ ਦਾ ਕਾਰੋਬਾਰ ਬਹੁਤ ਹੀ ਵਧੀਆ ਚੱਲਣ ਲੱਗ ਪਿਆ ਸੀ। ਪੰਜਾਬੀ ਨੂੰ ਪ੍ਰਫੁੱਲਤ ਕਰਨ ਵਾਸਤੇ ਉਹ ਹਰ ਵੇਲੇ ਤਨੋ ਮਨੋ ਤਾਂ ਹਾਜ਼ਰ ਰਹਿੰਦੇ ਹੀ ਸਨ, ਧਨ ਖਰਚਣ ਲਈ ਵੀ ਉਨ੍ਹਾਂ ਕਦੇ ਹੱਥ ਨਹੀ ਸੀ ਘੁੱਟਿਆ। ਬਲਵੰਤ ਗਾਰਗੀ ਦੇ ਕਾਸ਼ਨੀ ਵਿਹੜੇ ਦੀ ਤਰ੍ਹਾਂ ਹੀ ਚਾਤ੍ਰਿਕ ਜੀ ਦਾ ਘਰ ਅਤੇ ਦਫ਼ਤਰ ਪੰਜਾਬੀ ਪਿਆਰਿਆਂ ਨੂੰ ਜੀ ਆਇਆਂ ਕਹਿਣ ਲਈ ਹਰ ਸਮੇਂ ਦਿਲ ਦੇ ਦਰਵਾਜ਼ੇ ਖੋਲ੍ਹਕੇ ਰੱਖਦੇ।

ਚਾਤ੍ਰਿਕ ਜੀ ਨੇ ਇਕ ਅਸੂਲ ਨੂੰ ਸਾਰੀ ਉਮਰ ਪੱਕੀ ਤਰ੍ਹਾਂ ਨਿਭਾਇਆ। ਉਹ ਸੀ ਦੁਪੈਹਰ ਨੂੰ ਡੇਢ ਵਜੇ ਤੋਂ ਤਿੰਨ ਵਜੇ ਤੱਕ ਉਨ੍ਹਾਂ ਦਾ ਸੌਣਾ। ਇਹ ਡੇਢ ਘੰਟਾ ਉਨ੍ਹਾਂ ਨੂੰ ਕੋਈ ਨਹੀਂ ਸੀ ਮਿਲ ਸਕਦਾ। ਉਡੀਕ ਕਰਨੀ ਪੈਂਦੀ ਸੀ। ਚਾਹੇ ਉਹ ਕਿੱਡਾ ਵੱਡਾ ਅਫ਼ਸਰ ਹੋਵੇ ਜਾਂ ਵਿਉਪਾਰੀ। ਇਹ ਉਨ੍ਹਾਂ ਦਾ ਨੇਮ ਸੀ। ਜਦੋਂ ਉਹ ਲੇਖਕ ਮਿੱਤਰਾਂ ਨਾਲ ਬੈਠੇ ਹੁੰਦੇ, ਉਦੋਂ ਹਾਸੇ ਅਤੇ ਮਖੌਲ ਦੇ ਗੁਬਾਰੇ ਛੱਡਦੇ। ਇਸਤਰ੍ਹਾਂ ਲੱਗਦਾ ਜਿਵੇਂ ਕੋਈ ਸਾਹਿਤਕ ਹਾਸਰਸ ਸੰਮੇਲਨ ਚੱਲ ਰਿਹਾ ਹੋਵੇ। ਇਸ ਸੰਮੇਲਨ ਦੀ ਸਭ ਤੋਂ ਵੱਡੀ ਖੂਬੀ ਇਹ ਹੁੰਦੀ ਕਿ ਇਹ ਹਾਸਾ ਨਿਰੋਲ ਸਾਹਿਤਕ ਅਤੇ ਸਭਿਅਤਾ ਦੀਆਂ ਕਦਰਾਂ ਕੀਮਤਾਂ ਵਾਲਾ ਹੁੰਦਾ। ਇਸ ਵਿਚ ਕਿਸੇ ਦੀ ਨਿੰਦਾ ਚੁਗਲੀ, ਜਾਂ ਲੱਚਰ ਕਿਸਮ ਦੀ ਕਾਮ ਭੜਕਾਊ ਛੋਹ ਵਾਲੀ ਕਦੇ ਵੀ ਕੋਈ ਗੱਲ ਨਹੀਂ ਸੀ ਹੁੰਦੀ।

ਚਾਤ੍ਰਿਕ ਜੀ ਜੋ ਕੁਝ ਪ੍ਰਚਾਰਦੇ ਰਹੇ, ਹਿੰਦੂ ਮੁਸਲਿਮ ਏਕਤਾ, ਮਿਹਨਤ, ਹਮਦਰਦੀ, ਮਾਨਵਤਾ, ਧੀਰਜ ਆਦਿ, ਉਸਦਾ ਅਭਿਆਸ ਆਪ ਵੀ ਨਾਲ ਨਾਲ ਕਰਦੇ ਰਹੇ ਸਨ। ਉਹ ਪਿਤਾ ਅਤੇ ਪਹਿਲੀ ਪਤਨੀ ਦੀ ਮੌਤ ਪਿੱਛੋਂ ਪੰਜਾਬ ਵਿਚ ਹੋਈ ਉਥਲ ਪੁਥਲ, ਜਿਵੇਂ ਜਲ੍ਹਿਆਂ ਵਾਲਾ ਕਾਂਡ, ਗੁਰਦੁਆਰੇ ਦੀਆਂ ਚਾਬੀਆਂ ਲਈ ਮਹੰਤਾਂ ਅਤੇ ਸਿੱਖਾਂ ਵਿਚ ਵੱਢ ਟੁੱਕ ( ਗੁਰੂ ਕੇ ਬਾਗ ਦਾ ਮੋਰਚਾ) ਫਿਰ ਹਿੰਦੂ ਮੁਸਲਿਮ ਫ਼ਸਾਦ, ਇਨ੍ਹਾਂ ਗੱਲਾਂ ਨੇ, ਉਨ੍ਹਾਂ ਦੇ ਦਿਲ ਦਿਮਾਗ 'ਤੇ ਬੁਰਾ ਅਸਰ ਕੀਤਾ।


Namdhari Elibrary NamdhariElibrary@gmail.com

ਬਹੁਤ ਸਾਰੀਆਂ ਸਾਹਿਤਕ ਅਤੇ ਧਾਰਮਿਕ ਸੰਸਥਾਵਾਂ ਨੂੰ ਉਹ ਬਿਨਾ ਮੰਗਿਓ ' ਚੰਦਾ ਭੇਜਦੇ ਰਹਿੰਦੇ ਸਨ। ਕਿਉਂਕਿ ਉਹ ਧਾਰਮਿਕ ਵਿਰਤੀ ਵਾਲੇ ਇਨਸਾਨ ਸਨ। ਭਾਈ ਵੀਰ ਸਿੰਘ ਜੀ ਨੇ ਇਕ ਥਾਂ ਚਾਤ੍ਰਿਕ ਜੀ ਬਾਰੇ ਲਿਖਿਆ ਹੈ ਕਿ " ਉਹ (ਧਨੀਰਾਮ) ਕੁਦਰਤ ਵਿਚੋਂ ਕਦਰ ਨੂੰ ਦੇਖਦੇ ਸਨ, ਇਸ ਕਰਕੇ ਹੀ ਮੌਤ ਉਨ੍ਹਾਂ ਨੂੰ ਇਕ ਪੱਕੀ ਤੇ ਸੁਖਦਾਈ ਨੀਂਦਰ ਜਾਪਦੀ ਸੀ, ਤੇ ਉਹ ਆਖਦੇ ਸਨ:-

" ਜਿਸ ਘੜੀ ਬੁਲਾਵਾ ਆਵੇਗਾ,
ਹੱਥ ਜੋੜ ਹੁਕਮ ਭੁਗਤਾਵਾਂਗੇ,
ਆਉਂਦੀ ਵਾਰੀ ਕੁਝ ਰੋਏ ਸਾਂ,
ਪਰ ਹੱਸਦੇ ਹੱਸਦੇ ਜਾਵਾਂਗੇ।"

ਚਾਤ੍ਰਿਕ ਜੀ ਦੀਆਂ ਪ੍ਰਸਿੱਧ ਪੁਸਤਕਾਂ ਜੋ ਛਪੀਆਂ:- 'ਦੋ ਉੱਤਮ ਜੀਵਨ' (1903), 'ਫੁੱਲਾਂ ਦੀ ਟੋਕਰੀ' (1904), 'ਭਰਥਰੀਹਰੀ' (1905), 'ਇਸਤਰੀ ਦੁੱਖਦਸ਼ੀ' (1906), 'ਧਰਮਵੀਰ' (1912), 'ਚੰਦਨਵਾੜੀ' (1931), 'ਕੇਸਰ ਕਿਆਰੀ' (1940), 'ਨਵਾਂ ਜਹਾਨ' (1942), ' ਨੂਰਜਹਾਂ ਬਾਦਸ਼ਾਹ ਬੇਗ਼ਮ' (1944), 'ਸੂਫ਼ੀਆਨ' (1950), ਵਿਚ ਪ੍ਰਕਾਸ਼ਤ ਹੋਈਆਂ।

ਚਾਤ੍ਰਿਕ ਦਾ ਜੀਵਨ ਬਹੁਤ ਸਾਦਾ ਅਤੇ ਤੜਕ ਭੜਕ ਤੋਂ ਦੂਰ ਸੀ। ਉਹ ਸੁਹਿਰਦ ਅਤੇ ਕੋਮਲ ਦਿਲ ਵਾਲੇ ਇਨਸਾਨ ਸਨ। ਬੇਸ਼ੱਕ ਉਹ ਸਰੀਰਕ ਤੌਰ ਤੇ ਅੱਜ ਸਾਡੇ ਵਿਚ ਨਹੀਂ ਹਨ, ਪਰ ਉਨ੍ਹਾਂ ਦੀਆਂ ਸਦਾਬਹਾਰ ਅਮਰ ਰਚਨਾਵਾਂ ਅੱਜ ਵੀ ਪੰਜਾਬੀਆਂ ਦੇ ਦਿਲਾਂ ਵਿਚ ਉਸੇ ਮੁੱਹਬਤ ਨਾਲ ਵਸੀਆਂ ਹੋਈਆਂ ਹਨ, ਅਤੇ ਵਸੀਆਂ ਰਹਿਣਗੀਆਂ। ਏਹ ਅਲਬੇਲਾ ਸ਼ਾਇਰ 1947 ਦੇ ਫ਼ਸਾਦਾਂ ਕਾਰਣ ਦਿਲੋਂ ਹੋਰ ਵੀ ਦੁਖੀ ਹੋ ਗਿਆ। ਏਹੋ ਦੁੱਖ ਉਸਨੂੰ ਸਾਡੇ ਤੋਂ ਸਦਾ ਲਈ ਵਿਛੋੜ ਗਿਆ। ਉਹ 18 ਦਸੰਬਰ 1954 ਦਾ ਦਿਨ ਪੰਜਾਬੀ ਸਾਹਿਤ ਦੇ ਪ੍ਰੇਮੀਆਂ ਲਈ ਬਹੁਤ ਹੀ ਦੁੱਖ ਭਰਿਆ ਸੀ, ਜਿਸ ਦਿਨ ਚਾਤ੍ਰਿਕ ਸਾਡੇ ਤੋਂ ਸਰੀਰਕ ਤੌਰ ਤੇ ਸਦਾ ਲਈ ਵਿਛੜ ਗਏ। ਉਨ੍ਹਾਂ ਦੀਆਂ ਰਚਨਾਵਾਂ, ਉਨ੍ਹਾਂ ਦੀ ਯਾਦ ਸਾਡੇ ਚੇਤਿਆਂ ਵਿਚ ਸਦਾ ਬਣਾਈ ਰੱਖਣਗੀਆਂ।

ਲੇਖਕ ਦੀਆਂ ਰਚਨਾਵਾਂ ਤਾਂ ਬਹੁਤ ਪੇਪਰਾਂ ਕਿਤਾਬਾਂ ਵਿਚ ਛਪੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ, ਪਰ ਲੇਖਕ ਨੇ ਕਿਨ੍ਹਾਂ ਹਾਲਤਾਂ ਵਿਚ ਰਹਿਕੇ ਸਾਹਿਤ ਰਚਨਾ ਕੀਤੀ, ਇਸਦੀ ਜਾਣਕਾਰੀ ਬਹੁਤ ਘੱਟ ਪਾਠਕਾਂ ਨੂੰ ਹੁੰਦੀ ਹੈ। ਇਸ ਕਰਕੇ ਮੈ ਏਥੇ ਲੇਖਕ ਦੀ ਰਚਨਾ ਬਾਰੇ ਗੱਲ ਨਹੀਂ ਕੀਤੀ। ਉਸਦੀ ਜ਼ਿੰਦਗੀ ਕਿਨ੍ਹਾਂ ਮੁਸ਼ਕਲਾਂ ਵਿਚੋਂ ਲੰਘੀ, ਮੈਂ ਇਹ ਗੱਲ ਤੁਹਾਡੇ ਅੱਗੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਉਮੀਦ ਹੈ ਤੁਹਾਨੂੰ ਪਸੰਦ ਆਏਗੀ। ਆਮੀਨ .............।

ਜਾਂਦੇ ਜਾਂਦੇ ਉਨ੍ਹਾਂ ਦੀ ਕਵਿਤਾ ਦੀਆਂ ਕੁਝ ਵੰਨਗੀਆਂ ਦਾ ਆਨੰਦ ਮਾਣਦੇ ਜਾਓ:

ਪੰਜਾਬ ! ਕਰਾਂ ਕੀ ਸਿਫ਼ਤ ਤੇਰੀ,
ਸ਼ਾਨਾ ਦੇ ਸਭ ਸਾਮਾਨ ਤੇਰੇ। ਜਲ-ਪੌਣ ਤਿਰਾ, ਹਰਿਔਲ ਤਿਰੀ,
ਦਰਯਾ ਪਰਬਤ ਮੈਦਾਨ ਤਿਰੇ।
ਭਾਰਤ ਦੇ ਸਿਰ ਤੇ ਛਤ੍ਰ ਤਿਰਾ,
ਤੇਰੇ ਸਿਰ ਛਤ੍ਰ ਹਿਮਾਲਾ ਦਾ,
ਮੋਢੇ ਤੇ ਚਾਦਰ ਬਰਫ਼ਾਂ ਦੀ,
ਸੀਨੇ ਵਿਚ ਇਕ ਸੇਕ ਜੁਆਲਾ ਦਾ।

ਕਿਸ ਦਿਲ ਵਿਚ ਤੂੰ ਆਬਾਦ ਨਹੀਂ ?
ਕਿਸ ਰਣ ਵਿਚ ਨਹੀਂ ਨਿਸ਼ਾਨ ਤਿਰਾ ?
ਕਿਸ ਮੂੰਹ ਵਿਚ ਤੇਰਾ ਅੰਨ ਨਹੀਂ ?
ਕਿਸ ਸਿਰ ਤੇ ਨਹੀਂ ਅਹਿਸਾਨ ਤਿਰਾ ?
ਤੇਰੀ ਤਹਿਜ਼ੀਬ ਕਦੀਮੀ ਹੈ,
ਇਕਬਾਲ ਤੇਰਾ ਲਾਸਾਨੀ ਹੈ।
' ਤਕਸ਼ਿਲਾ' ਤਿਰੇ ਇਤਿਹਾਸਾਂ ਦੀ
ਇਕ ਧੁੰਦਲੀ ਜਿਹੀ ਨਿਸ਼ਾਨੀ ਹੈ।
ਬਾਬਾ ਨਾਨਕ, ਬਾਬਾ ਫ਼ਰੀਦ,
ਆਪਣੀ ਛਾਤੀ ਤੇ ਪਾਲੇ ਤੂੰ,
ਦੁਨੀਆਂ ਨੂੰ ਚਾਨਣ ਦੇਣ ਲਈ,
ਕਈ ਰੋਸ਼ਨ ਦੀਵੇ ਬਾਲੇ ਤੂੰ।

(ਅੱਜ ਕੱਲ੍ਹ ਦੇ ਲੋਕ)

ਦਿਲੋਂ ਖ਼ੌਫ਼ ਖ਼ੁਦਾ ਦਾ ਦੂਰ ਹੋਇਆ,
ਵੱਜ ਗੱਜਕੇ ਪਾਪ ਕਮਾਣ ਲੋਕੀਂ।
ਬੰਦੇ ਹਿਰਸ ਦੇ ਬਣੇ ਜਹਾਨ ਅੰਦਰ,
ਵੇਚ ਖਾਂਵਦੇ ਧਰਮ ਇਮਾਨ ਲੋਕੀਂ।
ਲੈਕੇ ਚਾਰ ਆਨੇ ਪਾਸ ਹਾਕਮਾਂ ਦੇ
ਜਾ ਕੇ, ਝੂਠੀਆਂ ਸਹੁੰਆਂ ਚੁਕਾਣ ਲੋਕੀਂ।
ਗੰਗਾਜਲੀ, ਕੁਰਾਨ ਤੇ ਹੱਥ ਧਰਕੇ,
ਦੁੱਧ ਪੁੱਤ ਦੀ ਸੋਗੰਧ ਉਠਾਣ ਲੋਕੀਂ।

ਈ.ਜੀ. 919 ਗੋਬਿੰਦਗੜ੍ਹ
ਜਲੰਧਰ ਸ਼ਹਿਰ 144001
ਜੇਬ:- 9876208542


NamdhariElibrary NamdhariElibrary@gmail

*ਮਿੱਠ-ਬੋਲੜੀ ਤੇ ਸੇਵਾ ਦੀ ਪੁੰਜ*

# ਸੁਦਾਰਨੀ ਬਖਸ਼ੀਸ਼ ਕੌਰ



ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸੁਦਾਰਨੀ ਬਖਸ਼ੀਸ਼ ਕੌਰ 15 ਜਨਵਰੀ 2016 ਸ਼ੁਕਰਵਾਰ ਰਾਤ ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਮਾਸਿਕ ਵਰਿਆਮ ਦੇ ਬਾਨੀ ਤੇ ਸੰਪਾਦਕ ਸ੍. ਜਗਦੀਸ਼ ਸਿੰਘ ਵਰਿਆਮ ਦੀ ਧਰਮ-ਪਤਨੀ ਸਨ। ਮੈਂ ਉਨਾਂ ਨੂੰ ਅਤੇ ਪੂਰੇ ਪਰਿਵਾਰ ਨੂੰ ਪਿਛਲੇ 23 ਸਾਲ ਤੋਂ ਚੰਗੀ ਤਰ੍ਹਾਂ ਜਾਣਦਾ ਹਾਂ; ਕਿਉਂਕਿ ਮਾਸਿਕ ਵਰਿਆਮ ਮੈਗਜ਼ੀਨ, ਜੋ ਜਲੰਧਰ ਤੋਂ ਛਪਦਾ ਹੈ, ਉਸਦੇ ਦਫਤਰ ਵਿਚ ਕੰਮ ਕਰਦਾ ਹਾਂ।

ਸਵੇਰੇ ਦਫਤਰ ਦੀ ਚਾਬੀ ਘਰੋਂ ਲੈਣ ਜਾਣਾ ਤੇ ਸ਼ਾਮ ਨੂੰ ਦਫਤਰ ਬੰਦ ਕਰਕੇ ਘਰ ਚਾਬੀ ਦੇਣ ਜਾਣਾ, ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਜਿਉਂ ਹੀ ਘੰਟੀ ਦਾ ਬਟਨ ਦਬਾਉਣਾ, ਸੁਦਾਰਨੀ ਜੀ ਨੇ ਅੰਦਰੋਂ ਆਵਾਜ਼ ਦੇਣੀ-"ਠਹਿਰੋ ਬਲਦੇਵ ਜੀ ਮੈਂ ਹੁਣੇ ਚਾਬੀ ਲਿਆਈਆਂ!" ਹੱਸਦਿਆਂ ਹੱਸਦਿਆਂ ਉਨ੍ਹਾਂ ਮੇਰੇ ਵਲੋਂ ਬੁਲਾਈ ਸਤਿ ਸ੍ਰੀ ਅਕਾਲ ਦਾ ਜਵਾਬ ਦੇਣਾ। ਹੌਲੀ ਹੌਲੀ ਉਹ ਮੈਨੂੰ ਘਰ ਦੇ ਜੀਆਂ ਵਾਂਗ ਸਮਝਣ ਲੱਗ ਪਏ ਤੇ ਉਨ੍ਹਾਂ ਮੈਨੂੰ ਕਹਿਣਾ-"ਤੁਸੀਂ ਘੰਟੀ ਨਾ ਵਜਾਇਆ ਕਰੋ, ਸਿਧੇ ਅੰਦਰ ਆ ਜਾਇਆ ਕਰੋ ਤੇ ਵਰਿਆਮ ਜੀ ਤੋਂ ਜੋ ਦਫਤਰ ਦਾ ਕੰਮ ਸਮਝਣਾ ਹੁੰਦਾ ਹੈ, ਉਹ ਸਮਝ ਲਿਆ ਕਰੋ। ਫੇਰ ਤਾਂ ਘਰ ਦੇ ਮੈਂਬਰ ਵਾਲੀ ਗੱਲ ਹੋ ਗਈ। ਜਿਸ ਵੇਲੇ ਇਹ ਗੱਲ ਹੋ ਗਈ, ਜ਼ਰੂਰੀ ਹੈ ਕਿ ਘਰ ਮਾਹੌਲ ਦਾ ਵੀ ਪਤਾ ਲੱਗ ਗਿਆ। ਵਰਿਆਮ ਜੀ ਦਾ ਸੁਭਾਓ ਵੀ ਬਹੁਤ ਚੰਗਾ ਹੈ। ਉਨ੍ਹਾਂ ਨੂੰ ਮੇਰੇ ਉਪਰ ਯਕੀਨ ਹੈ, ਤੇ ਸਾਰਾ ਦਫਤਰ ਮੇਰੇ ਹਵਾਲੇ ਛੱਡ ਕੇ, ਕਿਤੇ ਦੀ ਕਿਤੇ ਜਾ ਆਉਂਦੇ ਹਨ। ਇਥੋਂ ਤਕ ਕਿ ਵਿਦੇਸ਼ਾਂ ਦੇ ਦੌਰੇ ਤੇ ਦੋ-ਚਾਰ ਮਹੀਨੇ ਲਈ ਵੀ ਜਾ ਆਉਂਦੇ ਰਹੇ ਹਨ।

ਗੱਲ ਸੁਦਾਰਨੀ ਬਖਸ਼ੀਸ਼ ਕੌਰ ਦੀ ਕਰੀਏ, ਉਨ੍ਹਾਂ ਦੀ ਬੋਲ ਚਾਲ ਬਹੁਤ ਮਿੱਠ ਬੋਲੜੀ ਸੀ। ਘਰ ਵਿਚ ਆਏ ਮਹਿਮਾਨਾਂ ਦੀ ਰੋਟੀ-ਪਾਣੀ ਦੀ ਸੇਵਾ ਕਰਨ ਤੋਂ ਬਿਲਕੁਲ ਸੰਕੋਚ ਨਹੀਂ ਸੀ ਕਰਦੇ। ਘਰ ਵਿਚ ਸੱਸ ਸੌਹਰੇ ਦੀ ਸੇਵਾ ਉਹ ਪੂਰੇ ਲਗਨ ਨਾਲ ਕਰਦੇ ਸਨ। ਜਿਸ ਵੇਲੇ ਭਾਪਾ ਜੀ ਸਵਰਗਵਾ ਸੀ ਜੱਥੇਦਾਰ ਸੰਤ ਨੱਥਾ ਸਿੰਘ ਜੀ ਬਿਮਾਰ ਹੋਕੇ ਮੰਜੇ ਤੇ ਪੈ ਗਏ ਸਨ ਤਾਂ ਇਨਾਂ ਨੇ ਭਾਪਾ ਜੀ ਦੀ ਖੂਬ ਸੇਵਾ ਕੀਤੀ, ਤੇ ਜਿਸ ਵੇਲੇ ਮਾਤਾ ਜੀ ਵਡੇਰੀ ਉਮਰ ਕਰਕੇ ਬਿਮਾਰ ਰਹਿਣ ਲੱਗ ਪਏ ਤਾਂ ਇਨ੍ਹਾਂ ਨੇ ਮਾਤਾ ਜੀ ਦੀ ਸੇਵਾ ਵਿਚ ਕੋਈ ਕਮੀ ਨਹੀਂ ਰਹਿਣ ਦਿੱਤੀ।

ਧਰਮ- ਪਤਨੀ ਹੋਣ ਦੇ ਨਾਤੇ ਜੋ ਸੇਵਾ ਇਨ੍ਹਾਂ ਜਗਦੀਸ਼ ਸਿੰਘ ਵਰਿਆਮ ਦੀ ਕੀਤੀ, ਉਨੀ ਸੇਵਾ ਕੋਈ ਔਰਤ ਨਹੀਂ ਕਰ ਸਕਦੀ। ਵੇਲੇ-ਕਵੇਲੇ ਜਦੋ ਵੀ ਵਰਿਆਮ ਹੋਰੀ ਆਉਣਾ ਤੇ ਨਾਲ 5-7 ਜਣੇ ਹੋਰ ਹੋਣ ਤਾ ਬਖਸ਼ੀਸ਼ ਕੌਰ ਨੇ ਖਿੜੇ ਮੱਥੇ ਪ੍ਰਵਾਨ ਕਰਨਾ ਤੇ ਫਟਾਫਟ ਪ੍ਰਸ਼ਾਦਾ ਤਿਆਰ ਕਰਕੇ ਸਭ ਨੂੰ ਛਕਾ ਦੇਣਾ। ਇਹ ਉਸਦੀ ਖਾਸੀਅਤ ਸੀ। ਤਿੰਨ-ਕੁ ਸਾਲ ਪਹਿਲਾਂ ਜਗਦੀਸ਼ ਵਰਿਆਮ ਨੂੰ ਅਧਰੰਗ ਦਾ ਮਾਮੂਲੀ ਜਿਹਾ ਅਟੈਕ ਹੋਇਆ ਤਾਂ ਇਨ੍ਹਾਂ ਨੇ ਫਟਾ ਫਟ ਰਿਕਸ਼ਾ ਵਿਚ ਵਰਿਆਮ ਜੀ ਨੂੰ ਬਿਠਾ ਕੇ ਡਾਕਟਰ ਕੋਲ ਲੈ ਗਏ। ਤੇ ਉਨ੍ਹਾਂ ਨੂੰ


Namdhari Elibrary NamdhariElibrary@gmail.com

ਦਵਾਈ ਦੂਆ ਕੇ ਉਸ ਮਾਰੂ ਬਿਮਾਰੀ ਕੋਲੋਂ ਬਚਾ ਲਿਆ। ਇਹ ਬਖਸ਼ੀਸ਼ ਕੌਰ ਦੀ ਹੀ ਫੁਰਤੀ ਸੀ ਆਪਣੀ ਸਿਹਤ ਭਾਵੇਂ ਕਿੰਨੀ ਵੀ ਢਿੱਲੀ ਹੁੰਦੀ ਵਰਿਆਮ ਜੀ ਦਾ ਹਰ ਵੇਲੇ ਖਿਆਲ ਰਖਦੇ। ਦੁਵਾਈ ਟਾਈਮ ਨਾਲ, ਖਾਣਾ, ਟਾਈਮ ਨਾਲ ਦੇਣਾ, ਇਸ ਗੱਲ ਦਾ ਖਾਸ ਖਿਆਲ ਰੱਖਦੇ। ਵਰਿਆਮ ਜੀ ਦਾ ਫਿਕਰ ਕਰਦੇ ਕਰਦੇ ਕਈ ਵਾਰ ਆਪ ਬਿਮਾਰ ਹੋ ਜਾਂਦੇ, ਪਰ ਫੇਰ ਵੀ ਵਰਿਆਮ ਜੀ ਨੂੰ ਦਵਾਈ ਦੇਣਾ ਨਾ ਭੁੱਲਦੇ ਤੇ ਉਠ ਕੇ ਦਵਾਈ ਦਿੰਦੇ। ਏਸੇ ਫਿਕਰ ਵਿਚ ਹੁਣ ਉਹ ਤਿੰਨ ਸਾਲ ਤੋਂ ਜ਼ਿਆਦਾ ਬਿਮਾਰ ਰਹਿਣ ਲੱਗ ਪਏ। ਇਲਾਜ ਦੇ ਪੱਖੋਂ ਕੋਈ ਕਮੀ ਨਹੀਂ ਸੀ, ਪਰ ਜੋ ਰੱਬ ਵਲੋਂ ਲਿਖਿਆ ਹੈ, ਉਹ ਹੋਕੇ ਹੀ ਰਹਿੰਦਾ ਹੈ।

ਜਗਦੀਸ਼ ਸਿੰਘ ਵਰਿਆਮ ਵੀ ਬਿਮਾਰ ਤੇ ਬਖਸ਼ੀਸ਼ ਕੌਰ ਵੀ ਬਿਮਾਰ, ਉਹ ਇਕ ਦੂਸਰੇ ਦਾ ਹਾਲ ਮੰਜੇ ਤੇ ਪਿਆ ਹੀ ਨਾਲ ਹੀ ਪੁੱਛਦੇ। ਵਰਿਆਮ ਜੀ ਦੀ ਕਮਜ਼ੋਰ ਹੋ ਗਈ। ਹਾਲਤ ਨੂੰ ਦੇਖ ਕੇ ਬਖਸ਼ੀਸ਼ ਕੌਰ ਆਪ ਵੀ ਢਹਿੰਦੀ ਕਲਾ ਵੱਲ ਜਾਣ ਲਗ ਪਈ। ਘਰ ਵਿਚ ਭਾਵੇਂ ਸੇਵਾਦਾਰ ਰਖੇ ਹੋਏ ਸਨ, ਪਰ ਵਰਿਆਮ ਜੀ ਦਾ ਪੂਰਾ ਖਿਆਲ ਰੱਖਦੀ। ਇਨ੍ਹਾਂ ਦੀ ਛੋਟੀ ਲੜਕੀ ਲੁਧਿਆਣੇ ਤੋਂ ਆਪਣੇ ਮਾਤਾ ਪਿਤਾ ਦਾ ਖਿਆਲ ਰੱਖਦੀ ਤੇ ਆਖਰ ਪਿਛਲੇ ਸਾਲ ਉਹ ਬਖਸ਼ੀਸ਼ ਕੌਰ ਨੂੰ ਆਪਣੇ ਕੋਲ ਪੱਕੇ ਤੌਰ ਤੇ ਹੀ ਲੈ ਗਈ। ਉਹ ਡਾਕਟਰ ਹੈ, ਉਸਨੇ ਉਥੇ ਆਪਣੇ ਕੋਲ ਹੀ ਇਲਾਜ ਸ਼ੁਰੂ ਕਰ ਦਿੱਤਾ।

ਉਧਰ ਜਲੰਧਰ ਜਗਦੀਸ਼ ਵਰਿਆਮ ਹੋਰੀਂ ਵੀ ਕੁਝ ਜ਼ਿਆਦਾ ਹੀ ਢਿੱਲੇ ਰਹਿਣ ਲੱਗ ਪਏ। ਹੁਣ ਰਜਵੰਤ ਲੁਧਿਆਣੇ ਵੀ ਦੇਖਦੀ ਅਤੇ ਜਲੰਧਰ ਵੀ। ਅਤੇ ਦੂਸਰੀਆਂ ਭੈਣਾਂ ਇੰਗਲੈਂਡ ਫਿਕਰਮੰਦ ਸਨ। ਸੋ ਫੈਸਲੇ ਅਨੁਸਾਰ ਉਹਨਾਂ ਨੂੰ ਲੁਧਿਆਣੇ ਲੈ ਜਾਇਆ ਗਿਆ।

ਇਧਰ ਜਲੰਧਰ ਜਗਦੀਸ਼ ਸਿੰਘ ਵਰਿਆਮ ਦੀ ਸਿਹਤ ਵਿਚ ਦਿਨੋ ਦਿਨ ਹੋਰ ਨਿਘਾਰ ਆਣ ਲੱਗ ਪਿਆ। ਉਧਰ ਬਖਸ਼ੀਸ਼ ਕੌਰ ਦੀ ਹਾਲਤ ਹੋਰ ਕਮਜ਼ੋਰ ਰਹਿਣ ਲਗ ਪਈ। ਪਹਿਲੋਂ ਭਾਅ ਜੀ ਪਿਛਲੇ ਸਿਆਲ ਵਿਚ ਖੂੰਡੀ ਫੜ ਕੇ ਦਫਤਰ ਆਉਂਦੇ ਸਨ, ਫਿਰ ਰਿਕਸ਼ੇ ਤੇ ਆਉਣ ਲੱਗ ਪਏ। ਫਿਰ ਰਿਕਸ਼ੇ ਤੋਂ ਉਤਰਨਾ ਚੜ੍ਹਨਾ ਮੁਸ਼ਕਿਲ ਹੋ ਗਿਆ ਤੇ ਫੜ ਕੇ ਹੀ ਉਤਾਰਨਾ ਚੜ੍ਹਾਉਣਾ। ਫੇਰ ਰਿਕਸ਼ੇ ਤੇ ਵੀ ਚੜ੍ਹਨਾ ਔਖਾ ਹੋ ਗਿਆ ਤਾਂ ਨਰੈਣ ਸਿੰਘ ਹੋਰੀਂ ਸਕੂਟਰ ਤੇ ਦਫ਼ਤਰ ਲਿਆਉਣਾ ਲਿਜਾਣਾ। ਆਖਰ ਘਰ ਹੀ ਟਿਕਾਣਾ ਕਰ ਲਿਆ। ਤੇ ਪਰਚੇ ਦਾ ਸਾਰਾ ਕੰਮ ਘਰ ਬੈਠੇ ਹੀ ਕਰਨਾ।

ਇਸ ਵਾਰ ਅੱਸੂ ਦੇ ਮੇਲੇ ਤੇ ਜਦੋਂ ਵਰਿਆਮ ਜੀ ਸਟਾਲ ਲਾਉਣ ਸ੍ਰੀ ਭੈਣੀ ਸਾਹਿਬ ਗਏ ਤਾਂ ਸਤਿਗੁਰੂ ਜੀ ਕਹਿਣ ਲੱਗੇ– " ਵਰਿਆਮ ਜੀ ਤੁਸੀਂ ਇਥੇ ਸਾਡੇ ਕੋਲ ਹੀ ਆ ਜਾਓ।" ਅੱਛਾ ਸੱਚੇ ਪਾਤਸ਼ਾਹ, ਜਿਵੇਂ ਆਪ ਜੀ ਦੀ ਰਜ਼ਾ ਹੋ।" ਇਹ ਕਹਿ ਕੇ ਵਰਿਆਮ ਜੀ ਨੇ ਸਤਿਗੁਰੂ ਜੀ ਨੂੰ ਸਿਰ ਨਿਵਾਇਆ। ਕੁਝ ਦਿਨਾਂ ਬਾਅਦ ਵਰਿਆਮ ਜੀ ਆਪਣੀ ਧਰਮ ਪਤਨੀ ਦੀ ਖਬਰ ਲੁਧਿਆਣੇ ਤੋਂ ਲੈਂਦੇ ਹੋਏ ਸਤਿਗੁਰਾਂ ਦੇ ਦਰਸ਼ਨ ਕਰਨ ਭੈਣੀ ਸਾਹਿਬ ਚਲੇ ਗਏ। ਸਤਿਗੁਰਾਂ ਨੇ ਜਗਦੀਸ਼ ਸਿੰਘ ਨੂੰ ਭੈਣੀ ਸਾਹਿਬ ਬਿਰਸ ਆਸ਼ਰਮ ਵਿਚ ਹੀ ਰੱਖ ਲਿਆ ਤੇ ਦੋ ਸੇਵਾਦਾਰ ਉਨ੍ਹਾਂ ਦੀ ਸੇਵਾ ਲਈ ਮੁਹਈਆ ਕੀਤੇ।

ਦੋਨੋਂ ਜੀ ਹੋਲੀ ਹੋਲੀ ਹੋਰ ਵੀ ਢਿੱਲੀ ਹਾਲਤ ਵਿਚ ਹੋ ਗਏ। ਆਖਰ ਵਰਿਆਮ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਦਾਖਲ ਕਰਵਾਇਆ ਗਿਆ।

ਨਰੈਣ ਸਿੰਘ ਤੇ ਬਾਕੀ ਪਰਿਵਾਰ ਹੁਣ ਹਸਪਤਾਲ ਭਾਅ ਜੀ ਨੂੰ ਦੇਖਣ ਤੇ ਡਾਕਟਰ ਤੋਂ ਚੰਗੀ ਖਬਰ ਸੁਣਨ ਲਈ ਆਣ ਲੱਗਾ। ਲੁਧਿਆਣੇ ਵਾਲੀ ਡਾਕਟਰ ਬੇਟੀ ਹੁਣ ਘਰ ਬੀਬੀ ਜੀ ਨੂੰ ਤਰਤੀਬ ਕਰਦੀ ਅਤੇ ਹਸਪਤਾਲ ਡਾਕਟਰਾਂ ਤੋਂ ਆਪਣੇ ਪਿਤਾ ਦੀ ਸਿਹਤ ਲਈ। ਤੇ ਉਧਰੋਂ ਅੱਸੂ ਦਾ ਮੇਲਾ ਵੀ ਆਗਿਆ। ਪਰ ਜਗਦੀਸ਼ ਸਿੰਘ ਦੀ ਹਾਲਤ ਉਸੇ ਤਰ੍ਹਾਂ ਬਣੀ ਹੋਈ ਹੈ। ਇੰਗਲੈਂਡ ਤੋਂ ਵੀ ਪਰਿਵਾਰ ਲੁਧਿਆਣੇ ਆਇਆ।

ਦੇਖਦਿਆਂ ਦੇਖਦਿਆਂ ਇਕ ਹੋਰ ਭਾਣਾ ਵਰਤ ਗਿਆ। 15 ਜਨਵਰੀ ਦੀ ਰਾਤ ਨੂੰ ਬਖਸ਼ੀਸ਼ ਕੌਰ ਦੀ ਹਾਲਤ ਏਨੀ ਖਰਾਬ ਹੋ ਗਈ ਕਿ ਅਚਾਨਕ ਸਵਾਸ ਪੂਰੇ ਕਰ ਗਈ। 16 ਜਨਵਰੀ 2016 ਨੂੰ ਦੁਪਹਿਰੇ ਇਕ ਵਜੇ ਬਖਸ਼ੀਸ਼ ਕੌਰ ਦੀ ਦੇਹ ਸ੍ਰੀ ਭੈਣੀ ਸਾਹਿਬ ਲਿਆਈ ਗਈ। ਤੇ ਸ਼ਮਸ਼ਾਨ ਘਾਟ ਵਿਚ ਜਗਤ ਮਾਤਾ ਚੰਦ ਕੌਰ ਜੀ ਦੀ ਮੌਜੂਦਗੀ ਵਿਚ ਉਹਨਾਂ ਦਾ ਅੰਤਮ ਸਸਕਾਰ ਕਰ ਦਿਤਾ ਗਿਆ।

ਓਧਰ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿਚ ਜਗਦੀਸ਼ ਸਿੰਘ ਵਰਿਆਮ ਦੀ ਹਾਲਤ ਜਿਉਂ ਦੀ ਤਿਉਂ ਬਣੀ ਹੋਈ ਹੈ। ਸਾਰਾ ਹੀ ਪਰਿਵਾਰ ਇਸ ਵੇਲੇ ਚਿੰਤਾਤੁਰ ਹੈ। ਇਸ ਦੁੱਖ ਦੀ ਘੜੀ ਵਿਚ ਮੈਂ ਵੀ ਉਨ੍ਹਾਂ ਦੇ ਨਾਲ ਸ਼ਾਮਲ ਹਾਂ।

—ਬਲਦੇਵ ਮਾਧੋਪੁਰੀ

# ਜੀਵਨ ਸੰਗਰਾਮ...

ਪ੍ਰਸਿੱਧ ਖੱਬੇ ਪੱਖੀ ਚਿੰਤਕ ਪ੍ਰੋ. ਰਣਧੀਰ ਸਿੰਘ, 1914-15 ਵਾਲੀ ਗਦਰ ਲਹਿਰ ਵਿਚ ਭਾਗ ਲੈਣ ਵਾਲਿਆਂ ਨੂੰ ਦਿਓ ਕੱਦ ਬੰਦੇ ਲਿਖਦਾ ਹੈ। ਇਹ ਸੱਜਣ ਆਪਣੀਆਂ ਕੀਤੀਆਂ ਵੱਡੀਆਂ ਕਮਾਈਆਂ ਨੂੰ ਠੋਹਕਰ ਮਾਰ ਕੇ, ਮੁਲਕ ਦੀ ਬੰਦ ਖਲਾਸੀ ਵਾਸਤੇ, ਅਮਰੀਕਾ ਕੈਨੇਡਾ ਤੇ ਹੋਰ ਪਰਦੇਸੀ ਧਰਤੀਆਂ ਤੇ, ਸਿਰ ਤਲੀ ਤੇ ਧਰ ਕੇ ਦੇਸ਼ ਪਰਤੇ ਸਨ। ਇਹਨਾਂ ਨੇ ਕੁਰਬਾਨੀਆਂ ਦਾ ਇਕ ਨਵਾਂ ਇਤਿਹਾਸ ਸਿਰਜਿਆ ਸੀ। ਇਹ ਮਨੁੱਖੀ ਗੌਰਵ ਦਾ ਮਾਨਵ ਮੁਕਤੀ ਦਾ ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਜਿਹੇ ਉਦਾਤ ਜੀਵਨ ਮੁੱਲਾਂ ਦਾ, ਪਰਤੀਕ ਬਣ ਕੇ ਵਿਚਰੇ। ਦੇਸ਼ ਵਾਪਸੀ ਤੋਂ ਮਗਰੋਂ, ਜਿਹੜੇ ਫਾਂਸੀ ਦੇ ਫੰਧਿਆਂ ਤੇ ਕਿਸੇ ਕਾਨੂੰਨੀ ਅੜਚਣ ਕਾਰਨ ਲਟਕਣੋਂ ਰਹਿ ਗਏ, ਉਹਨਾਂ ਨੇ ਕਾਲੇ ਪਾਣੀ ਦੇ ਕੁੰਭੀ ਨਰਕ ਭੋਗਣ ਬਾਅਦ, ਹਿੰਦ ਦੀਆਂ ਵੱਖ-ਵੱਖ ਜਿਹਲਾਂ ਵਿਚ ਜਿਸ ਸੂਰਬੀਰਤਾ ਨਾਲ ਕੈਦਾਂ ਕੱਟੀਆਂ, ਉਸ ਨਾਲ ਗੋਰਾਸ਼ਾਹੀ ਦੀ ਅਫਸਰਸ਼ਾਹੀ ਦੀ ਹੈਂਕੜ ਨੂੰ ਧੂੜ ਚੱਟਣ ਤੇ ਮਜਬੂਰ ਕੀਤਾ। ਵਰ੍ਹਿਆਂ ਬੱਧੀ ਕਾਲ ਕੋਠੜੀਆਂ ਦਾ ਨਿਵਾਸ ਜਾਂ ਲੋਹ ਪਿੰਜਰਿਆਂ ਵਿਚ ਵਾਸਾ, ਉਹਨਾਂ ਦੀ ਆਜ਼ਾਦ ਰੂਹਾਂ ਨੂੰ ਨਿਵਾ ਨਾ ਸਕਿਆ। ਬੈਂਤਾਂ ਦੀ ਦਿਲ ਕੰਬਾਊ ਮਾਰ ਜਾਂ ਮਹੀਨਿਆ ਬੱਧੀ ਭੁੱਖ ਹੜਤਾਲਾਂ ਦੀ ਆਪੇ ਸਹੇੜੀ ਯਾਤਨਾ, ਉਹਨਾਂ ਦੇ ਸਿਦਕ ਨੂੰ ਡੁਲਾ ਨਾ ਸੱਕੀ। ਮਨੁੱਖੀ ਮੁਕਤੀ ਦੇ ਇਹਨਾਂ ਸੂਰਮਿਆਂ ਵਿੱਚੋਂ ਹੀ ਇਕ ਇਤਿਹਾਸ-ਪੁਰਖ, ਬਾਬਾ ਸੋਹਣ ਸਿੰਘ ਭਕਨਾ ਹੋਏ ਹਨ।

ਬਾਬਾ ਸੋਹਣ ਸਿੰਘ ਭਕਨਾ ਅਮਰੀਕਾ ਵਿਚ 1913 ਵਿਚ ਬਣਨ ਵਾਲੀ ਗਦਰ ਪਾਰਟੀ ਦੇ ਬਾਨੀ ਪਰਧਾਨ ਸਨ। ਬਾਬਾ ਜੀ ਦੀ ਆਤਮ ਕਥਾ ਜੀਵਨ ਸੰਗਰਾਮ, ਪੰਜਾਬੀ ਪਾਠਕਾਂ ਵਿਚ, ਪਿਛਲੀ ਅੱਧੀ ਸਦੀ ਤੋਂ ਬੜੀ ਦਿਲਚਸਪੀ ਅਤੇ ਅਦਬ ਨਾਲ ਪੜ੍ਹੀ ਜਾਣ ਵਾਲੀ ਕਿਤਾਬ ਹੈ। ਮਿਆਰੀ ਸਾਹਿਤਕ, ਇਤਿਹਾਸਿਕ ਅਤੇ ਅੱਗੇ ਵਧੂ ਰਚਨਾਵਾਂ ਛਾਪਣ ਵਿਚ ਚਰਚਿਤ ਹੋਕੇ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ ਨੇ ਜੀਵਨ ਸੰਗਰਾਮ ਦੀ ਪੰਜਵੀਂ ਛਾਪ, ਨਵੰਬਰ 2013 ਵਿਚ ਛਾਪੀ ਹੈ। ਇਸ ਦੇ ਸੰਪਾਦਕ ਹਨ, ਕੌਮੀ ਮੁਕਤੀ ਸੰਗਰਾਮ ਦੇ ਪਰਮੁੱਖ ਖੋਜੀ ਅਤੇ ਅਧਿਕਾਰਤ ਲੇਖਕ, ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਤੇ ਸਹਿ ਸੰਪਾਦਕ ਉਹਨਾਂ ਦੇ ਸਹਿ ਯਾਤਰੀ, ਸੀਤਾ ਰਾਮ ਬਾਂਸਲ ਹਨ। ਕੁੱਲ 112 ਸਫਿਆਂ ਦੀ ਇਹ ਕਿਤਾਬ, ਸਾਡੀ ਆਜ਼ਾਦੀ ਦੀ ਲੜਾਈ ਅਤੇ ਗਦਰ ਲਹਿਰ ਨੂੰ ਸਮਝਣ/ਜਾਨਣ ਵਾਸਤੇ, ਇਕ ਬੁਨਿਆਦੀ ਕਿਤਾਬ ਬਣ ਚੁੱਕੀ ਹੈ। ਇਸ ਕਿਤਾਬ ਦਾ ਲੇਖਕ ਬਾਬਾ ਭਕਨਾ, 99 ਸਾਲਾਂ ਦੀ ਕੁੱਲ ਉਮਰ ਵਿਚੋਂ 26 ਸਾਲ, ਅੰਗਰੇਜ਼ ਸਰਕਾਰ ਅਤੇ ਆਪਣੀ ਕੌਮੀ ਸਰਕਾਰ ਦੀਆਂ ਜਿਹਲਾਂ ਵਿਚ ਕੱਟਦਾ ਹੈ। ਬਾਬਾ ਜੀ ਨੇ ਆਪਣੀ ਆਪ ਬੀਤੀ ਵਿਚ, ਬਿਨਾਂ ਕਿਸੇ ਲੱਗ ਲਪੇਟ ਤੋਂ, ਸਿੱਧੀ ਸਾਫ਼ ਅਤੇ ਸਪਸ਼ਟ ਗੱਲ ਕੀਤੀ ਹੈ। ਨਾ ਲਿਹਾਜ ਉਹਨਾਂ ਆਪਣੇ ਮੁੱਢਲੇ ਜੀਵਨ ਦਾ ਕੀਤਾ ਹੈ ਅਤੇ ਨਾ ਹੀ ਇੱਕੋ ਵਿਚਾਰਧਾਰਾ ਨੂੰ ਪ੍ਰਣਾਏ ਲੋਕਾਂ ਦਾ ਜੋ ਵੱਖ ਵੱਖ ਪਾਰਟੀਆਂ ਵਿਚ ਵੰਡੇ ਗਏ ਹਨ। ਬਾਬਾ ਜੀ ਦੇ ਜਨਮ ਸਮੇਂ 4 ਜਨਵਰੀ 1870 ਨੂੰ, ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ, ਕੂਕਾ ਲਹਿਰ ਦੇ ਰੂਪ ਵਿਚ, ਆਜ਼ਾਦੀ ਦੀ ਲੜਾਈ ਆਪਣੇ ਪੂਰੇ ਸਿਖਰ ਤੇ ਸੀ ਅਤੇ ਇਸ ਤੋਂ ਦੋ ਕੁ ਸਾਲ ਬਾਅਦ ਇਸ ਲਹਿਰ ਦੇ ਆਗੂ ਸਤਿਗੁਰੂ ਜੀ ਨੂੰ ਦੇਸ਼ ਬਦਰ ਕਰਕੇ, ਦੂਜੇ ਕੂਕਿਆਂ ਤੇ ਕਠੋਰ ਦਮਨ ਕੀਤਾ। ਇਸ ਘੋਰ ਅੱਤਿਆਚਾਰ ਦਾ ਕੂਕੇ ਮਸਤਾਨਿਆਂ ਨੇ ਆਪਣੇ ਢੰਗ ਨਾਲ ਵਿਰੋਧ ਜਾਰੀ ਰੱਖਿਆ ਜਿਹਨਾਂ ਵਿਚੋਂ ਮਾਝੇ ਵਿਚ ਪਰਮੁੱਖ ਸਨ, ਬਾਬਾ ਕੇਸਰ ਸਿੰਘ ਜੀ ਮੁਹਾਵੇ ਵਾਲੇ। ਜਦੋਂ 65 ਏਕੜ ਜ਼ਮੀਨ ਦਾ ਵਾਰਿਸ ਇੱਕਲਾ ਜੱਟ ਪਰਿਵਾਰ ਦਾ ਸੋਹਣ ਸਿੰਘ, ਸ਼ਰਾਬੀ ਕਬਾਬੀ ਜੁੰਡਲੀ ਦੇ ਅੜਿਕੇ ਚੜ੍ਹ ਕੇ ਰਸਾਤਲ ਵੱਲ ਜਾ ਰਿਹਾ ਸੀ ਤਾਂ 26 ਸਾਲਾਂ ਦੀ ਉਮਰ ਵਿਚ ਬਾਬਾ ਕੇਸਰ ਜੀ ਨਾਲ ਮੇਲ ਉਸ ਦੇ ਐਸ਼- ਪ੍ਰਸਤ ਜੀਵਨ ਤੋਂ ਤਿੱਖਾ ਮੋੜ ਕੱਟਣ ਦਾ ਸਬੱਬ ਬਣਿਆ। ਅਮਰੀਕਾ ਜਾਣ ਤਕ ਪੂਰੇ 13 ਸਾਲ ਸੋਹਣ ਸਿੰਘ ਬਾਬਾ ਜੀ, ਅਤੇ ਨਾਮਧਾਰੀ ਸੰਗਤ ਦਾ ਸਾਥ ਮਾਣਦਾ ਰਿਹਾ। ਪ੍ਰੀਤਮ ਸਿੰਘ ਕਵੀ ਨਾਲ, 1965 ਈ: ਦੇ ਸਤਿਗੁਰਾ ਦੇ 'ਗੁਰੂ ਹਰੀ ਸਿੰਘ ਅੰਕ ਵਿਚ ਛਪੀ ਬਾਬਾ ਜੀ ਦੀ ਮੁਲਾਕਾਤ ਵਿਚ, ਉਹਨਾਂ ਦਾ 1906 ਈ: ਵਿਚ ਭੈਣੀ ਸਾਹਿਬ ਜਾਕੇ, ਗੁਰੂ ਹਰੀ ਸਿੰਘ ਜੀ ਦੀ ਖ਼ਬਰ ਸਾਰ, ਬਾਬਾ ਕੇਸਰ ਜੀ ਲਈ ਲੈਕੇ ਆਉਣ ਦਾ ਵੀ ਜ਼ਿਕਰ ਹੈ। ਦੇਸ਼ ਭਗਤੀ ਦੀ ਪਹਿਲੀ ਲਗਨ ਆਪ ਨੂੰ ਨਾਮਧਾਰੀ ਸੰਗਤ ਤੋਂ ਲੱਗੀ ਜਿਹਨਾਂ ਦੇ ਅੰਗਰੇਜ਼ ਸਰਕਾਰ ਦੇ ਬਾਈਕਾਟ ਅਤੇ ਅਸਹਿਯੋਗ ਨੂੰ ਬਾਬਾ ਜੀ ਕਾਂਗਰਸ ਅਤੇ


NamdhariElibrary NamdhariElibrary@gmail.com

ਗਾਂਧੀ ਜੀ ਦੇ ਕੰਮ ਤੋਂ ਵੀ ਉੱਚਾ ਦਰਜਾ ਦਿੰਦੇ ਸਨ। ਦੂਸਰੀ ਲਾਗ 1906-7 ਈ: ਦਾ ਸ੍ਰ. ਅਜੀਤ ਸਿੰਘ ਹੋਰਾਂ ਦੀ 'ਪਗੜੀ ਸੰਭਾਲ ਜੱਟਾ' ਲਹਿਰ ਤੋਂ ਲੱਗੀ ਜਿਸ ਵਿਚ ਆਪ ਹੇਠਲੇ ਪੱਧਰ ਤੇ ਸਰਗਰਮ ਵੀ ਹੋਏ।

ਬੇਸ਼ਕ ਜ਼ਮੀਨ ਕਾਫ਼ੀ ਸੀ ਪਰ ਪਿਓ ਵਿਹੂਣਾ ਲਾਡਲਾ ਪੁੱਤਰ ਹੋਣ ਕਾਰਨ, ਬਚਪਨ ਤੋਂ ਹੱਥੀ ਕੰਮ ਨਾਂ ਕਰਨ ਸਦਕਾ ਅਤੇ ਨਾਮਧਾਰੀ ਸੰਗਤ ਦੇ ਪ੍ਰਭਾਵ ਵਿਚ ਆਪਣੇ ਪਿੰਡ ਭਕਨੇ ਹਰ ਸਾਲ ਛਿਮਾਹੀ ਵੱਡੇ ਵੱਡੇ ਹੋਲੇ ਮੇਲੇ ਕਰਨ ਸਦਕਾ, ਜ਼ਮੀਨ ਤਕਰੀਬਨ ਸਾਰੀ ਗਹਿਣੇ ਪੈਗਈ। ਇਸ ਸੰਕਟ ਵਿਚੋਂ ਨਿਕਲਣ ਲਈ 1909 ਵਿਚ, ਅਮਰੀਕਾ ਆ ਗਏ। ਕੈਲੇਫੋਰਨੀਆ ਦਰਿਆ ਦੇ ਕੰਢੇ ਪੋਰਟ ਲੈਂਡ ਤੋਂ ਤਿੰਨ ਮੀਲ ਦੂਰ ਨਵੀਂ ਬਣੀ ਲੱਕੜ ਦੀ ਮਿਨਾਰਕ ਮਿਲ ਵਿਚ, ਬਾਬਾ ਜੀ ਨੇ ਹੱਡ ਭੰਨਵੀਂ ਮਿਹਨਤ ਕੀਤੀ। ਇੱਥੇ ਦੋ ਢਾਈ ਡਾਲਰ ਦਿਹਾੜੀ ਮਿਲਦੀ ਸੀ। ਅਮਰੀਕਾ ਕੈਨੇਡਾ ਵਿਚ ਥਾਂ ਥਾਂ ਤੇ ਹੁੰਦੀਆਂ ਬੇਇਜ਼ਤੀਆਂ, ਗੋਰੇ ਕਾਮਿਆਂ ਵੱਲੋ ਹੁੰਦਿਆ ਹਮਲਿਆ ਨੇ, ਦੇਸ਼ ਵਿਚੋਂ ਨਵੇਂ ਆਉਣ ਵਾਲਿਆਂ ਨੂੰ ਦਾਖਲਾ ਨਾਂ ਦੇਣ ਦੀ ਨੀਤੀ ਨੇ, ਭਾਰਤੀ ਕਾਮਿਆਂ ਨੂੰ ਇਹ ਅਹਿਸਾਸ ਕਰਾ ਦਿਤਾ ਕਿ ਉਹਨਾਂ ਦੇ ਸਾਰੇ ਦੁੱਖਾਂ ਤਕਲੀਫਾ ਦਾ ਕਾਰਨ, ਉਹਨਾਂ ਦਾ ਗੁਲਾਮ ਦੇਸ਼ ਦੇ ਬਸ਼ਿੰਦ ਹੋਣਾ ਹੈ। ਇਸ ਲਈ ਉਹਨਾਂ ਨੂੰ ਦੇਸ਼ ਦੀ ਆਜ਼ਾਦੀ ਲਈ ਸੰਗ ਰਾਮ ਵਿੱਢਣ ਵਿਚ ਦੇਰ ਨਹੀਂ ਕਰਨੀ ਚਾਹੀਦੀ। ਪਹਿਲਾਂ ਤਾਂ ਸਥਾਨਕ ਪੱਧਰ ਤੇ ਭਾਰਤੀ ਕਾਮੇ ਸੰਗਠਿਤ ਹੋਣੇ ਸ਼ੁਰੂ ਹੋਏ। ਫਿਰ ਸਾਰੀਆਂ ਇਕਾਈਆਂ ਦੀ ਸ਼ਮੂਲੀਅਤ ਵਾਲੀ, ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕਾਸਟ ਬਣਾਈ ਗਈ। ਬਾਬਾ ਜੀ ਪਰਧਾਨ, ਹਰਦਿਆਲ ਜਨਰਲ ਸਕੱਤਰ ਬਣੇ। ਨਵੰਬਰ 1913 ਨੂੰ ਉਰਦੂ ਵਿਚ ਅਤ 9 ਦਸੰਬਰ ਨੂੰ ਉਸ ਸਾਲ ਪੰਜਾਬੀ ਵਿਚ ਗਦਰ ਅਖਬਾਰ ਛਾਪ ਕੇ ਦੇਸ਼ ਵਿਚ ਖਾਸ ਕਰਕੇ ਫੌਜੀ ਛਾਉਣੀਆ ਵਿਚ ਭੇਜਿਆ ਜਾਂਦਾ ਤਾਂ ਜੁ ਸਮਾਂ ਆਉਣ ਤੇ ਭਾਵ ਸੰਸਾਰ ਜੰਗ ਛਿੜਨ ਤੇ, ਸੈਨਿਕਾਂ ਦੀਆਂ ਬੰਦੂਕਾਂ ਦੇ ਮੂੰਹ ਅੰਗਰੇਜ਼ਾਂ ਵੱਲ ਕੀਤੇ ਜਾਣ। ਕਾਮਾਗਾਟਾ ਮਾਰੂ 1914 ਜੁਲਾਈ ਵਿਚ ਕੈਨੇਡਾ ਦੇ ਤਟ ਤੋਂ ਵਾਪਸ ਮੁੜਿਆ ਜਿਸ ਦੇ ਭਾਰਤੀ ਮੁਸਾਫ਼ਿਰਾਂ ਨੂੰ ਉਤਰਨ ਦੀ ਆਗਿਆ ਦੋ ਮਹੀਨੇ ਸਮੁੰਦਰ ਵਿਚ ਭੁੱਖੇ ਤਿਹਾਏ ਰਹਿਣ ਬਾਦ ਨਾ ਮਿਲੀ। ਬਾਬਾ ਜੀ ਨੇ ਗੋਲੀ ਸਿੱਕਾ ਇਸ ਜਹਾਜ਼ ਵਿਚ ਕਰਤਾਰ ਸਿੰਘ ਸਰਾਭੇ ਦੀ ਮੱਦਦ ਨਾਲ ਪੁਚਾ ਦਿਤਾ। ਕਾਮਾਗਾਟਾ ਮਾਰੂ ਸਾਕਾ ਬਾਜ ਬਾਜ ਘਾਟ ਕਲਕੱਤਾ ਵਿਚ ਵਾਪਰਿਆ। ਕਈ ਮੁਸਾਫਰ ਸ਼ਹੀਦ ਹੋਏ। ਹੌਲੇ ਹੌਲੇ ਸਾਰੇ ਪਰਵਾਸੀਆਂ ਦੀ ਛਾਣਬੀਣ ਕਰਕੇ, ਗਰਿਫਤਾਰੀਆਂ ਕੀਤੀਆਂ ਗਈਆਂ। ਬਾਬਾ ਜੀ ਇਕ ਹੋਰ ਜਹਾਜ਼ ਤੋਂ ਉਤਰਦੇ ਗਰਿਫਤਾਰ ਹੋ ਗਏ। ਸਰਾਭਾ ਅਤੇ ਉਹਦੇ ਸਾਥੀ ਵਖ ਵਖ ਥਾਵਾਂ ਗਦਰ ਦੀਆਂ ਅਸਫਲ ਕੋਸ਼ਿਸ਼ਾਂ ਕਰਨ ਬਾਅਦ ਗਰਿਫਤਾਰ ਹੋਏ। ਪਹਿਲੇ ਲਾਹੌਰ ਸਾਜ਼ਿਸ ਕੇਸ ਦਾ ਮੁਕਦਮਾ ਬਾਬਾ ਜੀ , ਸਰਾਭਾ ਅਤੇ ਹੋਰ ਸਾਥੀਆਂ ਤੇ ਚੱਲਿਆ। ਇਸ ਵਿਚ 24 ਗਦਰੀਆਂ ਨੂੰ ਮਿਰਤੂ ਦੰਡ ਮਿਲਿਆ। ਪ੍ਰੰਤੂ ਬਾਅਦ ਵਿਚ ਸਰਾਭਾ ਤੇ ਛੇ ਹੋਰਾਂ ਦੀ ਫਾਂਸੀ ਸਜ਼ਾ ਬਰਕਰਾਰ ਰੱਖ ਕੇ, ਬਾਬਾ ਜੀ ਸਣੇ 17 ਨੂੰ ਉਮਰ ਕੈਦ ਕਰਕੇ ਕਾਲੇ ਪਾਣੀ ਭੇਜ ਦਿਤਾ।

ਬਾਬਾ ਜੀ ਦੀ ਇਸ ਕਿਤਾਬ ਵਿਚ ਮਨੁੱਖੀ ਸਿਰੜ ਦੀਆਂ ਕਈ ਅੱਦੁਤੀ ਮਿਸਾਲਾਂ ਮਿਲਦੀਆਂ ਹਨ। ਉਹਨਾਂ ਦੇ ਇਕ ਗਦਰੀ ਸਾਥੀ ਬਾਬਾ ਈਸ਼ਰ ਸਿੰਘ ਮਰਹਾਣਾ ਨੂੰ ਜਦੋਂ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਆਪ ਨਾਲ ਸੁਣਾਈ ਗਈ, ਉਹਨਾਂ ਦੀ ਉਮਰ 70 ਸਾਲ ਸੀ ਭਾਵ ਉਹ ਬਾਬਾ ਜੀ ਤੋਂ ਵੀ 25 ਵਰ੍ਹੇ ਵੱਡੇ ਸਨ। ਉਹ ਤੀਹ ਸਾਲ ਤੋਂ ਅਫੀਮ ਦੇ ਆਦੀ ਸਨ। ਸਜ਼ਾ ਸੁਣਨ ਤੋਂ ਬਾਅਦ ਅਫੀਮ ਦੀ ਡੱਬੀ ਸੁੱਟ ਦਿਤੀ। ਇਕ ਮਹੀਨਾ ਤੰਗ ਰਹੇ। ਫਿਰ ਸਾਰੀ ਉਮਰ ਅਫੀਮ ਜੀਭ ਤੇ ਨਹੀਂ ਧਰੀ। ਗਦਰ ਲਹਿਰ ਵਿੱਚ ਬਹੁਤ ਸਾਰੇ ਘੋਰ ਸ਼ਰਾਬੀ ਵੀ ਆਏ ਜਿਹਨਾਂ ਮੁੜਕੇ ਦਾਰੂ ਨਹੀਂ ਚੱਖੀ। ਬਾਬਾ ਜੀ ਦੇ ਜਿਹਲ ਜਾਣ ਦੇ ਵੇਰਵੇ ਬੜੇ ਮਾਰਮਿਕ ਹਨ। ਬਾਬਾ ਜੀ ਰਿਹਾ ਹੋਣ ਤੋਂ ਬਾਅਦ ਆਪਣੀ ਜ਼ਮੀਨ ਜੋ ਕੀਮਤਾਂ ਵਧਣ ਕਾਰਨ, ਕੁਝ ਰਹਿਣ ਮੁਕਤ ਹੋ ਗਈ, ਉਸ ਵਿਚ ਕਿਰਤੀ ਕਿਸਾਨ ਆਸ਼ਰਮ ਬਣਾ ਕੇ, ਬੰਦੀ ਦੇਸ਼ ਭਗਤਾਂ ਦੇ ਬੱਚਿਆਂ ਦੀ ਪਾਲਣਾ ਕਰਦੇ ਰਹੇ। ਇਸ ਕਿਤਾਬ ਵਿਚ ਬਾਬਾ ਜੀ ਦੇ ਜੀਵਨ ਦੇ ਹੋਰ ਪੱਖ ਕਿਸਾਨ ਮੋਰਚਿਆਂ, ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ, ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਵਿਚ ਬਾਬਾ ਜੀ ਦਾ ਯੋਗਦਾਨ, ਯੋਲ ਕੈਂਪ ਜਿਹਲ ਵਿਚ ਕਮਿਊਨਿਸਟ ਕੈਦੀਆਂ ਨਾਲ ਰਹਿਣਾ ਆਦਿਕ ਵਰਣਨ ਹਨ। ਬਾਬਾ ਜੀ ਸੰਕੀਰਣ ਨਹੀਂ ਸਨ। ਪਹਿਲੇ ਐਡੀਸ਼ਨ ਦੇ ਪ੍ਰਕਾਸ਼ਤ ਵੱਲੋਂ " ਦੋ ਸ਼ਬਦ" ਵਿਚ ਠੀਕ ਲਿਖਿਆ ਹੈ- ਇਹ ਰਚਨਾ ..." ਸੰਗਰਾਮ ਲਈ ਲਲਕਾਰ ਹੈ, ਕੁਝ ਕਰਨ ਦਾ ਸੰਦੇਸ਼ ਹੈ।"

—ਸਵਰਨ ਸਿੰਘ ਵਿਰਕ
ਫੋਨ- 099963-71716.
ਪਿੰਡ ਤੇ ਡਾਕਖਾਨਾ ਕਰੀਵਾਲਾ
ਸਿਰਸਾ (ਹਰਿਆਣਆ)


...hari Elibrary ... amdhariElibrary@gma...




**PARTAP ENGINEERS**

**AN ISO 9001 COMPANY**

BHAGWAN CHOWK, LUDHIANA - 141 003 (INDIA)

Tel : 91-161-2533276, 2540209 FAX : 91-161-2533273

E-MAIL : gspartap@glide.net.in

Website : www.partapexports.com

BBL
FOODS PVT. LTD.






*India's Larget Second Hand Food Machines Dealer Cum Rebuilder*

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*






# BBL FOODS (P) LTD.

***SANTOSH NAGAR X ROADS, HYDERABAD- 5000059, INDIA***
***Tel : +91 40 24530680, Mobile : 91 98480-50607/ +91 98483 99702***
***e-mail:lakbir.mutchall@gmail.com***
***www.bblfoods.com www.mutchall.com***


NamdhariElibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

# ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ-੧੧੦੦੦੬

**Furshi Durries & Carpets**

in Bright & Fast Colours

**Manufacturers :**

# Namdhari Sales

10240/54 Library Road, Azad Market, Delhi-110005

Phone Office : 011-23516689, 911-23614784

Mobile Phone : S. Charanjit Singh 98105-56398
S. Satvinder Singh 98116-55210

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੂਸਰੀ ਪ੍ਰਕਾਸ਼-ਸ਼ਤਾਬਦੀ ਸਮਾਰੋਹ ਹਾਜਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਹੇਠ ਸ੍ਰੀ ਭੈਣੀ ਸਾਹਿਬ ਵਿਖੇ 12 ਫ਼ਰਵਰੀ 2016 ਨੂੰ ਮਨਾਇਆ ਗਿਆ ਤਸਵੀਰਾਂ ਵਿੱਚ ਸੰਤ ਸਮਾਜ, ਰਾਜਨੇਤਾ, ਗੁਣੀਜਨ ਅਤੇ ਪੱਤਵੰਤੇ ਸੱਜਣ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ।














ਅੰਤਰਰਾਸ਼ਟਰੀ ਖਿਆਤੀ ਪ੍ਰਾਪਤ ਸੰਗੀਤਕਾਰ ਤਰਲੋਕ ਗੁਰਤੂ ਜੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਕੋਲੋਂ [illegible]



Namdhari Elibrary NamdhariElibrary@gmail.com